ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 16 | 24 April 2019 to 30 April 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਖ਼ਾਲਿਸਤਾਨ ਐਲਾਨਨਾਮੇ ਦੇ 33 ਵਰ੍ਹੇ ਬਾਅਦ ਸਿੱਖਾਂ ਦਾ ਵਰਤਮਾਨ

**• ਤਿੰਨ ਦਹਾਕੇ ਪਹਿਲਾਂ ਪੰਥਕ ਕਮੇਟੀ ਨੇ ਕੀਤਾ ਸੀ ਖਾਲਿਸਤਾਨ ਦਾ ਐਲਾਨ • ਪੰਥਕ ਲੀਡਰਸ਼ਿਪ ਦੇ ਖਲਾਅ ਨੂੰ ਪੂਰਨ ਦੀ ਲੋੜ**

**ਅੰਮ੍ਰਿਤਸਰ ਟਾਈਮਜ਼ ਵਿਸ਼ੇਸ਼**

**ਸ੍ਰੀ ਅੰਮ੍ਰਿਤਸਰ ਸਾਹਿਬ :** ਭਾਰਤ ਵਿਚ ਵੱਖਰੇ ਆਜ਼ਾਦ ਸਿੱਖ ਰਾਜ ਦੀ ਮੰਗ ਭਾਵੇਂ ਅੰਗਰੇਜ਼ ਕਾਲ ਦੇ ਸੰਨ 1930 ਵਿਚ ਹੀ ਉਠ ਖੜ੍ਹੀ ਹੋਈ ਸੀ ਤੇ ਬਾਅਦ ਵਿਚ 1945 ਵਿਚ ਵੀ ਅਜਿਹਾ ਸੋਚਿਆ ਗਿਆ ਪਰ ਉਦੋਂ ਇਹ ਮੰਗ ਹੁਣ ਵਾਲੇ ਸੰਪੂਰਨ ਸਿੱਖ ਰਾਜ ਦੇ ਸੰਕਲਪ ਤੋਂ ਥੋੜ੍ਹੇ ਅੱਡਰੇ ਸਰੂਪ ਦੀ ਸੀ। ਭਾਰਤੀ ਹਕੂਮਤ ਵੱਲੋਂ ਜੂਨ 1984 ਦੇ ਸਿੱਖਾਂ ਉਤੇ ਕੀਤੇ ਗਏ ਹਮਲੇ ਅਤੇ ਸਿੱਖ ਕਤਲੇਆਮ ਤੋਂ ਬਾਅਦ ਪੂਰੀ ਤਰ੍ਹਾਂ ਲਕੀਰ ਖਿੱਚੀ ਜਾ ਚੁੱਕੀ ਹੈ। ਅੱਜ ਅਸੀਂ ਗੱਲ ਅਪ੍ਰੈਲ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਕੀਤੇ ਪੰਥਕ ਕਮੇਟੀ ਦੇ ਖਾਲਿਸਤਾਨ ਦੇ ਐਲਾਨ ਦੀ ਕਰ ਰਹੇ ਹਾਂ।

**ਪੰਥਕ ਕਮੇਟੀ ਦਾ ਖਾਲਿਸਤਾਨ ਦਾ ਐਲਾਨ**

ਅੱਜ ਤੋਂ 3 ਦਹਾਕੇ ਪਹਿਲਾਂ ਪੰਥ ਦੀ ਪੰਜ ਮੈਂਬਰੀ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕੀਤਾ ਸੀ। ਉਸ ਐਲਾਨ ਤੋਂ ਬਾਅਦ



ਕੌਮ ਦੇ ਸੂਰਬੀਰ ਯੋਧੇ, ਇਸ ਐਲਾਨਨਾਮੇ ਦੀ ਪੂਰਤੀ ਲਈ ਸੀਸ ਤਲੀ ਉਤੇ ਧਰ ਕੇ ਲਹੂ ਵੀਟਵੀਂ ਜੰਗ ਲੜੇ। ਉਸ ਸੰਘਰਸ਼ 'ਚ ਬੇਸ਼ੁਮਾਰ ਸ਼ਹਾਦਤਾਂ ਹੋਈਆਂ। ਸਿੱਖ ਕੌਮ ਨੇ ਇੱਕ ਵਾਰ ਫ਼ਿਰ ਮੀਰ-ਮੰਨੂ ਦੇ ਸਮੇਂ ਵਾਲਾ ਤਸ਼ੱਦਦ ਝੱਲਿਆ ਪ੍ਰੰਤੂ ਉਹ ਜ਼ੁਲਮ ਅੱਗੇ ਝੁਕੀ ਨਹੀਂ। ਸੰਨ 1989 ਦੀਆਂ ਲੋਕ ਸਭਾ ਚੋਣਾਂ 'ਚ ਸਿੱਖ ਪੰਥ ਨੇ ਵੋਟ ਪਰਚੀ ਰਾਹੀਂ ਇਸ ਐਲਾਨਨਾਮੇ ਦੇ ਹੱਕ 'ਚ ਫ਼ਤਵਾ ਦਿੱਤਾ ਸੀ।

ਦਸਮੇਸ਼ ਪਿਤਾ ਨੇ 'ਖਾਲਸਾ ਸਾਜ ਕੇ' ਬਖਸ਼ੀ ਹੈ ਦੁਨੀਆ ਦੀ 'ਸਿਰਦਾਰੀ'

ਅੱਜ 33 ਵਰ੍ਹਿਆਂ ਮਗਰੋਂ ਇਸ ਸਾਰੇ ਸੰਘਰਸ਼ ਦਾ ਲੇਖਾ-ਜੋਖਾ ਕਰਦਿਆਂ "ਕੌਮ ਨੇ ਗੁਆਇਆ ਵੱਧ, ਖੱਟਿਆ ਘੱਟ'" ਦਾ ਨਤੀਜਾ ਕੱਢਿਆ ਜਾ ਰਿਹਾ ਹੈ। ਇਹ ਐਲਾਨ ਹੋਣਾ ਚਾਹੀਦਾ ਸੀ ਜਾਂ ਨਹੀਂ ? ਇਸ ਬਾਰੇ ਬਹਿਸ ਛਿੜਦੀ ਹੈ ਤਾਂ ਕੌਮ ਦਾ ਸਿਖ਼ਰਾਂ ਤੋਂ ਨੀਵਾਣਾਂ ਵੱਲ ਦੇ ਸਫ਼ਰ ਦਾ ਲੇਖਾ-ਜੋਖਾ ਵੀ ਜ਼ਰੂਰ ਕਰ ਲੈਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਇਨਕਲਾਬੀ ਧਰਮ ਦੀ ਨੀਂਹ ਰੱਖੀ, ਪੰਜਵੇਂ ਪਾਤਸ਼ਾਹ ਨੇ ਕੌਮ ਨੂੰ ਸ਼ਹਾਦਤਾਂ ਦਾ ਸਬਕ ਸਿਖਾਇਆ, ਛੇਵੇਂ ਗੁਰੂ ਨੇ ਮੀਰੀ-ਪੀਰੀ ਦਾ ਸਿਧਾਂਤ ਦਿੱਤਾ ਅਤੇ ਨੌਵੇਂ ਪਾਤਸ਼ਾਹ ਨੇ ਸਿਦਕ ਨਾਲ ਜ਼ੁਲਮ ਜਬਰ ਵਿਰੁੱਧ ਲੜਨ ਦੀ ਦ੍ਰਿੜਤਾ ਬਖ਼ਸ਼ੀ, ਇਸ ਸਿਧਾਂਤਕ ਕੁਠਾਲੀ 'ਚ ਤਪ ਕੇ ਕੁੰਦਨ ਬਣੀ ਕੌਮ ਨੂੰ ਦਸਮੇਸ਼ ਪਿਤਾ ਨੇ 'ਖਾਲਸਾ ਸਾਜ ਕੇ' ਜੋ ਦੁਨੀਆ ਦੀ 'ਸਿਰਦਾਰੀ' ਬਖ਼ਸ਼ੀ ਸੀ ਤਾਂ ਇਸ ਸਾਰੇ ਸਫ਼ਰ ਦਾ ਇੱਕੋ ਇੱਕ ਮਨੋਰਥ ਇਸ ਧਰਤੀ ਉਤੇ ਪਰਮ ਮਨੁੱਖ ਦਾ ਹਲੇਮੀ ਰਾਜ ਸਥਾਪਿਤ ਕਰਨਾ ਸੀ। ਇਸ ਵਿਚ "ਸਭੈ ਏਕੇ ਪਹਿਚਾਨਬੋ' ਤੇ 'ਸਰਬੱਤ ਦਾ ਭਲਾ' ਦੇ ਮਿਸ਼ਨ ਨੇ ਮਨੁੱਖੀ ਮਨਾਂ 'ਚੋਂ ਈਰਖਾ, ਹਉਮੈ, ਲੋਭ, ਲਾਲਚ, ਸੁਆਰਥ ਵਰਗੀਆਂ ਭਾਵਨਾਵਾਂ ਖ਼ਤਮ ਕਰਕੇ ਸੇਵਾ, ਪਰਉਪਕਾਰ, ਤਿਆਗ, ਹਲੀਮੀ ਤੇ ਕੁਰਬਾਨੀ ਵਰਗੇ ਗੁਣ ਪੈਦਾ ਕਰਨੇ ਸਨ।

ਗੁਰੂ ਸਾਹਿਬਾਨ ਦਾ ਪਹਿਲਾ ਮਿਸ਼ਨ ਹਰ ਮਨੁੱਖ 'ਚੋਂ ਗੁਲਾਮੀ ਦੀ ਭਾਵਨਾ ਨੂੰ ਖ਼ਤਮ ਕਰਕੇ ਇਹ ਦ੍ਰਿੜ ਕਰਵਾਉਣਾ ਸੀ ਕਿ ਹਰ ਮਨੁੱਖ ਅਜ਼ਾਦ ਜੰਮਦਾ ਹੈ ਅਤੇ ਅਜ਼ਾਦੀ ਉਸ ਦਾ ਜਮਾਂਦਰੂ ਹੱਕ ਹੈ। ਇਸ ਲਈ ਸਿੱਖ ਮਨਾਂ 'ਚ ਕਦੇ ਵੀ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਮਨਫ਼ੀ

**ਬਾਕੀ ਸਫ਼ਾ 32 'ਤੇ**


**➢ ਅੰਦਰ ਪੜ੍ਹੋ**




**ਭਾਈਚਾਰਾ**
ਲੋਕਾਂ ਦੀ ਭਰਵੀਂ ਹਾਜ਼ਰੀ ਵਿਚ ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ




**ਖਾਸ ਰਿਪੋਰਟ**
ਭਗਵੇਂ ਰਾਸ਼ਟਰਵਾਦੀਆਂ ਦੀ ਬੇਕਾਬੂ ਜ਼ੁਬਾਨ ਸਿਆਸੀ ਵਿਰੋਧੀਆਂ ਨੂੰ ਡੰਗਣ ਲੱਗੀ


## ਅਦਾਲਤ ਵੱਲੋਂ ਝੂਠੇ ਪੁਲਿਸ ਮੁਕਾਬਲੇ ਦੀ ਜਾਂਚ ਲਈ ਸਿੱਟ ਬਣਾਉਣ ਦਾ ਹੁਕਮ

***ਪੁਲਿਸ ਨੇ ਸੁਖਪਾਲ ਨੂੰ ਮਾਰ ਕੇ ਦਿਖਾਇਆ ਕਿ ਖਾੜਕੂ ਗੁਰਨਾਮ ਸਿੰਘ ਬੰਡਾਲਾ ਮਾਰਿਆ***

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਵਿੱਚ ਪਿਛਲੀ ਸਦੀ ਦੇ 90ਵਿਆਂ ਦੌਰਾਨ ਚੱਲੀ ਸਰਕਾਰੀ ਅੱਤਵਾਦ ਦੀ ਹਨੇਰੀ ਵਿੱਚ ਪੁਲਿਸ ਵੱਲੋਂ ਇਨਾਮਾਂ ਦੀਆਂ ਵੱਡੀਆਂ ਰਕਮਾਂ ਅਤੇ ਤਰੱਕੀਆ ਲੈਣ ਦੇ ਲਾਲਚ ਵਿੱਚ ਨਾਮੀ ਖਾੜਕੂਆਂ ਦੀ ਜਗ੍ਹਾ ਆਮ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ। ਅਜਿਹੇ ਇੱਕ ਨਹੀਂ ਅਨੇਕਾਂ ਕੇਸ ਜਨ, ਜਿਨਾਂ ਵਿੱਚ ਪੁਲਿਸ ਵੱਲੋਂ ਮੁਕਾਬਲਿਆਂ ਦੌਰਾਨ ਮਾਰੇ ਖਾੜਕੂਆਂ ਦੇ ਨਾਮ 'ਤੇ ਮੋਟੀਆਂ ਇਨਾਮੀ ਰਕਮਾਂ ਅਤੇ ਅਹੁਦੇ ਪ੍ਰਾਪਤ ਕੀਤੇ। ਅਜਿਹੇ ਹੀ ਇੱਕ ਕੇਸ ਵਿੱਚ ਬਹੁਤ ਸਮਾਂ ਪਹਿਲਾਂ ਮਾਝਾ ਐਕਸ ਸਰਵਿਸਮੈਨ ਹਿਊਮਨ ਰਾਈਟਸ ਫਰੰਟ ਦੇ ਚੇਅਰਮੈਨ (ਰਿਟਾ.) ਕਰਨਲ ਜੀ. ਐਸ. ਸੰਧੂ ਨੇ ਪੰਜਾਬ ਦੇ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ 'ਤੇ ਗੰਭੀਰ ਦੋਸ਼ ਲਾਉਂਦਿਆਂ 1994 ਵਿਚ ਖਾਲਿਸਤਾਨੀ ਗੁਰਨਾਮ ਸਿੰਘ ਬੰਡਾਲਾ ਦੀ ਥਾਂ ਕਥਿਤ ਤੌਰ ਤੇ ਪਿੰਡ ਕਾਲਾ ਅਫਗਾਨਾ ਦੇ ਨੌਜਵਾਨ ਸੁਖਪਾਲ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਕਰਨ ਦੇ ਦੋਸ਼ ਲਾਉਂਦਿਆਂ ਇਸ ਦੀ ਸੀਬੀਆਈ. ਜਾਂਚ ਦੀ ਮੰਗ ਕੀਤੀ ਸੀ।

ਹੁਣ ਲਗਭਗ ਪੱਚੀ ਸਾਲ ਪੁਰਾਣੇ ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰਨ



ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਐੱਸਆਈਟੀ ਵਿਚ ਵੱਖ-ਵੱਖ ਰਾਜਾਂ ਨਾਲ ਸਬੰਧਤ ਪੰਜਾਬ ਪੁਲਿਸ ਦੇ ਤਿੰਨ ਸੀਨੀਅਰ ਅਧਿਕਾਰੀਆਂ ਨੂੰ ਸ਼ਾਮਲ ਕਰਨ ਦੀ ਹਦਾਇਤ ਦਿੱਤੀ ਹੈ। ਅਦਾਲਤ ਨੇ ਸੁਖਪਾਲ ਸਿੰਘ ਦੇ ਮਾਮਲੇ ਵਿਚ ਐਫਆਈਆਰ ਨਾ ਦਰਜ ਕਰਨ 'ਤੇ ਪੰਜਾਬ ਪੁਲਿਸ ਦੀ ਖਿਚਾਈ ਵੀ ਕੀਤੀ ਹੈ। ਐੱਸਆਈਟੀ ਦੀ ਅਗਵਾਈ ਡੀਜੀਪੀ ਸਿੱਧਾਰਥ ਚੱਟੋਪਾਧਿਆਏ ਕਰਨਗੇ ਤੇ ਏਡੀਜੀਪੀ ਗੁਰਪ੍ਰੀਤ ਕੌਰ ਦਿਓ ਤੇ ਆਈਜੀਪੀ ਬੀ. ਚੰਦਰ ਸ਼ੇਖਰ ਇਸ ਦੇ ਮੈਂਬਰ ਹੋਣਗੇ। ਕਾਲਾ ਅਫ਼ਗਾਨਾ

**ਬਾਕੀ ਸਫ਼ਾ 32 'ਤੇ**

## ਚੀਨ ਦਾ ਚਿਉਂਗ ਸਿੰਘ ਸਜਿਆ

**ਵੈਨਕੂਵਰ/ਏਟੀ ਨਿਊਜ਼ :** ਇੱਕ ਧਰਮ ਹੋਣ ਦੇ ਨਾਲ-ਨਾਲ ਸਿੱਖ ਧਰਮ ਅਹਿਸਾਸ ਵੀ ਹੈ ਜੋ ਲੋਕਾਂ ਨੂੰ ਹੋਰਾਂ ਦੀ ਮਦਦ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸੇ ਅਹਿਸਾਸ ਨੇ ਚੀਨੀ



ਬੰਦੇ ਨੂੰ ਸਿੱਖ ਧਰਮ ਅਪਣਾਉਣ ਲਈ ਮਜਬੂਰ ਕਰ ਦਿੱਤਾ। ਕੈਨੇਡਾ ਦੇ ਵੈਨਕੂਵਰ ਵਿੱਚ ਰਹਿਣ ਵਾਲੇ ਚੀਨੀ ਸਿੱਖ ਪਤ ਸਿੰਘ ਚਿਉਂਗ ਨੂੰ ਜ਼ਿੰਦਗੀ ਦਾ ਅਜਿਹਾ ਤਜਰਬਾ ਹੋਇਆ ਕਿ ਉਨ੍ਹਾਂ ਸਿੱਖ ਬਣਨ ਦਾ ਫੈਸਲਾ ਕਰ ਲਿਆ। ਪਤ ਸਿੰਘ ਪਹਿਲੀ ਵਾਰ ਉਦੋਂ ਸਿੱਖੀ ਦੇ ਰੂ-ਬ-ਰੂ ਹੋਏ ਜਦੋਂ ਉਨ੍ਹਾਂ ਕਮਿਊਨਿਟੀ ਸੈਂਟਰ ਬਾਹਰ ਲੋਕਾਂ ਦੀ ਭੀੜ ਜਮ੍ਹਾ ਹੋਈ ਵੇਖੀ। ਜਦੋਂ ਪਤ ਸਿੰਘ ਸੈਂਟਰ ਪਹੁੰਚੇ ਤਾਂ ਉਨ੍ਹਾਂ ਨੂੰ ਗੁਰੂ ਨਾਨਕ ਫਰੀ ਕਿਚਨ ਵਿੱਚ ਲੰਗਰ ਵੰਡਣ ਲਈ ਦਸਤਾਨੇ ਦਿੱਤੇ ਗਏ। ਇਸ ਪਿੱਛੋਂ ਪਤ ਸਿੰਘ ਨੇ ਸਿੱਖ ਧਰਮ ਅਪਣਾਉਣ ਦਾ ਫੈਸਲਾ ਕਰ ਲਿਆ। ਉਨ੍ਹਾਂ ਆਪਣੀ ਦਿੱਖ ਪੂਰੀ ਤਰ੍ਹਾਂ ਬਦਲ ਲਈ। ਹੁਣ ਉਹ ਆਪਣੇ ਹੱਥ ਵਿੱਚ ਕੜਾ ਪਾਉਂਦੇ ਹਨ ਤੇ ਸਿਰ 'ਤੇ ਦਸਤਾਰ ਸਜਾਉਂਦੇ ਹਨ। ਉਹ 'ਅੰਮ੍ਰਿਤ' ਛਕ ਕੇ ਗੁਰੂ ਦੇ ਸਿੰਘ ਸਜ ਗਏ ਹਨ। ਦੱਸ ਦੇਈਏ ਪੇਸ਼ੇ ਵਜੋਂ ਪਤ ਸਿੰਘ ਫੋਟੋਗ੍ਰਾਫਰ ਹਨ। ਹੁਣ ਉਹ ਅੰਮ੍ਰਿਤ ਵੇਲੇ 4 ਵਜੇ ਉੱਠਦੇ ਹਨ ਤੇ ਨਿਤਨੇਮ ਵੀ ਕਰਦੇ ਹਨ। ਹਰ ਐਤਵਾਰ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਕਰਦੇ ਹਨ। ਇੱਥੋਂ ਤਕ ਕਿ ਉਨ੍ਹਾਂ ਸਿੱਖ ਧਰਮ ਨੂੰ ਪ੍ਰਫੁਲਿਤ ਕਰਨ ਲੀ " ਥਰੀ ਫੈਕਟਸ ਅਬਾਊਟ ਸਿੱਖੀ " ਦੇ ਨਾਂ ਹੇਠ ਪੈਂਫਲਿਟ ਵੀ ਛਪਵਾਇਆ ਹੈ। ਉਹ ਦੁਨੀਆ ਤੇ ਮੁੱਖ ਤੌਰ 'ਤੇ ਚੀਨੀਆਂ ਨੂੰ ਸਿੱਖ ਧਰਮ ਤੋਂ ਜਾਣੂ ਕਰਵਾਉਣਾ ਚਾਹੁੰਦੇ ਹਨ।




















REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਗੁਰੂ ਨਾਨਕ ਸਾਹਿਬ ਦੇ 550 ਸਾਲਾ ਜਨਮ ਦਿਨ ਨੂੰ ਯਾਦਗਾਰੀ ਬਣਾਉਣਾ ਚਾਹੁੰਦਾ ਹੈ ਪਾਕਿਸਤਾਨ : ਚੌਧਰੀ ਮੁਹੰਮਦ ਸਰਵਰ



## *ਪਾਕਿ ਵਿਚਲੇ ਗੁਰਦੁਆਰਿਆਂ ਦੀ ਸੇਵਾ ਸੰਭਾਲ 'ਚ ਘਾਟ ਨਹੀਂ ਰਹਿਣ ਦੇਵਾਂਗੇ*

**ਫਰੀਮੌਂਟ/ਹੁਸਨ ਲੜੋਆ ਬੰਗਾ) :** ਪਾਕਿਸਤਾਨ ਦੇ ਵੱਡੇ ਸੂਬੇ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਇਕ ਵਿਸ਼ੇਸ਼ ਅਮਰੀਕੀ ਦੌਰੇ ਉਤੇ ਹਨ। ਉਹ ਅਮਰੀਕਾ ਵਸਦੀ ਸਿੱਖ ਕੌਮ ਨੂੰ ਪਾਕਿਸਤਾਨ ਹਕੂਮਤ ਵੱਲੋਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਗੁਰਪੁਰਬ ਸ੍ਰੀ ਨਨਕਾਣਾ ਸਾਹਿਬ ਵਿਚ ਮਨਾਉਣ ਦਾ ਸੱਦਾ ਦੇਣ ਆਏ ਹਨ। ਵਾਸ਼ਿੰਗਟਨ ਡੀ.ਸੀ. ਤੇ ਨਿਊਯਾਰਕ ਤੋਂ ਬਾਅਦ ਉਹ ਕੈਲੇਫੋਰਨੀਆ ਦੇ ਸ਼ਹਿਰ ਫਰੀਮੌਂਟ ਪਹੁੰਚੇ ਜਿੱਥੇ ਪ੍ਰਸਿੱਧ ਮਿਰਾਜ ਬੈਂਕੁਇਟ ਹਾਲ ਵਿਚ ਸਿੱਖ ਤੇ ਪਾਕਿਸਤਾਨੀ ਭਾਈਚਾਰੇ ਨੇ ਗਵਰਨਰ ਸਾਹਿਬ ਦਾ ਸ਼ਾਹਾਨਾ ਸੁਆਗਤ ਕੀਤਾ। ਭਰਵੇਂ ਇਕੱਠ ਵਿਚ ਬਹੁਤ ਸਾਰੇ ਬੁਲਾਰਿਆਂ ਨੇ ਗਵਰਨਰ ਪੰਜਾਬ ਦਾ ਸੁਆਗਤ ਕੀਤਾ ਤੇ ਉਨਾਂ ਦੇ ਅਮਰੀਕੀ ਦੌਰੇ ਨੂੰ ਜੀ ਆਇਆਂ ਕਿਹਾ। ਸਟੇਜ ਸਕੱਤਰ ਦੀ ਸੇਵਾ ਦਵਿੰਦਰ ਸਿੰਘ ਨੇ ਨਿਭਾਈ। ਬੁਲਾਰਿਆਂ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਡਾ. ਅਮਰਜੀਤ ਸਿੰਘ, ਡਾ. ਅਜੀਤਪਾਲ ਸਿੰਘ ਸੰਧੂ, ਡਾ. ਅੰਮ੍ਰਿਤ ਸਿੰਘ ਲਾਸ ਏਂਜਲਸ, ਪਾਕਿਸਤਾਨ ਤਹਿਰੀਕ-ਏ- ਇਨਸਾਫ ਪਾਰਟੀ ਦੇ ਮੀਤ ਪ੍ਰਧਾਨ ਫਾਰੂਖ ਅਰਸ਼ਦ, ਪੀਟੀਆਈ ਕੈਲੇਫੋਰਨੀਆ ਦੇ ਪ੍ਰਧਾਨ ਸਈਦ ਚੌਧਰੀ, ਫਿਲਮ ਦ ਬਲੈਕ ਪ੍ਰਿੰਸ ਦੇ ਨਿਰਮਾਤਾ ਜਸਜੀਤ ਸਿੰਘ ਤੇ ਗੁਰਦੁਆਰਾ ਫਰੀਮੌਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਜਸਦੇਵ ਸਿੰਘ ਪ੍ਰਮੁੱਖ ਸਨ। ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਪਾਕਿਸਤਾਨ ਦੇ ਗੁਰਧਾਮਾਂ ਵਿਚ ਪੀਣ ਵਾਲੇ ਸਾਫ ਪਾਣੀ ਦੀਆਂ ਮਸ਼ੀਨਾਂ ਲਾਉਣ ਦੀ ਸੇਵਾ ਬਾਰੇ ਜ਼ਿੰਮੇਵਾਰੀ ਲਈ, ਜਿਸ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਓਬਰਾਏ ਦਾ ਸਹਿਯੋਗ ਸ਼ਾਮਲ ਹੋਵੇਗਾ। ਗਵਰਨਰ ਸਰਵਰ ਨੇ ਕਿਹਾ ਕਿ ਪਾਕਿਸਤਾਨ ਦੀ ਸਰਕਾਰ ਸਿੱਖ ਕੌਮ ਦੇ ਇਤਿਹਾਸਕ ਗੁਰਧਾਮਾਂ ਦੀ ਸੇਵਾ ਵਿਚ ਕੋਈ ਕਸਰ ਨਹੀਂ ਛੱਡ ਰਹੀ। ਤੁਸੀਂ ਇਸ ਸਾਲ ਉਥੇ ਆਵੋ। ਆਪ ਆ ਕੇ ਵੇਖੋਗੇ ਤਾਂ ਮਹਿਸੂਸ ਕਰੋਗੇ ਕਿ ਸਮੂਹ ਇਤਿਹਾਸਕ ਗਰਦੁਆਰਿਆਂ ਦੀ ਸੇਵਾ ਸੰਭਾਲ ਵੱਡੇ ਪੱਧਰ ਉਤੇ ਹੋ ਰਹੀ ਹੈ। ਨਵੀਆਂ ਸੜਕਾਂ ਬਣ ਰਹੀਆਂ ਹਨ, ਰਿਹਾਇਸ਼ੀ ਸਰਾਵਾਂ ਬਣ ਰਹੀਆਂ ਹਨ। ਨਵੇਂ ਰੇਲਵੇ ਸਟੇਸ਼ਨ ਬਣ ਰਹੇ ਹਨ। ਕਰਤਾਰਪੁਰ ਸਾਹਿਬ ਦੇ ਲਾਂਘੇ ਵਾਸਤੇ ਜੰਗੀ ਪੱਧਰ ਉਤੇ ਕੰਮ ਹੋ ਰਿਹਾ ਹੈ। ਵੀਜ਼ੇ ਲੈਣ ਵਿਚ ਕਿਸੇ ਕਿਸਮ ਦੀ ਮੁਸ਼ਕਿਲ ਨਹੀਂ ਆਵੇਗੀ। ਸੁਰੱਖਿਆ ਦਾ ਖਾਸ ਖਿਆਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੇ ਪੰਜਾਬ ਸਰਕਾਰ ਇਸ ਵਾਰ ਬਾਬਾ ਗੁਰੂ ਨਾਨਕ ਸਾਹਿਬ ਦੇ 550 ਸਾਲਾ ਜਨਮ ਦਿਨ ਨੂੰ ਯਾਦਗਾਰੀ ਬਣਾਉਣਾ ਚਾਹੁੰਦੀ ਹੈ ਤੇ ਇਹ ਆਪ ਸਭ ਦੇ ਸਹਿਯੋਗ ਨਾਲ ਹੀ ਹੋ ਸਕਦਾ ਹੈ। ਕੈਲੀਫੋਰਨੀਆ ਭਰ ਵਿਚੋਂ ਪਹੁੰਚੇ ਪਤਵੰਤੇ ਸੱਜਣਾਂ ਨੇ ਗਵਰਨਰ ਸਾਹਿਬ ਤੇ ਉਨਾਂ ਦੀ ਬੇਗਮ ਸਾਹਿਬਾ ਨੂੰ ਯਾਦਗਾਰੀ ਪਲੇਟਾਂ ਦੇ ਕੇ ਸਨਮਾਨਿਤ ਕੀਤਾ। ਗਵਰਨਰ ਸਾਹਿਬ ਹਰ ਮੇਜ਼ ਉਤੇ ਜਾ ਕੇ ਸਭ ਨੂੰ ਨਿੱਜੀ ਤੌਰ 'ਤੇ ਮਿਲੇ ਅਤੇ ਨਨਕਾਣਾ ਸਾਹਿਬ ਆਉਣ ਦਾ ਸੱਦਾ ਦਿੱਤਾ।

# ਲੋਕਾਂ ਦੀ ਭਰਵੀਂ ਹਾਜ਼ਰੀ ਵਿਚ ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ



ਪੰਜਾਬੀ ਕਲਚਰਲ ਸੈਂਟਰ ਯੂਐੱਸਏ ਫਰਿਜਨੋਂ ਦੇ ਉਦਘਾਟਨ ਮੌਕੇ ਵਿਚਾਰ ਪ੍ਰਗਟਾਉਂਦੇ ਹੋਏ ਦਲਜੀਤ ਸਿੰਘ ਸਰਾਂ, ਰਾਜਕਿਰਨਬੀਰ ਸਿੰਘ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਹਰਜੋਤ ਸਿੰਘ ਖਾਲਸਾ, ਨੈਨਦੀਪ ਸਿੰਘ ਚੰਨ ਅਤੇ ਲੋਕਾਂ ਦਾ ਮਨੋਰੰਜਨ ਕਰਦੇ ਹੋਏ ਗਾਇਕ ਕਲਾਕਾਰ। ਫੋਟੋਆਂ ਰਾਮਾ ਵੀਡੀਓ, ਸੈਕਰਾਮੈਂਟੋ

## *ਪੰਜਾਬੀ ਭਾਈਚਾਰੇ ਦੀਆਂ ਬਹੁਪੱਖੀ ਸਰਗਰਮੀਆਂ ਲਈ ਸਾਂਝੇ ਮੰਚ ਦੀ ਭੂਮਿਕਾ ਨਿਭਾਏਗਾ ਨਵਾਂ ਅਦਾਰਾ*

**ਫਰਿਜ਼ਨੋਂ/ਏਟੀ ਨਿਊਜ਼ :** "ਪੰਜਾਬੀ ਕਲਚਰਲ ਸੈਂਟਰ ਯੂਐੱਸਏ ਸਮੁੱਚੇ ਫਰਿਜ਼ਨੋਂ ਇਲਾਕੇ ਦੇ ਪੰਜਾਬੀ ਭਾਈਚਾਰੇ ਦੀਆਂ ਸਮਾਜਿਕ, ਸਭਿਆਚਾਰਕ, ਸਾਹਿਤਕ ਅਤੇ ਵਿਦਿਅਕ ਸਰਗਰਮੀਆਂ ਲਈ ਸਾਂਝੇ ਮੰਚ ਦਾ ਕੰਮ ਕਰੇਗਾ।" ਇਹ ਵਿਚਾਰ ਪੰਜਾਬੀ ਰੇਡੀਓ ਯੂਐੱਸਏ ਦੇ ਸੰਸਥਾਪਕ ਹਰਜੋਤ ਸਿੰਘ ਖਾਲਸਾ ਨੇ ਸੈਂਟਰ ਦੀ ਸ਼ੁਰੂਆਤ ਮੌਕੇ ਰੇਡੀਓ ਸਟੇਸ਼ਨ ਦੇ ਫਰਿਜ਼ਨੋਂ ਸਟੂਡੀਓ ਦੇ ਵੇਹੜੇ ਵਿੱਚ ਕਰਵਾਈ ਇੱਕ ਸਭਿਆਚਾਰਕ ਸ਼ਾਮ ਮੌਕੇ ਵੱਡੀ ਗਿਣਤੀ ਵਿੱਚ ਜੁੜੇ ਪੰਜਾਬੀਆਂ ਦੇ ਰੂਬਰੂ ਹੁੰਦਿਆਂ ਕਹੇ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਭਾਈਚਾਰੇ ਦੇ ਬਹੁਪੱਖੀ ਵਿਕਾਸ ਅਤੇ ਆਪਣੇ ਵਿਰਸੇ ਦੀ ਸੰਭਾਲ ਲਈ ਅਜਿਹੇ ਸੈਂਟਰ ਬਣਾਏ ਜਾਣ ਦੀ ਬੜੀ ਲੋੜ ਸੀ ਤੇ ਆਸ ਹੈ ਕਿ ਸਾਡਾ ਇਹ ਨਿਮਾਣਾ ਜਿਹਾ ਯਤਨ ਇਸ ਮੰਤਵ ਲਈ ਸਹਾਈ ਹੋਵੇਗਾ। ਲੰਘੇ ਸ਼ਨਿਚਰਵਾਰ ਦੀ ਸ਼ਾਮ ਨੂੰ ਕਰਵਾਏ ਇਸ ਉਦਘਾਟਨੀ ਪ੍ਰੋਗਰਾਮ ਲਈ ਭਰਵੇਂ ਹੁੰਗਾਰੇ ਵਜੋਂ ਭਾਰੀ ਗਿਣਤੀ ਵਿੱਚ ਪੁੱਜਣ ਬਦਲੇ ਸਭਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਯਕੀਨ ਦਿਵਾਇਆ ਕਿ ਪੰਜਾਬੀ ਰੇਡੀਓ ਯੀਐੱਸਏ ਅਦਾਰਾ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਵਾਸਤੇ ਅਪਣੀਆਂ ਸੇਵਾਵਾਂ ਲਗਾਤਾਰ ਜਾਰੀ ਰੱਖੇਗਾ। ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਸਾਬਕਾ ਸੰਪਾਦਕ ਅੰਮ੍ਰਿਤਸਰ ਟਾਈਮਜ਼, ਜਿਨ੍ਹਾਂ ਨੂੰ ਇਸ ਕੇਂਦਰ ਦੇ ਸੰਚਾਲਕ ਦੀ ਜੁੰਮੇਵਾਰੀ ਸੌਂਪੀ ਗਈ ਹੈ, ਨੇ ਕਿਹਾ ਕਿ ਇਹ ਅਸਲ ਵਿੱਚ ਸਭਨਾਂ ਪੰਜਾਬੀਆਂ ਦੀ ਆਪਣੀ ਸੰਸਥਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਭਾਈਚਾਰੇ ਦੇ ਪਤਵੰਤਿਆਂ, ਬਾਕੀ ਸਫ਼ਾ 32 'ਤੇ

ਸੰਬਧਤ ਹੋਰ ਫ਼ੋਟੋਆਂ ਸਫ਼ਾ 17 'ਤੇ ਦੇਖੋ।




# ਵਿਆਹਾਂ ਦੇ ਨਾਮ ’ਤੇ ਭਾਰਤ ’ਚ ਵਿਕ ਰਹੀਆਂ ਨੇ ਕੁੜੀਆਂ

ਤਿੰਨ ਬੱਚਿਆਂ ਦੀ ਮਾਂ ਰਾਬੀਆ ਨੂੰ ਨਹੀਂ ਪਤਾ ਕਿ ਉਸ ਦਾ ਵਿਆਹ ਉੱਤਰ ਪ੍ਰਦੇਸ਼ ਵਿੱਚ ਕਿੱਥੇ ਅਤੇ ਕਿਸ ਸਾਲ ਵਿੱਚ ਹੋਇਆ ਸੀ। ਬਸ ਇੰਨਾ ਜਾਣਦੀ ਹੈ ਕਿ ਉਸਦੇ ਪਤੀ ਦਾ ਘਰ ਕਿਸੇ ਜਨਾਨਾ ਹਸਪਤਾਲ ਦੇ ਨੇੜੇ ਸੀ। ਰਾਬੀਆ ਦੀ ਮਾਸੀ ਨੇ ਵਿਆਹ ਦੇ ਨਾਂ ’ਤੇ ਉਸ ਨੂੰ ਕਿਸੇ ਦਲਾਲ ਨੂੰ ਵੇਚ ਦਿੱਤਾ ਸੀ। ਰਾਬੀਆ ਨੇ ਦੱਸਿਆ, “ਮੇਰਾ ਵਿਆਹ ਝੂਠ ਬੋਲ ਕੇ ਕਰਾਇਆ ਗਿਆ ਸੀ। ਕਿਹਾ ਗਿਆ ਸੀ ਕਿ ਮੁੰਡੇ ਦਾ ਆਪਣਾ ਘਰ ਹੈ, ਅਖਬਾਰ ਵਿੱਚ ਨੌਕਰੀ ਕਰਦਾ ਹੈ ਪਰ ਉਹ ਰਿਕਸ਼ਾ ਚਲਾਉਂਦਾ ਸੀ। ਉਹ ਬਹੁਤ ਮਾਰਦਾ ਸੀ ਦੂਜਿਆਂ ਨਾਲ ਸੌਣ ਲਈ ਕਹਿੰਦਾ ਸੀ ਤੇ ਬੱਚਿਆਂ ਨੂੰ ਬੀੜੀ ਨਾਲ ਜਲਾਉਂਦਾ ਸੀ।” ਅਸੀਂ ਕਟਿਹਾਰ ਭੱਜ ਆਏ। ਇੱਥੇ ਮਾਪਿਆਂ ਦੇ ਮਿਹਣੇ ਸੁਣਦੇ ਹਾਂ।

ਰਾਬੀਆ ਦੇ ਘਰ ਤੋਂ ਕੁਝ ਕਿਲੋਮੀਟਰ ਦੂਰ ਰਹਿਣ ਵਾਲੀ ਸੋਨਮ ਵੀ ਪਤੀ ਦੇ ਘਰ ਤੋਂ ਭੱਜ ਆਈ ਸੀ। ਪਿੰਡ ਵਿੱਚ ਇੱਕ ਛੋਟੀ ਕਰਿਆਨੇ ਦੀ ਦੁਕਾਨ ਹੁਣ ਉਸਦਾ ਸਹਾਰਾ ਹੈ। ਸੋਨਮ ਦੇ ਗੁਆਂਢੀਆਂ ਨੇ ਹੀ ਉਸਨੂੰ ਵੇਚ ਦਿੱਤਾ ਸੀ। ਪਹਿਲਾਂ ਟਰੇਨ ਤੇ ਫਿਰ ਬੱਸ ਵਿਚ ਉਸਦਾ ਲਾੜਾ ਉਸ ਨੂੰ ਯੂਪੀ ਲੈ ਗਿਆ ਸੀ। ਸੋਨਮ ਨੇ ਦੱਸਿਆ, “ਪਤੀ ਦੂਜੇ ਮਰਦਾਂ ਨਾਲ ਸੌਣ ਲਈ ਕਹਿੰਦਾ ਸੀ। ਨਾ ਜਾਣ ’ਤੇ ਮਾਰਦਾ ਸੀ ਤੇ ਕਹਿੰਦਾ ਸੀ ਕਿ ਮੈਨੂੰ ਵੇਚ ਕੇ ਦੂਜਾ ਵਿਆਹ ਕਰਾ ਲਵੇਗਾ।”

ਸੋਨਮ ਕੋਲ੍ਹ ਹੁਣ ਉਸਦੇ ਬੱਚੇ ਹਨ ਅਤੇ ਉਸ ਦੇ ਸਰੀਰ ’ਤੇ ਕਈ ਨਿਸ਼ਾਨ ਜੋ ਉਸਦੇ ਪਤੀ ਨੇ ਦਿੱਤੇ ਹਨ।

26 ਸਾਲ ਦੀ ਆਰਤੀ ਦੀ ਵੀ ਇਹੀ ਕਹਾਣੀ ਹੈ। ਆਰਤੀ ਮਾਨਸਿਕ ਤੌਰ ’ਤੇ ਬੀਮਾਰ ਹੈ, ਉਸਦੇ ਵਿਆਹ ਲਈ ਤਿੰਨ ਦਲਾਲ ਆਏ ਸੀ, ਜਿਨ੍ਹਾਂ ਨੇ ਆਰਤੀ ਦੀ ਮਾਂ ਨੂੰ ਮੁੰਡੇ ਬਾਰੇ ਦੱਸਿਆ ਸੀ। ਆਰਤੀ ਦੀ ਮਾਂ ਨੇ ਕਿਹਾ, “ਰਾਤ-ਰਾਤ ਵਿਚ ਵਿਆਹ ਹੋ ਗਿਆ। ਨਾ ਹੀ ਕੋਈ ਪੰਡਿਤ ਸੀ ਅਤੇ ਨਾ ਹੀ ਪਿੰਡ ਦਾ ਕੋਈ ਹੋਰ ਸ਼ਖਸ। ਬਾਅਦ ਵਿਚ ਪਤਾ ਲੱਗਿਆ ਕਿ ਧੀ ਨੂੰ ਬਹੁਤ ਮਾਰਦਾ ਹੈ, ਇਸ ਲਈ ਉਸ ਨੂੰ ਵਾਪਸ ਲੈ ਆਏ।”




**ਸੀਮਾਂਚਲ ਵਿੱਚ ‘ਬ੍ਰਾਈਡ ਟ੍ਰੈਫਿਕਿੰਗ’ :** ਬਿਹਾਰ ਵਿੱਚ ‘ਬ੍ਰਾਈਡ ਟ੍ਰੈਫੀਕਿੰਗ’ ਯਾਨੀ ਕਿ ਝੂਠਾ ਵਿਆਹ ਕਰਕੇ ਮਨੁੱਖਾਂ ਦੀ ਤਸਕਰੀ ਕਰਨ ਦੇ ਮਾਮਲੇ ਆਮ ਹਨ। ਖਾਸ ਕਰ ਕੇ ਸੀਮਾਂਚਲ ਯਾਨੀ ਕਿ ਪੂਰਨੀਆ, ਕਟਿਹਾਰ, ਕਿਸ਼ਨਗੰਜ ਤੇ ਅਰਰਿਆ ਦੇ ਪੇਂਡੂ ਇਲਾਕਿਆਂ ਵਿੱਚ। ਇੱਥੇ ਗਰੀਬੀ ਕਾਰਨ ਕੁੜੀਆਂ ਨੂੰ ਵਿਆਹ ਦੇ ਨਾਂ ’ਤੇ ਵੇਚ ਦਿੱਤਾ ਜਾਂਦਾ ਹੈ। ਸ਼ਿਲਪੀ ਸਿੰਘ ਪਿਛਲੇ 16 ਸਾਲਾਂ ਤੋਂ ਇਲਾਕੇ ਵਿੱਚ ਤਸਕਰੀ ’ਤੇ ਕੰਮ ਕਰ ਰਹੀ ਹਨ। ਉਨ੍ਹਾਂ ਦੀ ਸੰਸਥਾ ‘ਭੂਮਿਕਾ ਵਿਹਾਰ’ ਨੇ



ਸਾਲ 2016-17 ਵਿੱਚ ਕਟਿਹਾਰ ਤੇ ਅਰਰਿਆ ਦੇ 10,000 ਪਰਿਵਾਰਾਂ ਵਿੱਚ ਇੱਕ ਸਰਵੇਅ ਕੀਤਾ ਸੀ। ਜਿਸ ਵਿੱਚੋਂ 142 ਮਾਮਲਿਆਂ ਵਿਚ ਦਲਾਲ ਰਾਹੀਂ ਵਿਆਹ ਕੀਤੇ ਗਏ ਸੀ। ਅਜਿਹੇ ਵਿਆਹ ਸਭ ਤੋਂ ਵੱਧ ਯੂਪੀ ਵਿੱਚ ਹੁੰਦੇ ਹਨ। ਇਸ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਦਿੱਲੀ ਤੇ ਪੰਜਾਬ ਵਿੱਚ ਵੀ ‘ਬ੍ਰਾਈਡ ਟ੍ਰੈਫਿਕਿੰਗ’ ਦੇ ਕੇਂਦਰ ਹਨ। ਸ਼ਿਲਪੀ ਨੇ ਦੱਸਿਆ, “ਬਿਹਾਰ ਰਾਹੀਂ ਦੇਹ ਵਪਾਰ, ਮਨੁੱਖੀ ਅੰਗ ਤੇ ਝੂਠੇ ਵਿਆਹ ਲਈ ਮਨੁੱਖੀ ਤਸਕਰੀ ਹੁੰਦੀ ਹੈ। ਪਿਛਲੇ ਦਸ ਸਾਲਾਂ ਵਿੱਚ ਪੁਲਿਸ ਨੇ ਮਨੁੱਖੀ ਤਸਕਰੀ ਦੇ 753 ਮਾਮਲੇ ਦਰਜ ਕੀਤੇ ਹਨ। 2274 ਮਨੁੱਖੀ ਤਸਕਰਾਂ ਦੀ ਗ੍ਰਿਫ਼ਤਾਰੀ ਹੋਈ ਤੇ 1049 ਔਰਤਾਂ ਤੇ 2314 ਮਰਦਾਂ ਨੂੰ ਮੁਕਤ ਕਰਵਾਇਆ ਗਿਆ। ਅਪਰਾਧ ਰਿਸਰਚ ਵਿਭਾਗ ਦੇ ਅਪਰ ਪੁਲਿਸ ਡਾਇਰੈਕਟਰ ਜਰਨਲ ਵਿਨੇ ਕੁਮਾਰ ਨੇ ਕਿਹਾ, “ਘੱਟ ਲਿੰਗ ਅਨੁਪਾਤ ਵਾਲੇ ਇਲਾਕਿਆਂ ਵਿੱਚ ਵਿਆਹ ਦੇ ਨਾਂ ’ਤੇ ਕੁੜੀਆਂ ਦੀ ਤਸਕਰੀ ਲਈ ਗੈਂਗ ਕੰਮ ਕਰਦੇ ਹਨ। ਇਹ ਗੈਂਗ ਮਾਪਿਆਂ ਨੂੰ ਲਾਲਚ ਦਿੰਦੇ ਹਨ ਅਤੇ ਪੈਸੇ ਲਈ ਮਾਪੇ ਮੰਨ ਜਾਂਦੇ ਹਨ। ਬਾਅਦ ਵਿਚ ਕਈ ਕੁੜੀਆਂ ਦੀ ਰੀ-ਟ੍ਰੈਫੀਕਿੰਗ ਵੀ ਹੋ ਜਾਂਦੀ ਹੈ।”

## ਕੋਲਰਾਡੋ ਪ੍ਰਸ਼ਾਸਨ ਨੇ ਸਿੱਖਾਂ ਨੂੰ ਦਿੱਤਾ ਵੱਡਾ ਤੋਹ਼ਫ਼ਾ



**ਡੈਨਵਰ/ਏਟੀ ਨਿਊਜ਼ :** ਅਮਰੀਕੀ ਸੂਬੇ ਕੋਲਰਾਡੋ ‘ਚ ਵਿਸਾਖੀ ਦਾ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ। ਇਸ ਦੌਰਾਨ ਕੋਲਰਾਡੋ ਪ੍ਰਸ਼ਾਸਨ ਨੇ ਸਿੱਖਾਂ ਨੂੰ ਵੱਡਾ ਤੋਹ਼ਫ਼ਾ ਦਿੰਦਿਆਂ ਹਰ ਸਾਲ ਅਪ੍ਰੈਲ ਦੇ ਦੂਜੇ ਹ਼ਫ਼ਤੇ ‘ਚ ਪੈਂਦੇ ਐਤਵਾਰ ਨੂੰ ‘ਸਿੱਖ ਮਾਨਤਾ ਦਿਹਾੜਾ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਇਤਿਹਾਸਕ ਐਲਾਨ ਸੂਬੇ ਦੇ ਨਵੇਂ ਗਵਰਨਰ ਜੈਰੇਡ ਪੋਲਿਸ ਨੇ ਕੀਤਾ। ਗਵਰਨਰ ਜੈਰੇਡ ਪੋਲਿਸ ਨੇ ਆਪਣੇ ਸੰਬੋਧਨ ‘ਚ ਕੋਲੋਰਾਡੋ ਦੇ ਮੁੱਖ ਚਿੰਨ੍ਹ ‘ਨਿਲ ਸ਼ਾਈਨ ਨੁਮਾਈਨ’ ਅਤੇ ਸਿੱਖਾਂ ਦੇ ‘ਏਕ ਓਂਕਾਰ (ੴ)’ ਨੂੰ ਏਕਤਾ ਅਤੇ ਸ਼ਾਂਤੀ ਦਾ ਪ੍ਰਤੀਕ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕੀ ਲੋਕਾਂ ਨੂੰ ਸਿੱਖ ਧਰਮ ਦੀਆਂ ਧਾਰਨਾਵਾਂ, ਜਿਵੇਂ ਨਿਸ਼ਕਾਮ ਸੇਵਾ, ਸਾਰਿਆਂ ਦੀ ਭਲਾਈ, ਭਾਈਚਾਰਕ ਏਕਤਾ ਅਤੇ ਸਤਿਕਾਰ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਇਸ ਮੌਕੇ ਸਿਰੀਨ ਸਿੰਘ ਨੇ ਗਵਰਨਰ ਜੈਰੇਡ ਪੋਲਿਸ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਦੀ ਤਰੱਕੀ ‘ਚ ਸਿੱਖਾਂ ਵੱਲੋਂ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਮਾਣ ਹੈ। ਸਿੱਖਾਂ ਲਈ ਕੀਤੇ ਇਸ ਐਲਾਨ ਨਾਲ ਉਨ੍ਹਾਂ ਨੂੰ ਹੋਰ ਉਤਸ਼ਾਹ ਮਿਲੇਗਾ। ਜ਼ਿਕਰਯੋਗ ਹੈ ਕਿ ਕੋਲਰਾਡੋ ਸੂਬੇ ‘ਚ ਚਾਰ ਗੁਰਦੁਆਰੇ ਹਨ। ਇਸ ਤੋਂ ਇਲਾਵਾ ਕੋਲੋਰਾਡੋ ਯੂਨੀਵਰਸਿਟੀ ਬੋਲਡਰ ‘ਚ ਸਿੱਖ ਸਟੂਡੈਂਟ ਐਸੋਸੀਏਸ਼ਨ ਵੀ ਲੋਕ ਭਲਾਈ ਦੇ ਕਾਰਜ ਕਰਦੀ ਰਹਿੰਦੀ ਹੈ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs



Weekly Payment
ਇਕ ਹ਼ਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਜਾਣੀ ਪਛਾਣੀ ਸਿੱਖ ਸ਼ਖਸੀਅਤ ਸ. ਕੇਵਲ ਸਿੰਘ ਸਵਰਗਵਾਸ

**ਸੈਨਹੋਜ਼ੇ/ਬਿਊਰੋ ਨਿਊਜ਼ :** ਪੰਜਾਬੀ ਭਾਈਚਾਰੇ ਵਿਚ ਜਾਣੀ ਪਛਾਣੀ ਸਿੱਖ ਸਖਸ਼ੀਅਤ ਸਰਦਾਰ ਕੇਵਲ ਸਿੰਘ (84 ਸਾਲ) ਲੰਘੇ ਸ਼ਨੀਵਾਰ ਨੂੰ ਸੰਖੇਪ ਬਿਮਾਰੀ ਉਪਰੰਤ ਆਪਣੀ



ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਨਿਵਾਜੇ ਹਨ। ਸ. ਕੇਵਲ ਸਿੰਘ ਸਿੱਖੀ ਸਿਧਾਂਤਾਂ ਨਾਲ ਜੁੜੇ ਰਹੇ ਅਤੇ ਪੰਜਾਬੀ ਭਾਈਚਾਰੇ ਦੀਆਂ ਸਾਂਝੀਆਂ ਸਰਗਰਮੀਆਂ 'ਚ ਵਿਚਰਦੇ ਰਹੇ। ਸ. ਕੇਵਲ ਸਿੰਘ ਦਾ ਜੱਦੀ ਪਿੰਡ ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿਚ ਬੈਨਪੁਰ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ਨੀਵਾਰ ਮਿਤੀ 27 ਅਪ੍ਰੈਲ ਨੂੰ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ Chapel Of Chimes 32992 mission Blvd. Hayward ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਹੋਵੇਗੀ। ਸ. ਅਮੋਲਕ ਸਿੰਘ ਗਾਖਲ ਸਮੇਤ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਸ. ਕੇਵਲ ਸਿੰਘ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਹੋਰ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸ. ਕੇਵਲ ਸਿੰਘ ਦੇ ਪੁੱਤਰਾਂ ਰਣਜੀਤ ਸਿੰਘ ਕੰਧੋਲਾ ਅਤੇ ਰਸ਼ਬੀਰ ਸਿੰਘ ਨਾਲ 408 504 4663 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ. ਕੁਲਵੰਤ ਸਿੰਘ ਮੁਠੱਡਾ ਦੇ ਪਰਿਵਾਰ ਨੂੰ ਸਦਮਾ, ਬੀਬੀ ਹਰਜੀਤ ਕੌਰ ਦਾ ਅਕਾਲ ਚਲਾਣਾ

**ਲੰਡਨ/ਏਟੀ ਨਿਊਜ਼ :** ਅਕਾਲੀ ਦਲ ਅੰਮ੍ਰਿਤਸਰ (ਯੂਕੇ) ਵੱਲੋਂ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪਾਰਟੀ ਦੇ ਜਨਰਲ ਸਕੱਤਰ ਸ. ਕੁਲਵੰਤ ਸਿੰਘ ਮੁਠੱਡਾ ਦੀ ਸਾਲੇਹਾਰ ਬੀਬੀ ਹਰਜੀਤ ਕੌਰ ਬਾਸੀ ਵਾਹਿਗੁਰੂ ਜੀ ਵੱਲੋਂ ਬਖਸ਼ੀ ਹੋਈ ਕਰੀਬ 45 ਕੁ ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਬੀਬੀ ਜੀ ਪੇਸ਼ੇ ਵਜੋਂ ਡਾਕਟਰ ਸਨ ਅਤੇ ਆਪ ਜੀ ਦੇ ਪਤੀ ਸ. ਸਰਬਜੀਤ ਸਿੰਘ ਬਾਸੀ ਵੀ ਡਾਕਟਰ ਹਨ। ਉਹ ਪੰਜਾਬ ਦੇ ਕਸਬਾ ਫਿਲੌਰ ਪੰਜਾਬ ਦੇ ਵਸਨੀਕ ਹਨ। ਜ਼ਿਕਰਯੋਗ ਹੈ ਕਿ ਮੁਠੱਡਾ ਸਾਹਿਬ ਦੇ ਸੰਘਰਸ਼ਮਈ ਜੀਵਨ ਵਿੱਚ ਇਸ ਪੰਥਕ ਵਿਚਾਰਾਂ ਵਾਲੇ ਪਰਿਵਾਰ ਨੇ ਬਹੁਤ ਮੱਦਦ ਕੀਤੀ ਅਤੇ ਹਰ ਦੁੱਖ ਸੁੱਖ ਵਿੱਚ ਡਟ ਕੇ ਸਾਥ ਦਿੱਤਾ। ਦਲ ਦੇ ਪ੍ਰੈਸ ਸਕੱਤਰ ਸ. ਜਗਤਾਰ ਸਿੰਘ ਵਿਰਕ ਨੇ ਪਾਰਟੀ ਵੱਲੋਂ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸਿੱਖ ਸੰਘਰਸ਼ ਵਿੱਚ ਸਰਗਰਮ ਮੁਠੱਡਾ ਸਾਹਿਬ ਲੰਬੇ ਅਰਸੇ ਤੋਂ ਇੰਗਲੈਂਡ ਵਿੱਚ ਜਲਾਵਤਨੀ ਵਾਲਾ ਜੀਵਨ ਬਤੀਤ ਕਰ ਰਹੇ ਹਨ ਅਤੇ ਇਸ ਅਰਸੇ ਦੌਰਾਨ ਆਪ ਜੀ ਦੇ ਮਾਤਾ, ਪਿਤਾ ਅਤੇ ਛੋਟੇ ਭਰਾ ਦੀ ਮੌਤ ਹੋ ਗਈ ਪਰ ਆਪ ਜੀ ਅੰਤਿਮ ਸੰਸਕਾਰ 'ਤੇ ਵੀ ਨਾ ਜਾ ਸਕੇ। ਅਨੰਦ ਕਾਰਜ ਹੋਣ ਤੋਂ ਲੈ ਕੇ ਹਰ ਦੁੱਖ ਸੁੱਖ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਆਪ ਜੀ ਦਾ ਸਾਥ ਨਿਭਾਉਂਦੀ ਆ ਰਹੀ ਆਪ ਜੀ ਦੀ ਧਰਮ ਸੁਪਤਨੀ ਬੀਬੀ ਰਸ਼ਪਾਲ ਕੌਰ ਜੀ ਦੇ ਮਾਤਾ ਪਿਤਾ ਦੀ ਵੀ ਇਸ ਸਮੇਂ ਦੌਰਾਨ ਮੌਤ ਹੋ ਗਈ ਤੇ ਹੁਣ ਉਨ੍ਹਾਂ ਦੀ ਭਰਜਾਈ ਬੀਬੀ ਹਰਜੀਤ ਕੌਰ ਬਾਸੀ ਦਾ ਅਕਾਲ ਚਲਾਣਾ ਉਨ੍ਹਾਂ ਲਈ ਅਤੇ ਪਰਿਵਾਰ ਲਈ ਅਸਹਿ ਹੈ। ਸਮੁੱਚੀ ਪਾਰਟੀ ਮੁਠੱਡਾ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹੋ ਕੇ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਸਾਬਕਾ ਐਸਜੀਪੀਸੀ ਮੈਂਬਰ ਜਥੇਦਾਰ ਸਰੂਪ ਸਿੰਘ ਢੇਸੀ ਦਾ ਕੈਲੀਫੋਰਨੀਆ 'ਚ ਨਿੱਘਾ ਸਵਾਗਤ



ਬੇਕਰਜ਼ਫੀਲਡ ਅਤੇ ਯੂਨੀਅਨ ਸਿਟੀ ਵਿਖੇ ਜਥੇਦਾਰ ਸਰੂਪ ਸਿੰਘ ਢੇਸੀ ਪੰਜਾਬੀ ਭਾਈਚਾਰੇ ਦੀਆਂ ਨਿੱਘੀਆਂ ਸਖਸ਼ੀਅਤਾਂ ਨਾਲ, (ਸੱਜੇ) ਉੱਘੇ ਪੱਤਰਕਾਰ ਤੇ ਲੇਖਕ ਐੱਸ.ਅਸ਼ੋਕ ਭੌਰਾ ਜਥੇਦਾਰ ਢੇਸੀ ਦਾ ਸਵਾਗਤ ਕਰਦੇ ਹੋਏ।

**ਯੂਨੀਅਨ ਸਿਟੀ/ਬੇਕਰਜ਼ਫੀਲਡ/ਬਿਊਰੋ ਨਿਊਜ਼:** ਲੰਬਾ ਸਮਾਂ ਸਿੱਖ ਸਿਆਸਤ 'ਚ ਸਰਗਰਮ ਰਹੇ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਰੀਬੀ ਸਾਥੀਆਂ 'ਚੋਂ ਮੰਨੇ ਜਾਂਦੇ ਜਥੇਦਾਰ ਸਰੂਪ ਸਿੰਘ ਢੇਸੀ ਦਾ ਕੈਲੀਫੋਰਨੀਆ 'ਚ ਵੱਖ ਵੱਖ ਥਾਵਾਂ 'ਤੇ ਖੇਡ ਅਤੇ ਸਮਾਜਿਕ ਸੰਸਥਾਵਾਂ ਵਲੋਂ ਨਿੱਘਾ ਸਵਾਗਤ ਤੇ ਮਾਣ ਸਨਮਾਨ ਕੀਤਾ ਗਿਆ। ਯਾਦ ਰਹੇ ਕਿ ਜਥੇਦਾਰ ਸਰੂਪ ਸਿੰਘ ਢੇਸੀ ਲਗਭਗ 25 ਸਾਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਆਪਣੇ ਪਿੰਡ ਸੰਗ ਢੇਸੀਆਂ (ਜਲੰਧਰ) ਦੇ ਲੰਬਾ ਸਮਾਂ ਸਰਪੰਚ ਅਤੇ ਟਰਾਂਸਪੋਰਟ ਕਿੱਤੇ ਨਾਲ ਜੁੜੇ ਹੋਏ ਹੋਣ ਕਾਰਨ ਗੁਰਾਇਆਂ ਟਰੱਕ ਯੂਨੀਅਨ ਦੇ ਪ੍ਰਧਾਨ ਵੀ ਰਹੇ। ਇੱਥੇ ਯੂਨੀਅਨ ਸਿਟੀ ਪਹੁੰਚਣ 'ਤੇ ਬੇ-ਏਰੀਆ ਸਪੋਰਟਸ ਕਲੱਬ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਕਲੱਬ ਦੇ ਮੁੱਖ ਸੰਚਾਲਕ ਬਲਜੀਤ ਸਿੰਘ ਸੰਧੂ ਨੇ ਕਿਹਾ ਕਿ ਜਥੇਦਾਰ ਢੇਸੀ ਧਾਰਮਿਕ, ਸਮਾਜਿਕ ਅਤੇ ਖੇਡਾਂ ਦੇ ਖੇਤਰ ਵਿਚ ਪੂਰੇ ਸਰਗਰਮ ਰਹੇ ਹਨ ਅਤੇ ਰੁੜਕਾਂ ਕਲਾਂ ਦੇ ਕਬੱਡੀ ਕੱਪ ਵਿਚ ਹਮੇਸ਼ਾ ਸਰਗਰਮ ਸਹਿਯੋਗੀ ਰਹੇ ਹਨ। ਇਸ ਮੌਕੇ ਸ. ਚਰਨਜੀਤ ਸਿੰਘ ਸੰਧੂ, ਸੁਖਜੀਤ ਸਿੰਘ ਸੰਧੂ, ਮੱਖਣ ਸਿੰਘ ਬੈਂਸ, ਕੁਲਵਿੰਦਰ ਸਿੰਘ ਪਿਟਸਬਰਗ, ਜਸਵਿੰਦਰ ਸਿੰਘ ਢੇਸੀ, ਐੱਸ. ਅਸ਼ੋਕ ਭੌਰਾ ਵੀ ਹਾਜ਼ਰ ਸਨ। ਜਥੇਦਾਰ ਢੇਸੀ ਦੇ ਮਾਣ ਸਨਮਾਨ ਵਿਚ ਰਾਤਰੀ ਭੋਜ ਬੇ-ਏਰੀਆ ਸਪੋਰਟਸ ਕਲੱਬ ਵਲੋਂ ਦਿੱਤਾ ਗਿਆ।

ਇਵੇਂ ਹੀ ਬੇਕਰਜ਼ਫੀਲ਼ਡ ਵਿਖੇ ਪਿੰਡ ਸੰਗ ਢੇਸੀਆਂ ਦੇ ਵਾਸੀਆਂ ਵਲੋਂ ਸਾਂਝੇ ਰੂਪ ਵਿਚ ਆਪਣੇ ਪੁਰਾਣੇ ਸਰਪੰਚ ਜਥੇਦਾਰ ਸਰੂਪ ਸਿੰਘ ਢੇਸੀ ਦੇ ਸਨਮਾਨ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਕੀਤਾ ਗਿਆ। ਜਥੇਦਾਰ ਢੇਸੀ ਦਾ ਸਨਮਾਨ ਕਰਨ ਵਾਲਿਆਂ ਵਿਚ ਮਲਕੀਤ ਸਿੰਘ ਢੇਸੀ, ਜਸਵਿੰਦਰ ਸਿੰਘ ਢੇਸੀ, ਹਰਦੀਪ ਸਿੰਘ ਢੇਸੀ, ਸੱਬਾ ਢੇਸੀ, ਸਾਥੀ ਸੰਘੇੜਾ, ਸੁੱਖਾ ਛੋਕਰ ਅਤੇ ਗੁਰਪ੍ਰੀਤ ਗਰੇਵਾਲ ਦੇ ਨਾਮ ਵਿਸ਼ੇਸ਼ ਹਨ। ਇਸ ਮੌਕੇ ਵੱਖ ਵੱਖ ਸਖਸ਼ੀਅਤਾਂ ਨੇ ਜਥੇਦਾਰ ਢੇਸੀ ਦੀ ਪੰਥ ਅਤੇ ਸਿੱਖ ਕੌਮ ਨੂੰ ਪ੍ਰਦਾਨ ਸੇਵਾਵਾਂ ਦੀ ਪ੍ਰਸੰਸਾ ਕੀਤੀ ਤੇ ਉਹਨਾਂ ਨੂੰ ਸਨਮਾਨ ਵਿਚ ਦੁਸ਼ਾਲਾ ਭੇਟ ਕੀਤਾ। ਇਸ ਮੌਕੇ 'ਤੇ ਜਥੇਦਾਰ ਢੇਸੀ ਨੇ ਬੋਲਦਿਆਂ ਕਿਹਾ ਕਿ ਉਹ ਮੌਜੂਦਾ ਸਿੱਖ ਸਿਆਸਤ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਿਨਾਰਾ ਇਕ ਤਰ੍ਹਾਂ ਨਾਲ ਇਸ ਕਰਕੇ ਕਰ ਗਏ ਹਨ ਕਿ ਇਮਾਨਦਾਰ ਅਤੇ ਅਸੂਲੀ ਬੰਦਿਆਂ ਦੀ ਹੁਣ ਪੁੱਛ ਪ੍ਰਤੀਤ ਨਹੀਂ ਰਹੀ। ਉਨ੍ਹਾਂ ਸਮੂਹ ਕੈਲੀਫੋਰਨੀਆ ਨਿਵਾਸੀਆਂ ਦਾ ਮਾਣ ਸਨਮਾਨ ਦੇਣ ਲਈ ਧੰਨਵਾਦ ਵੀ ਕੀਤਾ। ਇਸ ਫੇਰੀ ਦੌਰਾਨ ਉਹਨਾਂ ਆਪਣੇ ਪੱਤਰਕਾਰ ਦੋਸਤ ਐੱਸ.ਅਸ਼ੋਕ ਭੌਰਾ ਨਾਲ ਵੀ ਇਕ ਵਿਸ਼ੇਸ਼ ਮਿਲਣੀ ਕੀਤੀ।

## ਸਰਦਾਰਨੀ ਗੁਰਦੀਸ਼ ਕੌਰ ਗਾਖ਼ਲ ਜੀ ਦਾ ਅਕਾਲ ਚਲਾਣਾ, ਸੰਸਕਾਰ 28 ਅਪ੍ਰੈਲ ਨੂੰ



**ਫਰੀਮੌਂਟ/ਏਟੀ ਨਿਊਜ਼ :** ਸਰਦਾਰਨੀ ਗੁਰਦੀਸ਼ ਕੌਰ ਗਾਖਲ਼ ਜੋ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਆਪਣੇ ਸੁਆਸ ਪੂਰੇ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਮਾਤਾ ਜੀ ਦਾ ਸੰਸਕਾਰ ਮਿਤੀ 28 ਅਪ੍ਰੈਲ ਦਿਨ ਐਤਵਾਰ ਨੂੰ 12 ਤੋਂ 2 ਵਜੇ ਚੈਪਲ਼ਸ ਆਫ ਚਾਇਮਸ ਹੇਵਰਡ ਵਿਖੇ ਹੋਵੇਗਾ। ਇਸ ਤੋਂ ਉਪਰੰਤ ਗੁਰਘਰ ਫਰੀਮੌਂਟ ਵਿਖੇ ਅੰਤਿਮ ਅਰਦਾਸ ਹੋਵੇਗੀ।


CIS CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

## ਆਖ਼ਰੀ ਕਿਸ਼ਤ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

75. ਇਉਂ ਡਾਕਟਰੀ ਸਬੂਤ (ਗਵਾਹੀ) ਤੋਂ ਇਹ ਸਾਬਿਤ ਹੁੰਦਾ ਹੈ ਕਿ ਸਾਰੇ ਚਾਰ ਮ੍ਰਿਤਕਾਂ ਨੂੰ ਉਨ੍ਹਾਂ ਦੀ ਛਾਤੀ ਅਤੇ ਉਸ ਤੋਂ ਉਪਰ ਗੋਲੀਆਂ ਚੱਲਣ ਨਾਲ ਸੱਟਾਂ ਲੱਗੀਆਂ ਸਨ, ਜ਼ਖ਼ਮੀ ਵਿਅਕਤੀਆਂ ਵਿਚੋਂ ਬਖ਼ਸ਼ੀਸ਼ ਸਿੰਘ, ਬਲਬੀਰ ਸਿੰਘ ਸਪੁੱਤਰ ਸੌਦਾਗਰ ਸਿੰਘ, ਤਰਸੇਮ ਸਿੰਘ ਅਤੇ ਲਖਬੀਰ ਸਿੰਘ ਨੂੰ ਗੋਲੀਆਂ ਲੱਗਣ ਨਾਲ ਸੱਟਾਂ ਲੱਗੀਆਂ ਸਨ। ਸ੍ਰੀ ਬਖ਼ਸ਼ੀਸ਼ ਸਿੰਘ ਦੇ ਗੋਲੀਆਂ ਨਾਲ ਸੱਟ ਸੱਜੇ ਰੰਗ-ਭਾਅ ਵਾਲੇ ਖੇਤਰ (ਹਿਪੋਕੋਨਡਰੀਅਲ ਰਿਜਲ) ਵਿਖੇ, ਬਲਬੀਰ ਸਿੰਘ ਦੇ ਛਾਤੀ ਦੇ ਸਾਹਮਣੇ, ਤਰਸੇਮ ਸਿੰਘ ਦੇ ਖੱਬੇ ਪੱਟ ਦੇ ਸਾਹਮਣੇ ਅਤੇ ਲਖਬੀਰ ਸਿੰਘ ਦੇ ਸੱਜੇ ਗਿੱਟੇ 'ਤੇ ਗੋਲੀਆਂ ਲੱਗਣ ਨਾਲ ਸੱਟਾਂ ਲੱਗੀਆਂ ਸਨ। ਉਪਰੋਕਤ ਵਿਅਕਤੀਆਂ ਦੀਆਂ ਸੱਟਾਂ ਦੀਆਂ ਥਾਵਾਂ ਇਹ ਦਰਸਾਉਂਦੀਆਂ ਹਨ ਕਿ ਚਲਾਈਆਂ ਗਈਆਂ ਸਾਰੀਆਂ ਗੋਲੀਆਂ ਦਾ ਨਿਸ਼ਾਨਾ ਸਰੀਰ ਦੇ ਹੇਠਲੇ ਹਿੱਸਿਆਂ 'ਤੇ ਨਹੀਂ ਸੀ ਸੇਧਿਆ ਗਿਆ।

76. ਗੋਲੀਆਂ ਚੱਲਣ ਤੋਂ ਬਾਅਦ ਵੀ ਸ੍ਰੀ ਏ.ਕੇ. ਸ਼ਰਮਾ ਨੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਭੀੜ 'ਤੇ ਗੋਲੀਆਂ ਚਲਾਉਣ ਬਾਰੇ ਸੁਨੇਹਾ ਨਹੀਂ ਸੀ ਦਿੱਤਾ, ਜਦਕਿ ਜ਼ਿਲ੍ਹਾ ਮੈਜਿਸਟ੍ਰੇਟ ਕੇਵਲ 1 ਕਿਲੋਮੀਟਰ ਦੇ ਫਾਸਲੇ 'ਤੇ ਹੀ ਮੌਜੂਦ ਸੀ। ਹਾਲਾਤ ਇਹ ਦਰਸਾਉਂਦੇ ਹਨ ਕਿ ਭੀੜ ਹਿੰਸਕ ਨਹੀਂ ਸੀ ਹੋਈ। ਭੀੜ ਵਿਚ ਸ਼ਾਮਲ ਲੋਕਾਂ ਦਾ ਮੰਤਵ ਗੁਰਦੁਆਰੇ ਜਾਣਾ ਸੀ, ਕਿਉਂਕਿ ਜੋ ਉਨ੍ਹਾਂ ਵੱਲੋਂ ਪਵਿੱਤਰ 'ਬੀੜਾਂ' ਦਾ ਸਾੜਿਆ ਜਾਣਾ ਧਾਰਮਿਕ ਬੇਅਦਬੀ ਦੀ ਕਾਰਵਾਈ ਵਜੋਂ ਸਮਝਿਆ ਗਿਆ ਸੀ। ਇਹ ਗੱਲ ਵਿਚ ਸ਼ੱਕਸ਼ੁਭ਼ਾ ਨਹੀਂ ਕਿ ਭੀੜ ਦੇ ਮੈਂਬਰ ਬੰਦੂਕ, ਪਿਸਤੌਲਾਂ ਜਾਂ ਮਾਰੂ ਹਥਿਆਰਾਂ ਨਾਲ ਲੈਸ ਸਨ। ਇਥੋਂ ਤੱਕ ਕਿ ਜੇਕਰ ਭੀੜ ਵਾਲੇ ਕੁਝ ਲੋਕਾਂ ਨੇ ਲਾਠੀਆਂ ਅਤੇ ਕਿਰਪਾਨਾਂ ਚੁੱਕੀਆਂ ਵੀ ਸਨ, ਤਾਂ ਵੀ ਉਨ੍ਹਾਂ ਵਲੋਂ ਸੁਰੱਖਿਆ ਬਲਾਂ ਨੂੰ ਕੋਈ ਖਤਰਾ ਨਹੀਂ ਸੀ ਹੋ ਸਕਦਾ, ਜੋ ਕਿ ਬੰਦੂਕਾਂ, ਪਿਸਤੌਲਾਂ ਅਤੇ ਹੋਰ ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਸਨ ਅਤੇ ਕਾਫ਼ੀ ਫਾਸਲੇ 'ਤੇ ਸਨ। ਜਦੋਂ ਭੀੜ ਨਕੋਦਰ ਵਿਖੇ ਅੱਗੇ ਗੁਰਦੁਆਰੇ ਜਾਣ ਲਈ ਬਜ਼ਿੱਦ ਸੀ ਤਾਂ ਸ੍ਰੀ ਸ਼ਰਮਾ ਨੂੰ ਮੌਕੇ 'ਤੇ ਭੀੜ ਦੇ ਲੋਕਾਂ ਨਾਲ ਗੱਲਬਾਤ ਕਰਨੀ ਚਾਹੀਦੀ ਸੀ। ਜੇਕਰ ਸਥਿਤੀ ਨਾਲ ਸਹੀ ਢੰਗ ਨਾਲ ਨਜਿੱਠਿਆ ਜਾਂਦਾ ਤਾਂ ਗੋਲੀਆਂ ਚਲਾਉਣ ਦਾ ਹੀਲਾ ਕਰਨ ਦੀ ਜ਼ਰੂਰਤ ਹੀ ਨਹੀਂ ਪੈਣੀ ਸੀ। ਸ੍ਰੀ ਏ.ਕੇ. ਸ਼ਰਮਾ ਪੁਲਿਸ ਕਪਤਾਨ (ਆਪ੍ਰੇਸ਼ਨ) ਬਿਆਨ ਦਿੰਦਾ ਹੈ ਕਿ ਉਸ ਰਬੜ ਦੀਆਂ (ਪਲਾਸਟਿਕ) ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ, ਪ੍ਰੰਤੂ ਉਨ੍ਹਾਂ ਡਾਕਟਰਾਂ, ਜਿਨ੍ਹਾਂ ਨੇ ਜਨਤਾ ਵਿਚੋਂ ਜ਼ਖ਼ਮੀ ਵਿਅਕਤੀਆਂ ਦਾ ਮੁਆਇਨਾ ਕੀਤਾ ਸੀ, ਨੇ ਇਹ ਨਹੀਂ ਕਿਹਾ ਕਿ ਉਨ੍ਹਾਂ ਵਿਚੋਂ ਕਿਸੇ ਵੀ ਵਿਅਕਤੀ ਦੇ ਰਬੜ ਦੀਆਂ ਗੋਲੀਆਂ ਵਾਲੇ ਜ਼ਖ਼ਮ ਹਨ। ਜੇਕਰ ਭੀੜ ਵਿਚਲੇ ਲੋਕਾਂ ਨੂੰ ਇਹ ਦੱਸ ਦਿੱਤਾ ਗਿਆ ਹੁੰਦਾ ਕਿ ਗੋਲੀਆਂ ਚਲਾਉਣ ਦਾ ਹੀਲਾ ਵਰਤਿਆ ਜਾ ਰਿਹਾ ਹੈ, ਤਾਂ ਸੰਭਵ ਹੈ ਭੀੜ ਜ਼ਰੂਰ ਹੀ ਤਿਤਰ ਬਿਤਰ ਹੋ ਜਾਂਦੀ। ਹਵਾ ਵਿਚ ਗੋਲੀਆਂ ਚਲਾਉਣ ਨਾਲ ਵੀ ਮੰਤਵ ਦੀ ਪੂਰਤੀ ਹੋ ਸਕਦੀ ਸੀ। ਇਹ ਸਾਰੇ ਹਾਲਾਤ ਦਰਸਾਉਂਦੇ ਹਨ ਕਿ ਸ੍ਰੀ ਏ.ਕੇ. ਸ਼ਰਮਾ ਦੁਆਰਾ ਸਥਿਤੀ ਨਾਲ ਮੁਨਾਸਬ ਤੌਰ 'ਤੇ ਨਹੀਂ ਨਜਿੱਠਿਆ ਗਿਆ ਅਤੇ ਇਥੋਂ ਤੱਕ ਕਿ ਉਸ ਨੇ ਸੀਨੀਅਰ ਪੁਲਿਸ ਕਪਤਾਨ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਦੀ ਵੀ ਮਦਦ ਨਹੀਂ ਲਈ ਜੋ ਕਿ ਉਪਲਬਧ (ਹਾਜ਼ਰ) ਸਨ। ਸਾਰੇ ਚਾਰ ਮ੍ਰਿਤਕ ਵਿਅਕਤੀਆਂ ਨੂੰ ਉਨ੍ਹਾਂ ਦੇ ਸਰੀਰ ਦੇ ਦੋ ਮਹੱਤਵਪੂਰਨ ਹਿੱਸਿਆਂ 'ਤੇ ਗੋਲੀਆਂ ਮਾਰੀਆਂ ਗਈਆਂ ਸਨ, ਫੱਟੜ ਵਿਅਕਤੀਆਂ ਵਿਚੋਂ ਦੋ ਵਿਅਕਤੀਆਂ ਨੂੰ ਵੀ ਉਨ੍ਹਾਂ ਦੇ ਸਰੀਰਾਂ ਦੇ ਉਪਰਲੇ ਹਿੱਸੇ 'ਤੇ ਗੋਲੀਆਂ ਨਾਲ ਸੱਟਾਂ ਲੱਗੀਆਂ ਸਨ। ਜੋ ਇਹ ਦਰਸਾਉਂਦਾ ਹੈ ਕਿ ਗੋਲੀਆਂ ਚਲਾਉਣ ਬਾਰੇ ਪੁਲਿਸ ਨਿਯਮਾਂ ਮੁਤਾਬਕ ਕਾਰਵਾਈ ਨਹੀਂ ਕੀਤੀ ਗਈ ਸੀ। ਭੀੜ ਕੋਲ ਅਜਿਹੇ ਹਥਿਆਰ ਨਹੀਂ ਸਨ ਜੋ ਕਿ ਸੁਰੱਖਿਆ ਬਲਾਂ ਲਈ ਖਤਰੇ ਦਾ ਕਾਰਨ ਬਣ ਸਕਦੇ। ਉਹ ਅਜੇ ਵੀ ਸੁਰੱਖਿਆ ਬਲਾਂ ਤੋਂ 15-20 ਗਜ਼ ਦੀ ਦੂਰੀ 'ਤੇ ਸਨ ਅਤੇ ਸੁਰੱਖਿਆ ਕਰਮਚਾਰੀਆਂ ਦੀਆਂ ਜਾਨਾਂ ਨੂੰ ਕੋਈ ਖਤਰਾ ਨਹੀਂ ਸੀ ਅਤੇ ਨਾ ਜਨਤਕ ਵਿਅਕਤੀਆਂ ਨੂੰ ਹੀ ਖਤਰਾ ਸੀ। ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਪੁੱਤਰ ਸ੍ਰੀ ਸੰਤਾ ਸਿੰਘ ਵਾਸੀ ਚੱਕ ਕਲਾਂ ਤਹਿਸੀਲ ਨਕੋਦਰ ਨੇ, ਆਪਣੇ ਦਾਇਰ ਕੀਤੇ ਤੱਥਾਂ ਦੇ ਬਿਆਨਾਂ ਵਿਚ ਇਹ ਕਿਹਾ ਸੀ ਕਿ ਸ੍ਰੀ ਹਰਿੰਦਰ ਸਿੰਘ ਅਤੇ ਉਸ ਦੇ ਸਾਥੀ ਨੱਥਾ ਸਿੰਘ ਆਰਾ ਮਿੱਲ ਅੰਦਰ ਗਏ। ਉਨ੍ਹਾਂ ਨੂੰ ਬਾਹਰ ਲਿਆਂਦਾ ਅਤੇ ਸੜਕ 'ਤੇ ਖੜ੍ਹਾ ਕਰਵਾਇਆ ਗਿਆ। ਅੰਨ੍ਹੇਵਾਹ ਗੋਲੀਆਂ ਚੱਲਣ ਕਰਕੇ ਉਹ ਬਚ ਕੇ ਇਕਬਾਲ ਸਿੰਘ ਗਿੱਲ ਪੁੱਤਰ ਸ੍ਰੀ ਦਲੀਪ ਸਿੰਘ ਸ਼ੇਰਪੁਰ ਮੁਹੱਲਾ ਦੇ ਘਰ ਅੰਦਰ ਚਲਾ ਗਿਆ ਜਿਥੇ ਕਿ ਉਸ ਨੇ ਆਪਣੇ ਆਪ ਨੂੰ ਛਿਪਾ ਲਿਆ। ਘੋੜ ਸਵਾਰ ਪੁਲਿਸ ਕਰਮੀਆਂ ਸਮੇਤ ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਉਸ ਘਰ ਵਿਚੋਂ ਗ੍ਰਿਫ਼ਤਾਰ ਕਰ ਲਿਆ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਤਸੀਹੇ ਦਿੱਤੇ ਗਏ ਅਤੇ ਉਸ ਦੀ ਬਾਂਹ ਟੁੱਟ ਗਈ ਸੀ ਅਤੇ ਉਹ 7 ਫਰਵਰੀ 1986 ਤੱਕ ਹਸਪਤਾਲ ਰਿਹਾ ਸੀ। ਡਾਕਟਰੀ ਕਾਨੂੰਨ ਰਿਪੋਰਟ ਵਿਚ ਉਸ ਦਾ ਨਾਂ ਹਰਜਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਜੋਂ ਲਿਖਿਆ ਹੋਇਆ ਹੈ। ਡਾਕਟਰ, ਜਿਸ ਨੇ ਉਸ ਨੂੰ ਦਾਖ਼ਲ ਕੀਤਾ ਸੀ, ਨੇ ਇਹ ਗੱਲ ਮੰਨੀ ਸੀ ਕਿ ਉਸ ਨੂੰ 7 ਫਰਵਰੀ, 1986 ਨੂੰ ਜਾਣ ਦੀ ਖੁੱਲ੍ਹੀ ਇਜਾਜ਼ਤ ਦਿੱਤੀ ਗਈ (ਡਿਸਚਾਰਜ ਕੀਤਾ ਗਿਆ) ਸੀ। ਸ੍ਰੀ ਹਰਜਿੰਦਰ ਪਾਲ ਦੀ ਡਾਕਟਰੀ ਕਾਨੂੰਨੀ ਰਿਪੋਰਟ ਉਸੇ ਵਿਅਕਤੀ ਦੀ ਜਾਪਦੀ ਹੈ,

ਜਿਸ ਨੇ ਦਾਇਰ ਕੀਤੇ ਆਪਣੇ ਹਲਫ਼ੀਆ ਬਿਆਨ ਵਿਚ ਉਸ ਦਾ ਨਾਂ ਹਰਜਿੰਦਰ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਦੱਸਿਆ ਹੈ। ਸ੍ਰੀ ਹਰਜਿੰਦਰ ਸਿੰਘ ਦੁਆਰਾ ਦਿੱਤੇ ਬਿਆਨ ਦੀ ਸ੍ਰੀ ਇਕਬਾਲ ਸਿੰਘ ਦੇ ਹਲਫ਼ੀਆ ਬਿਆਨ ਤੋਂ ਤਾਦੀਦ ਹੁੰਦੀ ਹੈ ਭਾਵੇਂ ਕਿ ਉਸ ਨੇ ਕਿਸੇ ਵਿਅਕਤੀ ਦਾ ਨਾਂ ਨਹੀਂ ਲਿਆ ਸੀ। ਸ੍ਰੀ ਹਰਜਿੰਦਰ ਸਿੰਘ, ਸ੍ਰੀ ਇਕਬਾਲ ਸਿੰਘ, ਸ੍ਰੀ ਬਲਵੰਤ ਸਿੰਘ ਅਤੇ ਸ੍ਰੀਮਤੀ ਹਰਭਜਨ ਕੌਰ, ਨਿਵਾਸੀ ਮੁਹੱਲਾ ਸ਼ੇਰਪੁਰ ਦਾ ਇਹ ਝੂਠਾ ਬਿਆਨ ਦੇਣ ਲਈ ਪੁਲਿਸ ਨਾਲ ਕੋਈ ਵੈਰ ਨਹੀਂ ਹੈ ਕਿ ਭੀੜ ਦੇ ਮੈਂਬਰਾਂ ਦਾ ਸੁਰੱਖਿਆ ਕਰਮੀਆਂ ਦੁਆਰਾ ਪਿੱਛਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਮੁਹੱਲਾ ਸ਼ੇਰਪੁਰ ਦੇ ਘਰਾਂ ਵਿਖੇ ਪਨਾਹ (ਸ਼ਰਨ) ਲਈ ਸੀ। ਚੱਲੀ ਹੋਈ ਇਕ ਗੋਲੀ ਗਿਆਨੀ ਬਚਨ ਸਿੰਘ ਵਾਸੀ ਮੁਹੱਲਾ ਸ਼ੇਰਪੁਰ ਦੁਆਰਾ ਉਦੋਂ ਹੀ ਪੇਸ਼ ਕੀਤੀ ਗਈ ਸੀ ਜਦੋਂ ਮੈਂ ਘਟਨਾ ਸਥਾਨ ਦਾ ਨਿਰੀਖਣ ਕੀਤਾ ਸੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੇਸ਼ ਕੀਤੇ ਗਏ ਸਬੂਤ ਤੋਂ ਇਹ ਪਤਾ ਲੱਗਾ ਹੈ ਕਿ ਤਕਰੀਬਨ 300 ਗੋਲੀਆਂ ਚਲਾਈਆਂ ਗਈਆਂ ਸਨ। ਇਹ ਹੁਕਮ ਕਿ ਪ੍ਰਭਾਵਕਾਰੀ ਗੋਲੀਆਂ ਸਰੀਰ ਦੇ ਹੇਠਲੇ ਹਿੱਸੇ 'ਤੇ ਚਲਾਈਆਂ ਜਾਣ, ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਸੀ ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਮਾਰੇ ਗਏ ਚਾਰੇ ਵਿਅਕਤੀਆਂ ਦੇ ਸਰੀਰਾਂ ਦੇ ਮਹੱਤਵਪੂਰਨ ਹਿੱਸਿਆਂ 'ਤੇ ਹੀ ਨਿਸ਼ਾਨਾ ਸਾਧਿਆ ਗਿਆ ਸੀ ਤਾਂ ਜੋ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ।

77. ਸਥਿਤੀ ਅਜਿਹੀ ਨਹੀਂ ਸੀ ਕਿ ਪ੍ਰਭਾਵਸ਼ਾਲੀ ਗੋਲੀਆਂ ਚਲਾਉਣ ਤੋਂ ਬਗੈਰ ਜਨਤਾ ਦੀ ਜਾਨ ਤੇ ਮਾਲ ਨੂੰ ਕੋਈ ਖਤਰਾ ਹੋ ਸਕਦਾ। ਭੀੜ ਸਾਧਾਰਨ ਤੌਰ 'ਤੇ ਹੀ ਅੱਗ ਨਾਲ ਸੜੀਆਂ ਹੋਈਆਂ ਪਵਿੱਤਰ 'ਬੀੜਾਂ' ਦੇ 'ਦਰਸ਼ਨ' ਲਈ ਗੁਰਦੁਆਰਾ ਜਾਣ ਲਈ ਅੱਗੇ ਵਧ ਰਹੀ ਸੀ ਅਤੇ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਕੁਝ ਪੁਲਿਸ ਕਰਮਚਾਰੀਆਂ ਨੂੰ ਸਾਧਾਰਨ ਜਿਹੀਆਂ ਸੱਟਾਂ ਲੱਗਣ ਕਰਕੇ ਚਾਰ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਅਤੇ ਅੱਠ ਵਿਅਕਤੀਆਂ ਨੂੰ ਫੱਟੜ ਕਰ ਦੇਣਾ ਉਚਿਤ ਨਹੀਂ ਸੀ। ਇਸ ਲਈ 4 ਫਰਵਰੀ 1986 ਨੂੰ ਨਕੋਦਰ ਵਿਖੇ ਪੁਲਿਸ ਦੁਆਰਾ ਗੋਲੀ ਚਲਾਉਣੀ ਉਚਿਤ ਨਹੀਂ ਸੀ ਅਤੇ ਇਹ ਟਾਲੀ ਜਾ ਸਕਦੀ ਸੀ।

**78. ਵਿਚਾਰ ਗੋਚਰੀ ਚੌਥੀ ਗੱਲ ਨਿਮਨ ਅਨੁਸਾਰ ਪੜ੍ਹੀ ਜਾਂਦੀ ਹੈ-**
'ਕੀ 3 ਫਰਵਰੀ 1986, 4 ਫਰਵਰੀ 1986 ਅਤੇ 5 ਫਰਵਰੀ 1986 ਨੂੰ ਪੁਲਿਸ ਦੁਆਰਾ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਵਿਚ ਕੋਈ ਊਣਤਾਈ ਸੀ ਅਤੇ ਕੀ ਕਾਨੂੰਨ ਤੇ ਵਿਵਸਥਾ ਸੰਬੰਧੀ ਤੈਨਾਤ ਪੁਲਿਸ ਕਰਮੀਆਂ ਵਲੋਂ ਡਿਊਟੀ ਦੌਰਾਨ ਵਿਅਕਤੀਗਤ ਤੌਰ 'ਤੇ ਕੋਈ ਲੈਪਸ ਜਾਂ ਅਣਗਹਿਲੀ ਰਹੀ ਸੀ।"

2 ਫਰਵਰੀ, 1986 ਨੂੰ ਤਕਰੀਬਨ 9:30 ਵਜੇ ਰਾਤੀਂ ਸ੍ਰੀ ਦਰਬਾਰਾ ਸਿੰਘ ਗੁਰੂ, ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਨੂੰ ਇਹ ਜਾਣਕਾਰੀ ਮਿਲੀ ਸੀ ਕਿ ਸਥਾਨਕ ਅਕਾਲੀ ਨੇਤਾਵਾਂ ਨੇ 3 ਫਰਵਰੀ 1986 ਨੂੰ ਜਲੂਸ ਕੱਢਣ ਦਾ ਫੈਸਲਾ ਕੀਤਾ ਸੀ ਅਤੇ ਨਕੋਦਰ ਨਗਰ ਵਿਚ ਬੰਦ ਦਾ ਸੱਦਾ ਦਿੱਤਾ ਸੀ। ਉਸ ਨੇ ਡੀਐਸਪੀ. ਸਹਿਤ ਅਕਾਲੀ ਨੇਤਾਵਾਂ ਨਾਲ ਸੰਪਰਕ ਕੀਤਾ ਅਤੇ ਇਹ ਪਤਾ ਲੱਗਾ ਕਿ ਉਹ ਜਲੂਸ ਕੱਢਣ ਲਈ ਬਜ਼ਿੱਦ ਸਨ ਅਤੇ ਉਹ ਕੇਵਲ ਉਨ੍ਹਾਂ ਨੂੰ ਨਗਰ ਦੀ ਘਣੀ ਵਸੋਂ ਵਾਲੇ ਇਲਾਕਿਆਂ ਵਿਚੋਂ ਜਲੂਸ ਨਾ ਕੱਢਣ ਤੇ ਦੁਕਾਨਾਂ ਬੰਦ ਕਰਾਉਣ ਲਈ ਜ਼ਬਰਦਸਤੀ ਨਾ ਕਰਨ ਸਬੰਧੀ ਪੈਰਵੀ ਕਰਨ ਦੇ ਹੀ ਸਮਰੱਥ ਹੋਏ ਸਨ। ਐਸਡੀਐਮ. ਨਕੋਦਰ ਨੇ ਇਹਤਿਆਤ ਵਜੋਂ 3 ਫਰਵਰੀ, 1986 ਨੂੰ ਸਾਰੇ ਕਾਲਜ ਬੰਦ ਕਰਨ ਦਾ ਹੁਕਮ ਦੇ ਦਿੱਤਾ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜ-ਕਰਤਾਵਾਂ ਨੇ ਨਕੋਦਰ-ਕਪੂਰਥਲਾ ਸੜਕ ਉਤਲੇ ਸ਼ੇਰਪੁਰ ਪੁਲ 'ਤੇ ਟ੍ਰੈਫਿਕ ਰੋਕ ਦਿੱਤੀ ਸੀ ਅਤੇ ਉਨ੍ਹਾਂ ਦੀ ਮੰਗ ਨਕੋਦਰ ਦੇ ਹਿੰਦੂ ਸ਼ਿਵ ਸੈਨਾ ਪ੍ਰਧਾਨ ਨੂੰ ਗ੍ਰਿਫ਼ਤਾਰ ਕੀਤੇ ਜਾਣ ਲਈ ਸੀ। ਸ੍ਰੀ ਮਾਲੀ, ਜਿਸ ਨੇ ਇਕੱਠ ਨੂੰ ਸੰਬੋਧਨ ਕੀਤਾ ਸੀ, ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ 'ਬੀੜਾਂ' ਸਿੱਖਾਂ ਲਈ ਮਾਪਿਆਂ ਵਾਂਗ ਹਨ ਅਤੇ ਉਹ ਜਲਾ ਦਿੱਤੀਆਂ ਗਈਆਂ ਹਨ। ਏਐਸਐਫ਼. ਨੇਤਾ ਨੇ ਇਹ ਅਲਟੀਮੇਟਮ (ਚਿਤਾਵਨੀ) ਦਿੱਤੀ ਸੀ ਕਿ ਜੇਕਰ ਹਿੰਦੂ ਸ਼ਿਵ ਸੈਨਾ ਦੇ ਪ੍ਰਧਾਨ ਨੂੰ ਉਸੇ ਦਿਨ 6 ਵਜੇ ਸ਼ਾਮ ਤੱਕ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਅਗਲੇ ਦਿਨ ਉਹ ਆਪ ਹੀ ਬਦਲਾ ਲੈਣਗੇ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ, ਸ੍ਰੀ ਗੁਰਜੀਤ ਸਿੰਘ ਐਸਪੀ. (ਖੁਫ਼ੀਆ) ਸਹਿਤ ਨਗਰ ਨੂੰ ਗਿਆ ਅਤੇ ਉਸ ਨੂੰ ਇਹ ਪਤਾ ਲੱਗਾ ਕਿ ਜਲੂਸ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਨੇ ਕੁਝ ਦੁਕਾਨਾਂ ਨੂੰ ਨੁਕਸਾਨ ਪਹੁੰਚਾਇਆ ਸੀ। ਸ਼ਾਮ ਨੂੰ ਕਰੀਬ 7 ਵਜੇ ਉਨ੍ਹਾਂ ਨੂੰ ਪਤਾ ਲੱਗਾ ਕਿ ਸ੍ਰੀ ਰਮਾਂਕਾਂਤ ਜਲੋਟਾ ਨਕੋਦਰ ਆਇਆ ਸੀ ਅਤੇ ਉਸ ਨੇ ਸੈਂਕੜੇ ਹਿੰਦੂਆਂ ਨੂੰ ਨਾਲ ਲੈ ਕੇ ਜਲੂਸ ਕੱਢਿਆ ਸੀ। ਉਨ੍ਹਾਂ ਨੂੰ ਇਹ ਵੀ ਪਤਾ ਲੱਗਾ ਕਿ ਹਿੰਦੂ, ਲੜਕਿਆਂ ਨੇ ਗਰੁੱਪ ਬਣਾ ਲਏ ਸਨ ਅਤੇ ਉਹ ਨਗਰ ਦੀਆਂ ਗਲੀਆਂ ਵਿਚ ਤੁਰ ਫਿਰ ਰਹੇ ਸਨ ਅਤੇ ਉਨ੍ਹਾਂ ਨੇ ਨੁਕਸਾਨ ਵੀ ਪਹੁੰਚਾਇਆ ਸੀ ਪ੍ਰੰਤੂ ਸ਼ਾਮ ਦੇ 7:30 ਵਜੇ ਸਨ ਕਿ ਕਰਫਿਊ ਨਾਫਿਜ਼ ਕਰ ਦਿੱਤਾ ਗਿਆ ਸੀ।

79. ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ 'ਬੀੜਾਂ' ਦਾ ਸੜਨਾ ਇਕ ਅਜਿਹੀ ਕਾਰਵਾਈ ਸੀ ਜਿਸ ਕਰਕੇ ਸਿੱਖ ਭਾਈਚਾਰੇ ਦੇ ਜਜ਼ਬਾਤ ਭੜਕਾਏ ਜਾ ਸਕਦੇ ਸਨ ਅਤੇ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਪੈਦਾ ਕੀਤੀ ਜਾਣੀ ਸੀ। ਅਧਿਕਾਰੀਆਂ ਨੂੰ ਸਿੱਖਾਂ ਜਾਂ ਹਿੰਦੂ ਸ਼ਿਵ ਸੈਨਾ ਦੇ ਲੋਕਾਂ ਦੁਆਰਾ ਕੋਈ ਜਲੂਸ ਕੱਢੇ ਜਾਣ ਨੂੰ ਟਾਲਣ ਵਾਸਤੇ ਛੇਤੀ ਹੀ ਮੌਕੇ ਤੇ ਇਹਤਿਹਾਤੀ ਉਪਰਾਲੇ ਕਰ ਲੈਣੇ ਚਾਹੀਦੇ ਸਨ। ਜੇਕਰ ਕਰਫਿਊ ਪਵਿੱਤਰ 'ਬੀੜਾਂ' ਦੇ ਸਾੜੇ ਜਾਣ ਦੀ ਘਟਨਾ ਦੇ ਫੌਰਨ ਬਾਅਦ ਨਾਫਿਜ਼ ਕਰ ਦਿੱਤਾ ਜਾਂਦਾ ਤਾਂ ਸਥਿਤੀ ਪੁਲਿਸ ਦੁਆਰਾ ਕੰਟਰੋਲ ਕਰ ਲਈ ਜਾਣੀ ਸੀ। ਹੋਰ ਵੀ ਕਿ ਨਕੋਦਰ ਨਗਰ ਵਿਚ ਕੋਈ ਵਧੀਕ ਪੁਲਿਸ ਬਲ ਤੈਨਾਤ ਨਹੀਂ ਸੀ ਕੀਤਾ ਗਿਆ, ਭਾਵੇਂ ਕਿ ਏਆਈਐਸਐਸਐਫ਼. ਦੇ ਲੋਕਾਂ ਦੁਆਰਾ ਭੜਕਾਊ ਭਾਸ਼ਣ ਦਿੱਤੇ ਜਾ ਰਹੇ ਸਨ ਅਤੇ ਸ੍ਰੀ ਜਲੋਟਾ ਬਾਹਰੋਂ ਆ ਗਿਆ ਸੀ ਅਤੇ ਉਸ ਨੇ ਭਾਸ਼ਣ ਦਿੱਤੇ ਸਨ ਅਤੇ ਜਲੂਸ ਦਾ ਇੰਤਜ਼ਾਮ ਕੀਤਾ ਸੀ। ਉਸ ਵੇਲੇ ਸਥਿਤੀ ਨੂੰ ਕਾਬੂ ਵਿਚ ਲਿਆਉਣ ਲਈ ਹੋਰ ਪੁਲਿਸ ਬਲ ਤੈਨਾਤ ਕਰਨਾ ਜ਼ਰੂਰੀ ਸੀ। ਨਕੋਦਰ ਵਿਚ ਦਫ਼ਾ 144 (ਧਾਰਾ 144, ਫੌਜਦਾਰੀ ਦੰਡਾਤਮਕ ਸੰਘਤਾ) ਪਹਿਲਾਂ ਹੀ ਲਾਗੂ ਹੋ ਚੁੱਕੀ ਸੀ। ਅਧਿਕਾਰੀਆਂ ਨੂੰ ਨਗਰ ਵਿਚ ਕਿਸੇ ਵੀ ਥਾਂ 'ਤੇ ਪੰਜ ਤੋਂ ਵੱਧ ਵਿਅਕਤੀਆਂ ਨੂੰ ਇਕੱਠੇ ਹੋਣ ਦੀ ਇਜ਼ਾਜਤ ਨਾ ਦੇਣ ਸਬੰਧੀ, ਚੌਕਸ ਰਹਿਣਾ ਚਾਹੀਦਾ ਸੀ। ਹਥਿਆਰ ਰੱਖਣ 'ਤੇ ਪਾਬੰਦੀ ਸੀ ਪ੍ਰੰਤੂ ਅਧਿਕਾਰੀਆਂ ਨੇ ਉਦੋਂ ਕੋਈ ਕਾਰਵਾਈ ਨਹੀਂ ਕੀਤੀ ਜਦੋਂ ਉਨ੍ਹਾਂ ਲੋਕਾਂ ਨੂੰ ਜਲੂਸ ਕੱਢਦੇ ਹੋਏ ਅਤੇ ਹਥਿਆਰ ਚੁੱਕਦੇ (ਰੱਖਦੇ) ਹੋਏ ਪਾਇਆ। ਦਰਅਸਲ ਨਗਰ ਵਿਚ ਧਾਰਾ 144 ਫੌਜਦਾਰੀ ਦੰਡਾਤਮਕ ਸੰਘਤਾ ਦੀ ਉਲੰਘਣਾ ਰੋਕਣ ਲਈ ਕੋਈ ਬੰਦੋਬਸਤ ਨਹੀਂ ਸੀ ਕੀਤਾ ਗਿਆ।

80. ਕਮਲ ਉਰਫ਼ ਮੋਨੂੰ, ਹਿੰਦੂ ਸ਼ਿਵ ਸੈਨਾ ਦਾ ਮੈਂਬਰ ਅਤੇ ਸ੍ਰੀ ਪਲਵਿੰਦਰ ਸਿੰਘ ਏਆਈਐਸਐਸਐਫ. ਮੈਂਬਰ ਵਿਚਕਾਰ ਇਕ ਝਗੜਾ ਹੋ ਗਿਆ ਸੀ। ਰਮੇਸ਼ ਚੋਪੜਾ ਹਿੰਦੂ ਸ਼ਿਵ ਸੈਨਾ ਨਕੋਦਰ ਦਾ ਪ੍ਰਧਾਨ ਹੈ। ਏਆਈਐਸਐਸਐਫ਼ ਦੇ ਕਾਰਜਕਰਤਾਵਾਂ ਨੇ ਸ੍ਰੀ ਚੋਪੜਾ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਸੀ ਪ੍ਰੰਤੂ ਉਨ੍ਹਾਂ ਦੀ ਮੰਗ ਦਾ ਵੱਖ ਵੱਖ ਬਿਨ੍ਹਾਵਾਂ 'ਤੇ ਵਿਰੋਧ ਕੀਤਾ ਗਿਆ ਸੀ। ਉਸ ਸਥਿਤੀ ਨੂੰ ਦੇਖਦੇ ਹੋਏ ਪੁਲਿਸ ਵਾਸਤੇ ਇਹ ਸਿਆਣਪ ਹੋਣੀ ਸੀ ਕਿ ਹਿੰਦੂ ਸ਼ਿਵ ਸੈਨਾ ਅਤੇ ਏਆਈਐਸਐਸਐਫ਼. ਦੋਹਾਂ ਦੇ ਨੇਤਾਵਾਂ ਨੂੰ ਹਿਰਾਸਤ ਵਿਚ ਲੈ ਲੈਂਦੀ ਅਤੇ ਉਸ ਨਾਲ ਸਥਿਤੀ ਕੁਝ ਸੁਖਾਵੀਂ ਹੋ ਜਾਣੀ ਸੀ। ਪੁਲਿਸ ਨੂੰ ਇਸ ਤੱਥ ਕਾਰਨ ਤਸੱਲੀ ਰਹੀ ਸੀ ਕਿ ਸੁਖਆਸਣ ਕਮਰੇ, ਜਿੱਥੇ ਪਵਿੱਤਰ 'ਬੀੜਾਂ' ਜਲ ਗਈਆਂ ਸਨ, ਵਿਚ ਅੱਗ ਲੱਗਣ ਦੀ ਘਟਨਾ ਇਤਫਾਕੀਆ ਸੀ। ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦੀ ਤਸੱਲੀ ਕਰਨ ਲਈ ਪੁਲਿਸ ਲਈ ਇਹ ਲੋੜੀਂਦਾ ਸੀ ਕਿ ਉਨ੍ਹਾਂ ਨੂੰ ਇਸ ਕੇਸ ਦੀ ਤਫ਼ਤੀਸ਼ ਕਰਨ ਸਮੇਂ ਕੁਝ ਵਿਅਕਤੀਆਂ ਨੂੰ ਨਾਲ ਲੈ ਲੈਣਾ ਚਾਹੀਦਾ ਸੀ, ਵਿਸ਼ੇਸ਼ ਕਰਕੇ ਜਦੋਂ ਪਹਿਲੀ ਸੂਚਨਾ ਰਿਪੋਰਟ ਭਾਰਤੀ ਦੰਡਾਤਮਕ ਸੰਘਤਾ ਦੀਆਂ ਧਾਰਾਵਾਂ 436/295 ਦੇ ਤਹਿਤ ਦਰਜ ਕੀਤੀ ਗਈ ਸੀ। ਅਜਿਹਾ ਕਰਨ ਨਾਲ ਕਿਸੇ ਹੋਰ ਫਸਾਦ ਦੇ ਹੋਣ ਦੀ ਸੰਭਾਵਨਾ ਨੂੰ ਟਾਲਿਆ ਜਾ ਸਕਦਾ ਸੀ। ਭਾਵੇਂ ਕਾਫ਼ੀ ਕੁਝ 2 ਅਤੇ 3 ਫਰਵਰੀ 1986 ਨੂੰ ਵਾਪਰ ਚੁੱਕਾ ਸੀ। ਅਸਲ ਵਿਚ ਨਕੋਦਰ ਵਿਚ ਸੁਰੱਖਿਆ ਪ੍ਰਬੰਧ ਮੁਹੱਈਆ ਕੀਤੇ ਹੀ ਨਹੀਂ ਗਏ ਸਨ। ਜਦੋਂ ਲੋਕ ਸ਼ੇਰਪੁਰ ਪੁਲ ਉਪਰ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ ਅਤੇ ਕਾਨੂੰਨ ਤੇ ਸੁਰੱਖਿਆ ਨੂੰ ਡਰ ਪੈ ਗਿਆ ਸੀ ਤਾਂ ਅਧਿਕਾਰੀਆਂ ਨੂੰ ਨਹਿਰੀ ਪੁਲ ਸ਼ਾਮਲ ਕਰਕੇ ਮੁਹੱਲਾ ਸ਼ੇਰਪੁਰ ਤੱਕ ਕਰਫਿਊ ਵਧਾ ਦੇਣਾ ਚਾਹੀਦਾ ਸੀ।

81. 3 ਫਰਵਰੀ, 1986 ਨੂੰ ਸਰਬ ਭਾਰਤੀ ਸਿੱਖ ਵਿਦਿਆਰਥੀ ਸੰਸਥਾ ਦੇ ਲੀਡਰ ਨੇ ਪੁਲਿਸ ਸਟੇਸ਼ਨ ਦੇ ਸਾਹਮਣੇ ਇਹ ਐਲਾਨ ਕਰ ਦਿੱਤਾ ਸੀ ਕਿ ਅਗਲੇ ਦਿਨ ਸ਼ੇਰਪੁਰ ਪੁਲ 'ਤੇ ਵਿਖਾਵਾਕਾਰੀਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਧਾਰਨਾ ਸਾਫ਼ ਸੀ ਕਿ ਸ਼ੇਰਪੁਰ ਪੁਲ ਤੋਂ ਉਹ ਸ਼ਹਿਰ ਵਿਚ ਦਾਖ਼ਲ ਹੋਣਗੇ ਅਤੇ ਮੁਹੱਲਾ ਗੁਰੂ ਨਾਨਕਪੁਰਾ ਵਿਚ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਵਿਚ ਜਾਣਗੇ। ਪੁਲਿਸ ਨੂੰ ਇਹ ਪ੍ਰਬੰਧ ਕਰਨਾ ਚਾਹੀਦਾ ਸੀ ਕਿ ਲੋਕ ਸ਼ੇਰਪੁਰ ਪੁਲ ਉਪਰ ਇਕੱਠੇ ਨਾ ਹੋ ਸਕਣ। ਹਾਲਾਂਕਿ ਸ੍ਰੀ ਮੱਲੀ ਪੁਲਿਸ ਸਟੇਸ਼ਨ ਦੇ ਸਾਹਮਣੇ ਭੜਕਾਊ ਭਾਸ਼ਣ ਕਰ ਰਿਹਾ ਸੀ, ਉਸ ਨੂੰ ਹਿਰਾਸਤ ਵਿਚ ਲੈਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਸ਼ੇਰਪੁਰ ਪੁਲ ਉਪਰ ਇਕੱਠੀ ਹੋਈ ਭੀੜ ਨੇ ਸ਼ਹਿਰ ਵੱਲ ਵਧਣ ਦਾ ਫੈਸਲਾ ਕੀਤਾ, ਕਿਉਂਕਿ ਸ਼ਹਿਰ ਵਿਖੇ ਕਰਫਿਊ ਦੇ ਬਾਵਜੂਦ ਲੋਕ ਆਮ ਘੁੰਮ ਰਹੇ ਸਨ।

82. ਚਾਰੇ ਕੇਸਾਂ ਦੀਆਂ ਘਟਨਾਵਾਂ, ਜਿਵੇਂ ਗੁਰਦੁਆਰੇ ਵਿਚ ਪਵਿੱਤਰ ਬੀੜਾਂ ਦਾ ਜਲਾਇਆ ਜਾਣਾ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਕੁਨਾਂ ਦਾ ਜਲੂਸ ਕੱਢਣਾ ਅਤੇ ਜਲੂਸ ਦੇ ਮੈਂਬਰਾਂ ਵਲੋਂ ਨੁਕਸਾਨ ਪਹੁੰਚਾਉਣਾ, ਸ਼ਿਵ ਸੈਨਾ ਦੇ ਲਾਣੇ ਦਾ ਜਲੂਸ ਕੱਢਣਾ ਅਤੇ ਉਨ੍ਹਾਂ ਵਲੋਂ ਨੁਕਸਾਨ ਪਹੁੰਚਾਉਣਾ, ਸ਼ੇਰਪੁਰ ਪੁਲ ਉਪਰ ਗੋਲੀ ਚੱਲਣੀ, ਇਹ ਕੇਸ ਦਰਜ ਹੋਏ ਪ੍ਰੰਤੂ ਕਿਸੇ ਵੀ ਕੇਸ ਵਿਚ ਜਿੰਮੇਵਾਰ ਪੁਲਿਸ ਅਫ਼ਸਰ ਨੇ ਤਫ਼ਤੀਸ਼ ਸ਼ੁਰੂ ਨਹੀਂ ਕੀਤੀ। ਜੇ ਪਹਿਲੇ ਤਿੰਨਾਂ ਕੇਸਾਂ ਵਿਚ ਠੀਕ ਢੰਗ ਨਾਲ ਸਮੇਂ ਸਿਰ ਤਫ਼ਤੀਸ਼ ਸ਼ੁਰੂ ਕੀਤੀ ਜਾਂਦੀ ਅਤੇ ਇਨ੍ਹਾਂ ਕੇਸਾਂ ਨਾਲ ਸਬੰਧਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ, ਖਾਸ ਕਰਕੇ ਜਦੋਂ ਕਿ ਫੌਜਦਾਰੀ ਕਾਰਜਵਿਧੀ ਦੀ ਦਫ਼ਾ 144 ਪਹਿਲਾਂ ਹੀ ਲਾਗੂ ਸੀ ਅਤੇ ਬਾਅਦ ਵਿਚ ਕਰਫਿਊ ਵੀ ਲਗਾ ਦਿੱਤਾ ਗਿਆ ਸੀ, ਤਾਂ ਸਥਿਤੀ ਕੰਟਰੋਲ ਵਿਚ ਹੋ ਸਕਦੀ ਸੀ। ਅਸਲ ਵਿਚ ਸਥਾਨਕ ਅਧਿਕਾਰੀ ਅਤੇ ਪੁਲਿਸ ਅਧਿਕਾਰੀਆਂ ਨੇ ਆਪਣਾ ਸਾਰਾ ਧਿਆਨ ਸਮਝੌਤਾ ਕਰਵਾਉਣ ਵਿਚ ਕੇਂਦਰਿਤ ਕੀਤਾ ਹੋਇਆ ਸੀ। ਉਚਿਤ ਕਾਰਵਾਈ ਨਾ ਕੀਤੀ, ਜਦਕਿ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਨੇ ਆਖਰੀ ਚਿਤਾਵਨੀ ਅਤੇ ਸ਼ਿਵ ਸੈਨਾ ਦੇ ਲਾਣੇ ਨੇ ਸ਼ਹਿਰ ਵਿਚ ਅਸਲੇ ਦਾ ਵਿਖਾਵਾ ਕੀਤਾ ਸੀ। ਇਹ ਗੱਲ ਸ਼ਹਾਦਤ ਵਿਚ ਆ ਗਈ ਸੀ ਕਿ ਲੋਕ ਗੁਰਦੁਆਰਾ ਮਲਾਰੀ ਵੱਲ ਆ ਰਹੇ ਸਨ ਅਤੇ ਇਹ ਡਰ ਸੀ ਕਿ ਉਹ ਬਹੁਤ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਸ਼ਹਿਰ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨਗੇ ਪਰ ਗੁਰਦੁਆਰੇ ਵੱਲ ਆਉਂਦੇ ਲੋਕਾਂ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕ ਗੁਰਦੁਆਰੇ ਵਿਚ ਪਹਿਲਾਂ ਹੀ ਦਾਖ਼ਲ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਨਹੀਂ ਲਿਆ ਜਾ ਸਕਦਾ ਸੀ ਪਰ ਜਦੋਂ ਉਹ ਰਸਤੇ ਵਿਚ ਸਨ ਤਾਂ ਉਹ ਕਾਨੂੰਨ ਅਤੇ ਵਿਵਸਥਾ ਦੀ ਸ਼ਾਂਤੀ ਨੂੰ ਭੰਗ ਕਰਨਗੇ, ਤਾਂ ਉਨ੍ਹਾਂ ਨੂੰ ਫੌਜਦਾਰੀ ਕਾਰਜਵਿਧੀ ਕੋਡ ਰੋਕਥਾਮ ਵਾਲੀਆਂ ਧਾਰਵਾਂ ਅਧੀਨ ਹਿਰਾਸਤ ਵਿਚ ਲਿਆ ਜਾ ਸਕਦਾ ਸੀ।

83. ਉਸ ਵੇਲੇ ਦੇ ਏਡੀਸੀ. ਜੋ ਜ਼ਿਲ੍ਹਾ ਮੈਜਿਸਟ੍ਰੇਟ ਦੀ ਡਿਊਟੀ 'ਤੇ ਕੰਮ ਕਰ ਰਹੇ ਸਨ ਅਤੇ ਐਸਐਸਪੀ. ਜਲੰਧਰ ਜੋ ਉਸ ਵੇਲੇ ਨਕੋਦਰ ਵਿਚ ਉਥੋਂ ਦੀ ਸਥਿਤੀ 'ਤੇ ਨਜ਼ਰ ਰੱਖ ਰਹੇ ਸਨ ਅਤੇ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਸ੍ਰੀ ਮੱਲ੍ਹੀ ਰਮੇਸ਼ ਚੰਦਰ ਉਰਫ਼ ਖਾਨ ਦੀ ਗ੍ਰਿਫ਼ਤਾਰੀ 'ਤੇ ਬਜ਼ਿੱਦ ਸੀ ਅਤੇ ਉਸ ਨੇ ਇਹ ਐਲਾਨ ਵੀ ਕਰ ਦਿੱਤਾ ਸੀ ਕਿ ਉਹ ਗੁਰਦੁਆਰੇ ਜਾਣਗੇ, ਤਾਂ ਉਨ੍ਹਾਂ ਨੂੰ ਕੋਈ ਕਾਰਵਾਈ ਕਰਕੇ ਹਾਲਾਤ ਨੂੰ ਬਚਾਉਣਾ ਚਾਹੀਦਾ ਸੀ।

84. ਪੰਜਾਬ ਦੇ ਪਿਛਲੇ ਕਾਫ਼ੀ ਸਾਲਾਂ ਤੋਂ ਜੋ ਹਾਲਾਤ ਚੱਲ ਰਹੇ ਸਨ ਤਾਂ ਨਕੋਦਰ ਵਿਚ ਤੈਨਾਤ ਅਧਿਕਾਰੀਆਂ ਨੂੰ ਖਰਾਬ ਹੋ ਰਹੇ ਹਾਲਾਤ ਨੂੰ ਕਿਸੇ ਵੀ ਹੱਦ 'ਤੇ ਰੋਕਣਾ ਚਾਹੀਦਾ ਸੀ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਗੁਰਦੁਆਰੇ ਦੇ ਸੁੱਖ ਆਸਣ ਕਮਰੇ ਵਿਚ ਸਾੜੀਆਂ ਜਾ ਚੁੱਕੀਆਂ ਸਨ। ਪਵਿੱਤਰ ਬੀੜਾਂ ਦਾ ਸੜਨਾ ਇਕ ਇਹੋ ਜਿਹੀ ਗੰਭੀਰ ਘਟਨਾ ਸੀ ਕਿ ਅਧਿਕਾਰੀਆਂ ਨੂੰ ਸੋਚਣਾ ਚਾਹੀਦਾ ਸੀ ਕਿ ਸਿੱਖ ਕੌਮ ਇਸ ਨੂੰ ਇਕ ਆਮ ਘਟਨਾ ਨਹੀਂ ਸਮਝੇਗੀ ਅਤੇ ਸੜੀਆਂ ਹੋਈਆਂ ਬੀੜਾਂ ਨੂੰ ਵੇਖਣ ਬਾਹਰੋਂ ਵੀ ਸਿੱਖ ਸਮੁਦਾਇ ਨਾਲ ਸਬੰਧਤ ਲੋਕ ਆ ਸਕਦੇ ਸਨ, ਤਾਂ ਅਜਿਹੇ ਹਾਲਾਤ ਵਿਚ ਕਰਫਿਊ ਇਕਦਮ ਲਾ ਦੇਣਾ ਚਾਹੀਦਾ ਸੀ ਅਤੇ ਨਕੋਦਰ ਅਤੇ ਇਸ ਦੇ ਨੇੜੇ ਕਾਫ਼ੀ ਸੰਖਿਆ ਵਿਚ ਪੁਲਿਸ ਬਲਾਂ ਨੂੰ ਲੋਕਾਂ ਦੇ ਇਕੱਠ ਨੂੰ ਰੋਕਣ ਵਿਚ ਲਾ ਦੇਣਾ ਚਾਹੀਦਾ ਸੀ। ਜਦੋਂ ਹਾਲਾਤ ਅਜਿਹੇ ਹੋਣ ਤਾਂ ਅਧਿਕਾਰੀਆਂ ਨੂੰ ਸਾਰੇ ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਧਿਕਾਰੀਆਂ ਨੂੰ ਮੌਕੇ 'ਤੇ ਹੀ ਪੰਜਾਬ ਸਰਕਾਰ ਦੇ ਉਚ ਅਧਿਕਾਰੀਆਂ ਨੂੰ ਵੀ ਜ਼ਰੂਰ ਸੂਚਿਤ ਕਰ ਦੇਣਾ ਚਾਹੀਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰੀ ਬਲਵੰਤ ਸਿੰਘ ਵਿੱਤ ਮੰਤਰੀ ਮੌਕੇ 'ਤੇ ਗਏ ਪਰ ਇਹ ਪੁਲਿਸ ਫਾਇਰਿੰਗ ਤੋਂ ਬਾਅਦ ਸੀ। ਜੇ ਕਿਤੇ ਸਿੱਖ ਕੌਮ ਦਾ ਕੋਈ ਲੀਡਰ ਘਟਨਾ ਤੋਂ ਤੁਰੰਤ ਬਾਅਦ ਉਥੇ ਪਹੁੰਚ ਜਾਂਦਾ ਤਾਂ ਇਸ ਨਾਲ ਜ਼ਰੂਰੀ ਹੀ ਹਾਲਾਤ ਨੂੰ ਵਿਗੜਨ ਤੋਂ ਬਚਾਇਆ ਜਾ ਸਕਦਾ ਸੀ। ਉਪਰੋਕਤ ਬਿਆਨ ਕੀਤੀਆਂ 3 ਅਤੇ 4 ਫਰਵਰੀ, 1986 ਨੂੰ ਵਾਪਰੀਆਂ ਘਟਨਾਵਾਂ ਨਾਲ ਸਬੰਧਤ ਪ੍ਰਬੰਧਕੀ ਅਫ਼ਸਰਾਂ ਦੀਆਂ ਮੁੱਖ ਊਣਤਾਈਆਂ ਸਨ। ਅਸਲ ਵਿਚ 5 ਫਰਵਰੀ, 1986 ਨੂੰ ਸਿਵਾਏ ਇਸ ਦੇ ਕਿ ਪੁਲਿਸ ਫਾਇਰਿੰਗ ਤੋਂ ਬਾਅਦ 4 ਲਾਸ਼ਾਂ ਦਾ ਸੰਸਕਾਰ ਕੀਤਾ ਗਿਆ, ਹੋਰ ਕੁਝ ਨਹੀਂ ਵਾਪਰਿਆ। ਇਸ ਤੋਂ ਬਿਨਾ ਰਿਕਾਰਡ ਵਿਚ ਕੁਝ ਵੀ ਨਹੀਂ ਆਇਆ ਕਿ ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਕਿਸੇ ਵੀ ਕਾਨੂੰਨ ਅਤੇ ਵਿਵਸਥਾ ਡਿਊਟੀ 'ਤੇ ਤੈਨਾਤ ਵਿਅਕਤੀ 3, 4 ਅਤੇ 5 ਫਰਵਰੀ 1986 ਨੂੰ ਆਪਣੇ ਫਰਜ਼ ਵਿਚ ਅਸਫ਼ਲ ਰਿਹਾ ਹੋਵੇ ਜਾਂ ਉਸ ਨੂੰ ਜੋ ਕੰਮ ਸੌਂਪਿਆ ਗਿਆ ਹੋਵੇ, ਨੂੰ ਕਰਨ ਤੋਂ ਕੁਤਾਹੀ ਵਰਤੀ ਹੋਵੇ ਜਾਂ ਬੇਪ੍ਰਵਾਹੀ ਕੀਤੀ ਹੋਵੇ। ਇਸੇ ਤਰ੍ਹਾਂ ਮਿਤੀ 3, 4 ਅਤੇ 5 ਫਰਵਰੀ, 1986 ਨੂੰ ਕਿਸੇ ਵੀ ਵਿਅਕਤੀ, ਜਿਸ ਨੂੰ ਕਾਨੂੰਨ ਤੇ ਵਿਵਸਥਾ ਦੀ ਡਿਊਟੀ ਤੇ ਤੈਨਾਤ ਕੀਤਾ ਗਿਆ, ਨੇ ਕੋਈ ਆਪਣੇ ਫਰਜ਼ ਵਿਚ ਅਣਗਹਿਲੀ ਜਾਂ ਕੁਤਾਹੀ ਵਰਤੀ ਹੋਵੇ।

85. ਇਸ ਤਰ੍ਹਾਂ ਮੇਰੇ ਇਹ ਸੁਝਾਅ ਹਨ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਦੇ ਸੰਬੰਧ ਵਿਚ ਸਮੇਂ ਸਿਰ ਸਾਵਧਾਨੀਆਂ ਵਰਤ ਕੇ ਉਪਾਅ ਕੀਤੇ ਜਾਣੇ ਚਾਹੀਦੇ ਹਨ ਤਾਂ ਜੁ ਹਾਲਾਤ ਇਕ ਭਿਆਨਕ ਰੂਪ ਨਾ ਧਾਰਨ ਕਰ ਲੈਣ। ਅਜਿਹੇ ਹਾਲਾਤ ਵਿਚ ਕਾਰਵਾਈ ਹਿੱਤ ਲਗਾਏ ਗਏ ਪੁਲਿਸ ਅਧਿਕਾਰੀ ਪੂਰੇ ਸਿੱਖਿਅਤ ਅਤੇ ਕਾਨੂੰਨ ਅਤੇ ਨਿਯਮਾਂ ਤੋਂ ਭਲੀਭਾਂਤ ਜਾਣੂ ਹੋਣ। ਪੁਲਿਸ ਅਧਿਕਾਰੀਆਂ ਨੂੰ ਅਜਿਹੇ ਹਾਲਾਤ ਨੂੰ ਕਿਵੇਂ ਨਜਿੱਠਿਆ ਜਾਵੇ, ਦੀ ਸਿੱਖਿਆ ਦੇਣੀ ਚਾਹੀਦੀ ਹੈ। ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤੇ ਹੁਕਮਾਂ ਦੀ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਜ਼ਰੂਰੀ ਸਖਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ।

86. ਭਾਵੇਂ ਇਸ ਕੇਸ ਵਿਚ ਕਮਿਸ਼ਨ ਦੁਆਰਾ ਸਲਾਹ ਮਸ਼ਵਰਾ ਦੇਣ ਵਾਲਿਆਂ ਨੂੰ ਕਾਫ਼ੀ ਦੇਰੀ ਬਾਅਦ ਨਿਯੁਕਤ ਕੀਤਾ ਗਿਆ, ਫਿਰ ਵੀ ਸਰਬਸ੍ਰੀ ਸਾਧੂ ਰਾਮ ਗੁਪਤਾ ਸਕੱਤਰ, ਗੁਰਚਰਨ ਸਿੰਘ ਧੀਮਾਨ ਨਿੱਜੀ ਸਕੱਤਰ ਅਤੇ ਮਨਮੋਹਨ ਸਿੰਘ ਕੋਹਲੀ ਰੀਡਰ ਮੇਰੇ ਲਈ ਬਹੁਤ ਮਦਦਗਾਰ ਸਾਬਤ ਹੋਏ। ਮੈਂ ਉਨ੍ਹਾਂ ਨੂੰ ਤਨਦੇਹੀ ਅਤੇ ਪੂਰੀ ਲਗਨ ਨਾਲ ਕੰਮ ਕਰਦੇ ਪਾਇਆ।

ਅਕਤੂਬਰ 31, 1986
ਗੁਰਨਾਮ ਸਿੰਘ
**(ਸਮਾਪਤ)**

# ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ (ਪੱਛਮੀ, ਇਸਲਾਮੀ ਤੇ ਬ੍ਰਾਹਮਣੀ ਚਿੰਤਨ ਦੇ ਸਨਮੁਖ)' ਦੀ ਘੁੰਡ ਚੁਕਾਈ










## ਗੁਭਗਤ ਸਿੰਘ ਪੰਜਾਬ ਦੇ ਮੌਲਿਕ ਸਿੱਖ ਚਿੰਤਕ ਸਨ : ਅਜਮੇਰ ਸਿੰਘ

**ਪਟਿਆਲਾ/ਏਟੀ ਨਿਊਜ਼ :**

ਮੌਲਿਕ ਚਿੰਤਨ ਦੇ ਖੇਤਰ ਵਿਚ ਆਪਣੀਆਂ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਉੱਘੇ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਕਿਤਾਬ 18 ਅਪਰੈਲ, 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਜਾਰੀ ਕੀਤੀ ਗਈ। "ਸਿੱਖ ਦ੍ਰਿਸ਼ਟੀ ਦਾ ਗੌਰਵ (ਪੱਛਮੀ, ਇਸਲਾਮੀ ਤੇ ਬ੍ਰਾਹਮਣੀ ਚਿੰਤਨ ਦੇ ਸਨਮੁਖ) " ਸਿਰਲੇਖ ਹੇਠ ਛਪੀ ਇਹ ਕਿਤਾਬ ਪ੍ਰਸਿੱਧ ਸਿੱਖ ਰਾਜਨੀਤਕ ਵਿਸ਼ਲੇਸ਼ਕ ਤੇ ਲੇਖਕ ਸ. ਅਜਮੇਰ ਸਿੰਘ ਵਲੋਂ ਸੰਪਾਦਿਤ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਚ ਹੋਏ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਵਿਦਵਾਨਾਂ, ਲੇਖਕਾਂ, ਵਿਚਾਰਕਾਂ, ਖੋਜਾਰਥੀਆਂ, ਵਿਦਿਆਰਥੀਆਂ ਤੇ ਸਿੱਖ ਕਾਰਕੁੰਨਾਂ ਦੇ ਦਰਮਿਆਨ ਇਹ ਕਿਤਾਬ ਸ. ਅਜਮੇਰ ਸਿੰਘ ਅਤੇ ਅਦਾਰੇ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਅਨ ਵਿਭਾਗ ਦੇ ਮੁਖੀ ਡਾ. ਗੁਰਮੀਤ ਸਿੰਘ ਵਲੋਂ ਸਾਂਝੇ ਤੌਰ ਉੱਤੇ ਜਾਰੀ ਕੀਤੀ ਗਈ।

ਉਕਤ ਸਮਾਗਮ ਦੀ ਸ਼ੁਰੂਆਤ ਮੌਕੇ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪੀਐਚਡੀ. ਦੇ ਖੋਜਾਰਥੀ ਪਰਮਿੰਦਰ ਸਿੰਘ ਨੇ ਕਿਤਾਬ ਨਾਲ ਮੁੱਢਲੀ ਜਾਣ-ਪਛਾਣ ਕਰਵਾਈ ਅਤੇ ਇਸ ਵਿਚਲੀਆਂ ਡਾ. ਗੁਰਭਗਤ ਸਿੰਘ ਦੀਆਂ ਲਿਖਤਾਂ ਦੇ ਸਿਰਲੇਖ ਤੇ ਵਿਸ਼ੇ-ਵਸਤੂ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰਦਿਆਂ ਇਨ੍ਹਾਂ ਦੀ ਮਹੱਤਤਾ ਉੱਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਡਾ. ਗੁਰਭਗਤ ਸਿੰਘ ਵਲੋਂ "ਜ਼ਖਮ ਨੂੰ ਸੂਰਜ ਬਣਾਉਣ" ਦਾ ਜੋ ਨਜ਼ਰੀਆ ਪੇਸ਼ ਕੀਤਾ ਗਿਆ ਸੀ ਉਸ ਦੇ ਵੱਡੇ ਅਰਥ ਸਨ ਤੇ ਅੱਜ ਵੀ ਹਨ।

ਇਸ ਤੋਂ ਬਾਅਦ ਸੰਵਾਦ ਵਲੋਂ ਸ. ਮੱਖਣ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਕਿਹਾ ਜਿਸ ਤੋਂ ਬਾਅਦ ਕਿਤਾਬ ਜਾਰੀ ਕਰਨ ਦੀ ਰਸਮ ਅਦਾ ਕੀਤੀ ਗਈ। ਕਿਤਾਬ ਜਾਰੀ ਕੀਤੇ ਜਾਣ ਮੌਕੇ ਡਾ. ਗੁਰਮੀਤ ਸਿੰਘ ਸਿੱਧੂ ਨੇ ਇਸ ਸਮਾਗਮ ਦਾ ਪ੍ਰਬੰਧ ਕਰਨ ਵਾਲੇ ਨੌਜਵਾਨਾਂ ਨੂੰ ਸੱਦਾ ਦੇ ਕੇ ਉਨ੍ਹਾਂ ਨਾਲ ਸਾਂਝੇ ਤੌਰ ਉੱਤੇ ਇਹ ਕਿਤਾਬ ਜਾਰੀ ਕੀਤੀ।

ਇਸ ਮੌਕੇ ਹਾਜ਼ਰ ਸਰੋਤਿਆਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਤਾਬ ਦੇ ਸੰਪਾਦਕ ਸ. ਅਜਮੇਰ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਨੌਜਵਾਨਾਂ ਨੂੰ ਡਾ. ਗੁਰਭਗਤ ਸਿੰਘ ਦੇ ਚਿੰਤਨ ਨਾਲ ਜੋੜਨ ਦੀ ਲੋੜ ਹੈ। ਡਾ. ਗੁਰਭਗਤ ਸਿੰਘ ਵਲੋਂ ਉਮਰ ਦੇ ਆਖਰੀ ਪੜਾਵਾਂ ਵਿਚ ਪੂਰੀ ਤਨਦੇਹੀ ਤੇ ਇਕਾਗਰਤਾ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਗਏ ਅੰਗਰੇਜ਼ੀ ਅਨੁਵਾਦ ਦੇ ਖਰੜੇ ਬਾਰੇ ਜ਼ਿਕਰ ਕਰਦਿਆਂ ਡਾ. ਗੁਰਮੀਤ ਸਿੰਘ ਨੇ ਕਿਹਾ ਕਿ ਡਾ. ਗੁਰਭਗਤ ਸਿੰਘ ਨੇ ਇਹ ਗੱਲ ਉਜਾਗਰ ਕੀਤੀ ਸੀ ਕਿ ਦੂਜੇ ਸਭਿਆਚਾਰਾਂ ਦੇ ਗ੍ਰੰਥਾਂ ਨੂੰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਵੇਲੇ ਵੱਡੀ ਰਾਜਨੀਤੀ ਹੁੰਦੀ ਹੈ, ਇਸ ਲਈ ਉਨ੍ਹਾਂ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਆਪ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਦਾ ਕਾਰਜ ਸ਼ੁਰੂ ਕੀਤਾ ਸੀ ਪਰ ਅੱਜ ਉਸ ਅਨੁਵਾਦ ਦੇ ਖਰੜੇ ਬਾਰੇ ਜਾਣਕਾਰੀ ਦੀ ਅਣਹੋਂਦ ਤੋਂ ਲੱਗਦਾ ਹੈ ਕਿ ਉਸ ਖਰੜੇ ਨਾਲ ਵੀ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡਾ. ਗੁਰਭਗਤ ਸਿੰਘ ਵਲੋਂ ਕੀਤੇ ਗਏ ਅਨੁਵਾਦ ਦਾ ਮੌਲਿਕ ਖਰੜਾ ਭਰੋਸੇਯੋਗ ਹੱਥਾਂ ਵਿਚ ਆਉਣਾ ਚਾਹੀਦਾ ਹੈ ਤੇ ਉਸ ਨੂੰ ਇੰਨ-ਬਿੰਨ ਛਾਪਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਇਹ ਹੈ ਕਿ ਇਹ ਖਰੜਾ ਕਿਸੇ ਜਥੇਬੰਦੀ ਦੀ ਬਜਾਏ ਸਿੱਖ ਸੰਗਤਾਂ ਵਲੋਂ ਛਾਪਿਆ ਜਾਵੇ।

ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਸ. ਅਜਮੇਰ ਸਿੰਘ ਨੇ 'ਇਤਿਹਾਸਕ ਵਿਡੰਬਨਾ' ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਪੱਛਮੀ ਚਿੰਤਨ ਤੇ ਸੰਸਾਰ ਨੇ ਨਵੇਂ ਗਿਆਨ ਦੀ ਰੌਸ਼ਨੀ ਦੇ ਕੇ ਮਨੁੱਖਤਾ ਨੂੰ ਹਨੇਰ-ਗਰਦੀ ਵਿਚੋਂ ਕੱਢ ਕੇ ਸੱਭਿਅਤਾ ਦੇ ਯੁਗ ਵਿਚ ਲੈ ਕੇ ਆਉਣ ਦਾ ਦਾਅਵਾ ਕੀਤਾ ਸੀ, ਸੰਸਾਰ ਜੰਗਾਂ ਦੀ ਤਬਾਹੀ ਤੇ ਫਾਸ਼ੀਵਾਦ-ਨਾਜ਼ੀਵਾਦ ਜਿਹੇ ਵਰਤਾਰਿਆਂ ਨੇ ਉਸ ਚਿੰਤਨ ਦੇ ਦਾਅਵਿਆਂ ਦੀ ਹਕੀਕਤ ਬੇਪਰਦ ਕਰ ਦਿੱਤੀ। ਆਧੁਨਿਕਤਾ ਦੇ ਇਸ ਯੁਗ ਨੇ ਜੋ ਵਿਨਾਸ਼ ਵਰਤਾਏ ਉਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਵਾਲੇ ਚਿੰਤਨ ਨੂੰ ਉੱਤਰ-ਆਧੁਨਿਕਤਾ ਦਾ ਨਾਂ ਦਿੱਤਾ ਗਿਆ। ਉੱਤਰ-ਆਧੁਨਿਕ ਚਿੰਤਨ ਨੇ ਇਹ ਗੱਲ ਸਾਹਮਣੇ ਲਿਆਂਦੀ ਕਿ ਆਧੁਨਿਕਤਾ ਦੇ ਯੁਗ ਵਿਚ ਹੋਏ ਵਿਨਾਸ਼ ਦੇ ਬੀਜ ਆਧੁਨਿਕਤਾ ਦੇ ਚਿੰਤਨ ਵਿਚ ਹੀ ਪਏ ਸਨ।

ਇਸ ਤੰਦ ਨੂੰ ਡਾ. ਗੁਰਭਗਤ ਸਿੰਘ ਦੇ ਜਾਰੀ ਕੀਤੇ ਗਏ ਲੇਖ ਸੰਗ੍ਰਹਿ 'ਸਿੱਖ ਦ੍ਰਿਸ਼ਟੀ ਦਾ ਗੌਰਵ' ਨਾਲ ਜੋੜਦਿਆਂ ਸ. ਅਜਮੇਰ ਸਿੰਘ ਨੇ ਕਿਹਾ ਕਿ ਡਾ. ਗੁਰਭਗਤ ਸਿੰਘ ਵਲੋਂ ਇਹ ਲੇਖ 1985 ਤੋਂ 2015 ਤੱਕ 30 ਸਾਲ ਦੇ ਸਮੇਂ ਦੌਰਾਨ ਲਿਖੇ ਗਏ ਸਨ। ਉਨ੍ਹਾਂ ਕਿਹਾ ਕਿ 1984 ਦੇ ਵਾਪਰਨ ਤੋਂ ਬਾਅਦ ਸਿੱਖਾਂ ਦੇ ਸਾਹਮਣੇ ਇਹ ਵੱਡੀ ਚਣੌਤੀ ਸੀ ਕਿ '84 ਤੋਂ ਪਹਿਲਾਂ ਜਿਸ




ਗਿਆਨ ਚੌਖਟੇ ਵਿਚ ਸੋਚਣ ਦੇ ਉਹ ਆਦੀ ਹੋ ਚੁੱਕੇ ਸਨ, ਉਸ ਤਹਿਤ 1984 ਦੀ ਕੀਤੀ ਜਾ ਰਹੀ ਵਿਆਖਿਆ ਉਨ੍ਹਾਂ ਨੂੰ ਹੀ ਦੋਸ਼ੀ ਦਰਸਾਉਂਦੀ ਸੀ। ਉਸ ਸਮੇਂ ਬਹੁਤ ਸਾਰੇ ਵਿਦਵਾਨਾਂ ਨੇ 1984 ਦੇ ਵਰਤਾਰੇ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸਿੱਖਾਂ ਨਾਲ ਨਿਆਂ ਨਹੀਂ ਸਨ ਸਕੇ ਕਿਉਂਕਿ ਜਿਸ ਗਿਆਨ-ਚੌਖਟੇ ਤਹਿਤ ਉਹ 1984 ਦੀ ਵਿਆਖਿਆ ਕਰ ਰਹੇ ਸਨ ਉਸ ਤੋਂ ਕਤਈ ਸਹੀ ਸਿੱਟੇ 'ਤੇ ਨਹੀਂ ਸੀ ਪਹੁੰਚਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਦੌਰ ਵਿਚ ਸਿਰਫ ਡਾ. ਗੁਰਭਗਤ ਸਿੰਘ ਹੀ ਸਨ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ 1984 ਦੇ ਵਰਤਾਰੇ ਨੂੰ ਸਮਝਣ ਲਈ ਪੁਰਾਣੇ ਗਿਆਨ-ਚੌਖਟੇ ਨੂੰ ਭੰਨਿਆ ਤੇ ਇਸ ਵਰਤਾਰੇ ਬਾਰੇ ਡੂੰਘੀ ਤੇ ਸਹੀ ਲੀਹ ਵਾਲੀ ਸਮਝ ਪੈਦਾ ਕੀਤੀ। ਉਨ੍ਹਾਂ ਕਿਹਾ ਕਿ ਡਾ. ਗੁਰਭਗਤ ਸਿੰਘ ਇਕ ਮੌਲਿਕ ਚਿੰਤਕ ਸਨ ਜਿਨ੍ਹਾਂ ਇਹ ਗੱਲ ਬੁੱਝ ਲਈ ਸੀ ਕਿ ਕਿਸੇ ਵੀ ਸੱਭਿਆਚਾਰ ਨੂੰ ਕਿਸੇ ਦੂਜੇ ਸੱਭਿਆਚਾਰ ਦੇ ਗਿਆਨ ਤੋਂ ਉਪਜੀਆਂ ਸ਼੍ਰੇਣੀਆਂ (ਕੈਟੇਗਰੀਜ਼) ਰਾਹੀਂ ਨਹੀਂ ਸਮਝਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਡਾ. ਗੁਰਭਗਤ ਸਿੰਘ ਦੀਆਂ ਲਿਖਤਾਂ ਅਸਲ ਵਿਚ ਡਾ. ਗੁਰਭਗਤ ਸਿੰਘ ਦੇ ਆਪਣੇ ਚਿੰਤਨ ਸਫਰ ਨੂੰ ਵੀ ਬਿਆਨ ਕਰਦੀਆਂ ਹਨ ਕਿ ਕਿਵੇਂ ਉਹ ਪਹਿਲਾਂ 'ਪੰਜਾਬੀ ਕੌਮ' ਦੇ ਮੁਦਈ ਸਨ ਪਰ ਫਿਰ ਇਹ ਜਾਣ ਲੈਣ 'ਤੇ ਕਿ ਇਸ ਸੰਕਲਪ ਨਾਲ ਗੱਲ ਦੀ ਪੂਰੀ ਗਹਿਰਾਈ ਨਹੀਂ ਫੜੀ ਜਾ ਸਕਦੀ, ਉਨ੍ਹਾਂ ਸਿੱਖ ਪ੍ਰਧਾਨ ਪੰਜਾਬੀ ਕੌਮ ਦੇ ਸੰਕਲਪ ਦਾ ਸਹਾਰਾ ਲਿਆ ਪਰ ਅਖੀਰ ਵਿਚ ਉਹ ਇਸ ਨਤੀਜੇ ਉੱਤੇ ਪਹੁੰਚੇ ਇਹ ਗੱਲ ਅਸਲ ਵਿਚ 'ਪੰਥ' ਦੀ ਹੈ ਤੇ ਪੰਥ ਵਿਚ ਕਈ ਕੌਮਾਂ ਦੀ ਹੋਂਦ ਹੋ ਸਕਦੀ ਹੈ ਅਤੇ ਪੰਥ ਇਕ ਵਿਲੱਖਣ ਸੰਕਲਪ ਹੈ। ਪੰਥ ਵਿਚ ਸੱਭਿਆਚਾਰਾਂ ਦੀ ਸਹਿਹੋਂਦ ਤੇ ਉਨ੍ਹਾਂ ਦੇ ਆਪਸੀ ਸੰਵਾਦ ਨੂੰ ਸੰਕਲਪਬੱਧ ਰੂਪ ਵਿਚ ਡਾ. ਗੁਰਭਗਤ ਸਿੰਘ ਨੇ 'ਜਾਪ ਸਾਹਿਬ ਵਿਚਲੇ ਸੱਭਿਆਚਾਰਾਂ ਦੇ ਸੰਵਾਦ ਦੇ ਮਾਡਲ' ਦੇ ਰੂਪ ਵਿਚ ਪੇਸ਼ ਕੀਤਾ।

ਡਾ. ਗੁਰਭਗਤ ਸਿੰਘ ਦੇ ਚਿੰਤਨ ਦੀ ਮੌਲਿਕਤਾ ਬਾਰੇ ਅੱਗੇ ਆਪਣੇ ਵਿਚਾਰ ਸਾਂਝੇ ਕਰਦਿਆਂ ਸ. ਅਜਮੇਰ ਸਿੰਘ ਨੇ ਕਿਹਾ ਕਿ ਰਾਜ ਜਾਂ ਹਾਕਮਾਂ ਵਲੋਂ ਲੋਕਾਂ ਦੇ 'ਦੇਹਗਤ ਆਤਮ' ਨੂੰ ਕਾਬੂ ਕੀਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਦੇ ਸਰੀਰ ਵਿਚ ਪੈਦਾ ਹੋਣ ਵਾਲੇ ਰਸਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਰਮ ਤੇ ਪ੍ਰਤੀਕਰਮ ਨੂੰ ਕਾਬੂ ਚ ਕੀਤਾ ਜਾ ਸਕੇ। ਰਾਜ ਜਾਂ ਹਾਕਮ ਮਨੁੱਖ ਦੇ 'ਦੇਹਗਤ ਆਤਮ' ਨੂੰ ਪ੍ਰਤੀਕ-ਪ੍ਰਬੰਧ ਰਾਹੀਂ ਕਾਬੂ 'ਚ ਕਰਦੇ ਹਨ ਕਿ ਪਹਿਲਾਂ ਪ੍ਰਤੀਕ ਪ੍ਰਬੰਧ ਰਾਹੀਂ ਨਿਸ਼ਚਿਤਤਾ ਲਿਆਂਦੀ ਜਾਂਦੀ ਹੈ ਤੇ ਫਿਰ ਮਨੁੱਖੀ ਵਿਚਾਰਾਂ ਨੂੰ ਨਿਸ਼ਚਿਤ ਤੇ ਅਨੁਸ਼ਾਸਤ ਕਰਕੇ ਉਨ੍ਹਾਂ ਦੇ ਦੇਹਗਤ ਆਤਮ ਨੂੰ ਕਾਬੂ ਕਰ ਲਿਆ ਜਾਂਦਾ ਹੈ। ਜਿਵੇਂ ਕਿ ਬ੍ਰਹਮ ਦੇ ਪ੍ਰਤੀਕ ਪ੍ਰਬੰਧ ਰਾਹੀਂ ਬ੍ਰਾਹਮਣ ਨੇ ਮਨੁੱਖੀ ਵੰਡ (ਜਾਤ-ਪਾਤ) ਨੂੰ ਦੈਵੀ ਰੰਗਤ ਦੇ ਕੇ ਇਸ ਨੂੰ ਅਜਿਹਾ ਲਾਗੂ ਕੀਤਾ ਕਿ ਇਸ ਵੰਡ ਨੇ ਸਦੀਆਂ ਤੋਂ ਮਨੁੱਖਾਂ ਚ ਆਪਸੀ ਪਾੜਾ ਖੜ੍ਹਾ ਕੀਤਾ ਹੋਇਆ ਹੈ।

ਸ. ਅਜਮੇਰ ਸਿੰਘ ਨੇ ਕਿਹਾ ਕਿ ਡਾ. ਗੁਰਭਗਤ ਸਿੰਘ ਨੇ ਇਹ ਗੱਲ ਸਾਹਮਣੇ ਲਿਆਂਦੀ ਕਿ ਗੁਰੂ ਸਾਹਿਬ ਨੇ ਨਵੇਂ ਆਤਮ ਦੀ ਉਸਾਰੀ ਲਈ ਵਾਹਿਗੁਰੂ ਦਾ ਨਵਾਂ ਪਰਮਚਿੰਨ੍ਹ ਅਤੇ ਇਸ 'ਤੇ ਅਧਾਰਤ ਸਮੁੱਚਾ ਮਹਾਂਪ੍ਰਤੀਕ-ਪ੍ਰਬੰਧ ਦਿੱਤਾ ਜਿਸ ਵਿਚ ਹੁਕਮ, ਨਦਰਿ, ਗੁਰੂ, ਭਗਤ ਤੇ ਬਾਣੀ ਅਹਿਮ ਉੱਪ-ਪ੍ਰਤੀਕ ਹਨ। ਇਹੀ ਮਹਾਂਪ੍ਰਤੀਕ ਪ੍ਰਬੰਧ ਸਿੱਖ ਕ੍ਰਾਂਤੀ ਦਾ ਅਧਾਰ ਬਣਿਆ ਜਿਸ ਨੇ ਨਵੇਂ ਆਤਮ ਦੀ ਉਸਾਰੀ ਕੀਤੀ।

ਡਾ. ਗੁਰਭਗਤ ਸਿੰਘ ਨੇ ਆਪਣੇ ਚਿੰਤਨ ਰਾਹੀਂ ਕੁਦਰਤੀ ਵੰਨ-ਸੁਵੰਨਤਾ ਨੂੰ ਸੱਭਿਆਚਾਰਕ ਵੰਨ-ਸੁਵੰਨਤਾ ਨਾਲ ਜੋੜਿਆ ਤੇ ਕਿਹਾ ਕਿ ਹਰੇਕ ਸੱਭਿਆਚਾਰ ਆਪਣੇ ਮੌਲਿਕ ਹਾਲਾਤ ਵਿਚ ਨਿਵੇਕਲਾ ਹੈ ਤੇ ਉਸ ਦੀ ਆਪਣੀ ਨਿਵੇਕਲੀ ਥਾਂ ਤੇ ਯੋਗਦਾਨ ਹੈ, ਇਸ ਲਈ ਕੋਈ ਸੱਭਿਆਚਾਰ ਉੱਤਮ ਜਾਂ ਊਣਾ ਨਹੀਂ ਅਤੇ ਲੋੜ ਇਹ ਹੈ ਕਿ ਸੱਭਿਆਚਾਰਾਂ ਵਿਚ ਸੁਖਾਵੇਂ ਸੰਵਾਦ ਦਾ ਮਹੌਲ ਸਿਰਜਿਆ ਜਾਵੇ। ਸ. ਅਜਮੇਰ ਸਿੰਘ ਨੇ ਆਪਣੇ ਵਿਸਤਾਰਤ ਭਾਸ਼ਣ ਵਿਚ ਡਾ. ਗੁਰਭਗਤ ਸਿੰਘ ਦੇ ਚਿੰਤਨ ਦੀ ਵਿਲੱਖਣਤਾ ਨੂੰ ਦਰਸਾਉਂਦੇ ਹੋਰ ਵੀ ਕਈ ਅਹਿਮ ਨੁਕਤੇ ਉਭਾਰੇ। ਉਨ੍ਹਾਂ ਤੋਂ ਬਾਅਦ ਬੀਬੀ ਇੰਦਰਜੀਤ ਕੌਰ ਸਰਾਂ ਨੇ ਜੂਨ 2011 ਵਿਚ ਡਾ. ਗੁਰਭਗਤ ਸਿੰਘ ਨਾਲ ਰਿਕਾਰਡ ਕੀਤੀ ਗਈ ਖੁੱਲ੍ਹੀ ਗੱਲਬਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਗੱਲਬਾਤ ਭਾਵੇਂ ਇਤਫਾਕਵਸ ਹੀ ਰਿਕਾਰਡ ਕੀਤੀ ਗਈ ਸੀ ਪਰ ਹੁਣ ਜਦੋਂ ਉਨ੍ਹਾਂ ਇਹ ਗੱਲਬਾਤ ਮੁੜ ਸੁਣੀ ਹੈ ਤਾਂ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਸ ਵੇਲੇ ਇਹ ਗੱਲਬਾਤ ਰਿਕਾਰਡ ਕਰ ਲੈਣੀ ਇਕ ਚੰਗਾ ਉੱਦਮ ਸੀ। ਇਸ ਤੋਂ ਬਾਅਦ ਡਾ. ਗੁਰਭਗਤ ਸਿੰਘ ਨਾਲ ਕੀਤੀ ਗਈ ਉਕਤ ਗੱਲਬਾਤ ਵਿਚੋਂ ਕੁਝ ਚੋਣਵੀਆਂ ਝਲਕੀਆਂ ਹਾਜ਼ਰੀਨਾਂ ਨੂੰ ਪਰਦੇ ਉੱਤੇ ਵਿਖਾਈਆਂ ਗਈਆਂ ਤੇ ਪੂਰੀ ਗੱਲਬਾਤ ਸਿੱਖ ਸਿਆਸਤ ਐਂਡਰਾਇਡ ਐਪ ਉੱਤੇ ਜਾਰੀ ਕਰ ਦਿੱਤੀ ਗਈ।

ਸਮਾਗਮ ਦੇ ਅਖੀਰ ਵਿਚ ਸ. ਰਣਜੀਤ ਸਿੰਘ ਨੇ ਯੂਨੀਵਰਸਿਟੀ ਵਿਦਿਆਰਥੀਆਂ ਵਲੋਂ ਸਭਨਾਂ ਦਾ ਰਸਮੀ ਧੰਨਵਾਦ ਕੀਤਾ। ਪਾਠਕ ਡਾ. ਗੁਰਭਗਤ ਸਿੰਘ ਨਾਲ ਕੀਤੀ ਗਈ ਇਹ ਤਕਰੀਬਨ ਢਾਈ ਘੰਟੇ ਦੀ ਖੁੱਲ੍ਹੀ ਗੱਲਬਾਤ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਬਿਨਾ ਕਿਸੇ ਭੇਟਾ ਦੇ ਸੁਣ ਸਕਦੇ ਹਨ। ਡਾ. ਗੁਰਭਗਤ ਸਿੰਘ ਦੀ ਇਹ ਨਵੀਂ ਕਿਤਾਬ ਵੀ ਸਿੱਖ ਸਿਆਸਤ ਰਾਹੀਂ ਦੁਨੀਆ ਭਰ ਵਿਚ ਕਿਤੇ ਵੀ ਮੰਗਵਾਈ ਜਾ ਸਕਦੀ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# CRIME REPORT

## ਆਰਕੈਸਟਰਾ ਸਪਨਾ ਦਾ ਸਿਰ ਵੱਢ ਸੂਏ ਵਿੱਚ ਸੁੱਟਣ ਵਾਲੇ ਕਾਤਲ ਗ੍ਰਿਫ਼ਤਾਰ

**ਬਠਿੰਡਾ/ਏਟੀ ਨਿਊਜ਼ :** ਸਾਈਂ ਨਗਰ ਵਿੱਚ ਕੁੜੀ ਸਪਨਾ ਦੀ ਸਿਰ ਕੱਟੀ ਲਾਸ਼ ਮਿਲਣ ਦੇ ਮਾਮਲੇ ਵਿਚ ਪੁਲਿਸ ਨੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਤਿੰਨੇ ਮ੍ਰਿਤਕਾ ਸਪਨਾ ਨਾਲ ਆਰਕੈਸਟਰਾ ਗਰੁੱਪ ਵਿੱਚ ਕੰਮ ਕਰਦੇ ਸਨ। ਪਿਛਲੇ ਦਿਨੀਂ ਇਨ੍ਹਾਂ ਦੀ ਪੈਸਿਆਂ ਦੇ ਲੈਣ-ਦੇਣ ਪਿੱਛੇ ਲੜਾਈ ਹੋਈ ਜਿਸ ਦੇ ਚੱਲਦਿਆਂ ਸਪਨਾ ਦਾ ਕਤਲ ਕਰ ਦਿੱਤਾ ਗਿਆ। ਐਸਐਸਪੀ ਨੇ ਦੱਸਿਆ ਕਿ ਸਪਨਾ ਦੇ ਸਾਥੀਆਂ ਨੇ ਉਸ ਨੂੰ ਸ਼ਰਾਬ ਪਿਆ ਕਾਪੇ ਨਾਲ ਉਸ ਦਾ ਗਲ ਵੱਢ ਦਿੱਤਾ। ਲਾਸ਼ ਖੁਰਦ-ਬੁਰਦ ਕਰਨ ਲਈ ਇਨ੍ਹਾਂ ਨੇ ਸਪਨਾ ਦਾ ਸਿਰ ਸੂਏ ਵਿੱਚ ਸੁੱਟ ਦਿੱਤਾ ਤੇ ਧੜ ਤੋਂ ਕੱਪੜੇ ਉਤਾਰ ਕੇ ਨਾਲੇ ਵਿੱਚ ਸੁੱਟ ਦਿੱਤਾ। ਪੁਲਿਸ ਨੇ ਤਿੰਨਾਂ ਮੁਲਜ਼ਮਾਂ ਸਿਰ ਕਤਲ ਕੇਸ ਦਰਜ ਕਰ ਦਿੱਤਾ ਹੈ। ਸਪਨਾ ਦੇ ਪਿਤਾ ਰੇਸ਼ਮ ਦਾ ਕਹਿਣਾ ਹੈ ਕਿ ਉਸ ਦੀ ਧੀ ਨੂੰ ਕੁਝ ਸਮੇਂ ਪਹਿਲਾਂ ਪੂਜਾ ਨਾਂ ਦੀ ਔਰਤ ਘਰੋਂ ਲੈ ਗਈ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਉਸੇ ਨੇ ਹੀ ਸਪਨਾ ਨੂੰ ਨਸ਼ੇ ਦਾ ਆਦੀ ਬਣਾਇਆ ਤੇ ਉਸ ਨੂੰ ਗ਼ਲਤ ਕੰਮਾਂ ਵਿੱਚ ਵੀ ਭੇਜਦੇ ਸੀ।



## ਘਰ ਬੁਲਾ ਕੇ ਪ੍ਰੇਮੀ ਨੂੰ ਕੁੱਟ ਕੁੱਟ ਕੇ ਮਾਰਿਆ

**ਸਮਰਾਲਾ/ਏਟੀ ਨਿਊਜ਼ :** ਪਿੰਡ ਕਕਰਾਲਾ ਖ਼ੁਰਦ ਦੇ ਨਿਵਾਸੀ ਗੁਰਜੰਟ ਸਿੰਘ (50 ਸਾਲ) ਨੂੰ ਪਿੰਡ ਕੋਟਾਲਾ ਵਿਚ ਉਸ ਸਮੇਂ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤੇ ਜਾਣ ਦੀ ਖ਼ਬਰ ਹੈ, ਜਦੋਂ ਉਹ ਕਥਿਤ ਰੂਪ ਵਿਚ ਕੋਟਾਲਾ ਪਿੰਡ ਦੇ ਨਿਵਾਸੀ ਅਵਤਾਰ ਸਿੰਘ ਦੀ ਪਤਨੀ ਨੂੰ ਮਿਲਣ ਗਿਆ ਸੀ। ਪਤਾ ਲੱਗਾ ਹੈ ਕਿ ਜਦੋਂ ਉਹ ਅਵਤਾਰ ਸਿੰਘ ਦੇ ਘਰ ਵੜਿਆ ਤਾਂ ਕਥਿਤ ਦੋਸ਼ੀਆਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ? ਗੁਰਜੰਟ ਸਿੰਘ ਨੂੰ ਕੁੱਟ ਪੈਂਦੀ ਦੇਖ ਕੇ ਉਸ ਨਾਲ ਆਇਆ ਤਾਏ ਦਾ ਲੜਕਾ ਜਸਦੇਵ ਸਿੰਘ ਮੌਕੇ ਤੋਂ ਭੱਜ ਗਿਆ ਅਤੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਗੁਰਜੰਟ ਦੀ ਹਾਲਤ ਖ਼ਰਾਬ ਦੇਖ ਕੇ ਅਵਤਾਰ ਸਿੰਘ ਤੇ ਉਸ ਦੀ ਪਤਨੀ ਨੇ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਦੀ ਟੀਮ ਵਲੋਂ ਗੁਰਜੰਟ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ। ਪੁਲਿਸ ਨੇ ਜਸਦੇਵ ਸਿੰਘ ਦੇ ਬਿਆਨਾਂ 'ਤੇ ਅਵਤਾਰ ਸਿੰਘ ਤੇ ਉਸ ਦੀ ਪਤਨੀ ਸੰਦੀਪ ਕੌਰ ਉੱਪਰ ਕਤਲ ਦਾ ਮਾਮਲਾ ਦਰਜ ਕਰਕੇ ਅਵਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਦੱਸਿਆ ਜਾਂਦਾ ਹੈ, ਪਰ ਪੁਲਿਸ ਇਸ ਗ੍ਰਿਫ਼ਤਾਰੀ ਤੋਂ ਇਨਕਾਰ ਕਰ ਰਹੀ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰਨ ਦੀ ਗੱਲ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਗੁਰਜੰਟ ਸਿੰਘ ਰੇਲਵੇ ਵਿਚ ਭੋਪਾਲ ਵਿਖੇ ਨੌਕਰੀ ਕਰਦਾ ਸੀ ਅਤੇ ਬੀਤੀ ਰਾਤ ਹੀ ਆਪਣੇ ਘਰ ਆਇਆ ਸੀ।

## ਨਸ਼ੇੜੀ ਨੌਜਵਾਨਾਂ ਵੱਲੋਂ ਆਤਮਘਾਤ

**ਗੋਇੰਦਵਾਲ ਸਾਹਿਬ/ਏਟੀ ਨਿਊਜ਼ :** ਥਾਣਾ ਗੋਇੰਦਵਾਲ ਸਾਹਿਬ ਅਧੀਨ ਆਉਂਦੇ ਪਿੰਡ ਖਵਾਸਪੁਰ ਵਿੱਚ ਇਕ ਬੰਦ ਮਕਾਨ ਵਿਚੋਂ ਦੋ ਨਸ਼ੇੜੀ ਨੌਜਵਾਨਾਂ ਪਿੰਦਰ ਸਿੰਘ (22 ਸਾਲ), ਹਰਦੀਪ ਸਿੰਘ (20 ਸਾਲ) ਦੀਆਂ ਛੱਤ ਨਾਲ ਲਟਕਦੀਆਂ ਲਾਸ਼ਾਂ ਮਿਲੀਆਂ ਹਨ। ਥਾਣਾ ਗੋਇੰਦਵਾਲ ਸਾਹਿਬ ਦੀ ਪੁਲੀਸ ਨੇ ਮੌਕੇ 'ਤੇ ਪੁੱਜ ਕੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ। ਪਿੰਦਰ ਸਿੰਘ ਦੇ ਮਾਪਿਆਂ ਦੀ ਮੌਤ ਹੋ ਚੁੱਕੀ ਸੀ। ਪਿੰਡ ਵਾਸੀਆਂ ਨੇ ਦੱਸਿਆ ਪੰਚਾਇਤ ਨੇ ਇਸ ਸਬੰਧੀ ਮਤਾ ਪਾ ਕੇ ਨਸ਼ਾ ਵੇਚਣ ਵਾਲਿਆਂ ਦੀ ਸੂਚੀ ਪੁਲੀਸ ਨੂੰ ਸੌਂਪੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ।

## ਸੈਕਰਾਮੈਂਟੋ ਦਰਿਆ ਵਿਚ ਰੁੜ੍ਹੇ ਪਤੀ-ਪਤਨੀ ਦੀਆਂ ਲਾਸ਼ਾਂ ਬਰਾਮਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਆਪਣੇ ਟੋਅ-ਟਰੱਕ ਸਮੇਤ ਸੈਕਰਾਮੈਂਟੋ ਦਰਿਆ ਵਿਚ ਰੁੜ੍ਹੇ ਫਿਜ਼ੀਅਨ ਜੋੜੇ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਸ਼ਲਵਿਨੇਸ਼ ਸ਼ਰਮਾ ਦੀ ਲਾਸ਼ ਹਾਦਸੇ ਵਾਲੇ ਸਥਾਨ ਤੋਂ ਤਕਰੀਬਨ 5 ਕਿਲੋਮੀਟਰ



ਦੂਰ ਦਰਿਆ ਵਿਚ ਤੈਰਦੀ ਹੋਈ ਮਿਲੀ। ਕੈਲੀਫੋਰਨੀਆ ਰਾਸ਼ਟਰੀ ਮਾਰਗ ਗਸ਼ਤੀ ਟੀਮ ਦੇ ਅਧਿਕਾਰੀ ਜਿਮ ਯੌਂਗ ਨੇ ਇਹ ਜਾਣਕਾਰੀ ਦਿੱਤੀ। ਸ਼ਰਮਾ ਦੀ ਪਤਨੀ ਰੋਜਲਿਨ ਸ਼ਰਮਾ ਦੀ ਲਾਸ਼ ਟਰੱਕ ਵਿਚੋਂ ਬਰਾਮਦ ਹੋਈ। ਰੋਜਲਿਨ ਸ਼ਰਮਾ ਦੇ ਭਰਾ ਡੋਨਲਡ ਸਿੰਘ ਨੇ ਬਹੁਤ ਹੀ ਦੁਖੀ ਮਨ ਨਾਲ ਕਿਹਾ ਕਿ ਬਚਾਅ ਕਾਰਵਾਈ ਬਹੁਤ ਦੇਰੀ ਨਾਲ ਸ਼ੁਰੂ ਕੀਤੀ ਗਈ। ਜੇਕਰ ਟਰੱਕ ਨੂੰ ਪਾਣੀ ਵਿਚੋਂ ਛੇਤੀ ਕੱਢ ਲਿਆ ਜਾਂਦਾ ਤਾਂ ਹੋ ਸਕਦਾ ਸੀ ਕਿ ਉਸ ਦੀ ਭੈਣ ਬਚ ਜਾਂਦੀ। ਦੂਸਰੇ ਪਾਸੇ ਜਿਮ ਯੌਂਗ ਦਾ ਕਹਿਣਾ ਹੈ ਕਿ ਦਰਿਆ ਦਾ ਪਾਣੀ ਬਹੁਤ ਤੇਜ਼ੀ ਨਾਲ ਵਹਿ ਰਿਹਾ ਸੀ। ਸਮੁੰਦਰੀ ਤੂਫਾਨ ਵਾਂਗ ਸ਼ੂਕਦੇ ਦਰਿਆ ਦੇ ਪਾਣੀ ਕਾਰਨ ਬਚਾਅ ਕਾਰਵਾਈ ਛੇਤੀ ਸ਼ੁਰੂ ਨਹੀਂ ਕੀਤੀ ਜਾ ਸਕੀ।

ਇਥੇ ਵਰਣਨਯੋਗ ਹੈ ਕਿ ਪਿਛਲੇ ਮਹੀਨੇ ਦੇ ਆਖਿਰ ਵਿਚ ਸ਼ਰਮਾ ਦਾ ਟਰੱਕ ਇਕ ਹੋਰ ਵਾਹਨ ਨਾਲ ਟਕਰਾ ਕੇ ਦਰਿਆ ਵਿਚ ਡਿੱਗ ਪਿਆ ਸੀ। ਉਸ ਦਿਨ ਤੋਂ ਹੀ ਸ਼ਰਮਾ ਜੋੜੇ ਦੀ ਹੋਣੀ ਨੂੰ ਲੈ ਕੇ ਫਿਕਰਮੰਦੀ ਪ੍ਰਗਟਾਈ ਜਾ ਰਹੀ ਸੀ।

## ਸਪੇਨ ਵਿਚ ਮਾਰੇ ਗਏ ਨੌਜਵਾਨ ਦੀ ਲਾਸ਼ ਘਰ ਪੁੱਜੀ

**ਸਪੇਨ/ਏਟੀ ਨਿਊਜ਼ :** ਕਮਾਈ ਲਈ ਸਪੇਨ ਗਏ ਸ਼ਹਿਰ ਦੇ ਮੁਹੱਲਾ ਤਿੱਖੋਵਾਲ ਦੇ ਨੌਜਵਾਨ ਬਲਵਿੰਦਰ ਸਿੰਘ ਨੂੰ ਏਜੰਟ ਵਲੋਂ ਗ਼ਲਤ ਤਰੀਕੇ 'ਡੌਂਕੀ' ਰਾਹੀਂ ਭੇਜਦਿਆਂ ਬਰਫ਼ ਵਿੱਚ ਦਬ ਜਾਣ ਕਾਰਨ ਉਸ ਦੀ ਮੌਤ ਹੋ ਗਈ। ਲਾਸ਼ ਘਰ ਪੁੱਜਣ 'ਤੇ ਸੋਗ ਵਿੱਚ ਡੁੱਬੇ ਮਾਪਿਆਂ ਵਲੋਂ ਮ੍ਰਿਤਕ ਦਾ ਸ਼ਹਿਰ ਦੇ ਸਮਸ਼ਾਨਘਾਟ ਵਿਚ ਸਸਕਾਰ ਕਰ ਦਿੱਤਾ ਗਿਆ। ਪਰਿਵਾਰ ਨੇ ਵਿਦੇਸ਼ ਦੀ ਇੱਕ ਸਿੱਖ ਸੰਸਥਾ ਦੀ ਮਦਦ ਲਈ ਤੇ ਕਾਨੂੰਨੀ ਚਾਰਾਜੋਈ ਤੋਂ ਬਾਅਦ ਮ੍ਰਿਤਕ ਬਲਵਿੰਦਰ ਸਿੰਘ ਦੀ ਲਾਸ਼ ਬੀਤੇ ਦਿਨੀਂ ਘਰ ਪੁੱਜੀ ਹੈ।

## ਸ਼ਰਾਬ ਤਸਕਰ ਨੇ ਪੁਲਸੀਏ ਕੁੱਟੇ

**ਫ਼ਿਰੋਜ਼ਪੁਰ/ਏਟੀ ਨਿਊਜ਼ :** ਇਥੋਂ ਥਾਣਾ ਆਰਿਫ਼ ਕੇ ਅਧੀਨ ਪੈਂਦੀ ਬਸਤੀ ਜਾਨੀਆਂ ਵਾਲੀ ਵਿੱਚ ਸ਼ਰਾਬ ਤਸਕਰੀ ਦੇ ਇੱਕ ਮੁਲਜ਼ਮ ਨੇ ਬੀਤੇ ਦਿਨ ਇੱਕ ਮਾਮਲੇ ਦੀ ਪੜਤਾਲ ਵਾਸਤੇ ਆਏ ਸਬ ਇੰਸਪੈਕਟਰ ਤੇ ਸਿਪਾਹੀ ਨਾਲ ਕੁੱਟਮਾਰ ਕੀਤੀ। ਸਬ-ਇੰਸਪੈਕਟਰ ਜਗਦੀਪ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਇਥੋਂ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਸ ਦੇ ਨਾਲ ਗਏ ਸਿਪਾਹੀ ਦਰਸ਼ਨ ਸਿੰਘ ਦੇ ਵੀ ਸੱਟਾਂ ਵੱਜੀਆਂ ਹਨ। ਜਗਦੀਪ ਸਿੰਘ ਆਪਣੀ ਟੀਮ ਨਾਲ ਸ਼ਰਾਬ ਤਸਕਰੀ ਦੇ ਇੱਕ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਸੁਲੱਖਣ ਸਿੰਘ ਨੂੰ ਮਿਲਿਆ ਤਾਂ ਉਹ ਟੀਮ ਦੇ ਗਲ ਪੈ ਗਿਆ ਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ। ਪੁਲੀਸ ਨੇ ਸੁਲੱਖਣ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਰਵਿੰਦ ਕੇਜਰੀਵਾਲ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ

**ਨਵੀਂ ਦਿੱਲੀ/ਏਟੀ ਨਿਊਜ਼ :**
ਮਾਨਹਾਨੀ ਦੇ ਇਕ ਮਾਮਲੇ ਵਿਚ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਹੋਇਆ ਹੈ। ਵਿਸ਼ੇਸ਼ ਅਦਾਲਤ ਨੇ ਕੇਜਰੀਵਾਲ ਤੋਂ ਇਲਾਵਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਸਵਰਾਜ ਇੰਡੀਆ ਦੇ ਪ੍ਰਧਾਨ ਯੋਗੇਂਦਰ ਯਾਦਵ ਖ਼ਿਲਾਫ਼ ਵੀ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਅਦਾਲਤ 'ਚ ਵਕੀਲ ਸੁਰੇਂਦਰ ਕੁਮਾਰ ਸ਼ਰਮਾ ਨੇ ਕੇਜਰੀਵਾਲ ਅਤੇ ਹੋਰ ਖ਼ਿਲਾਫ਼ ਮਾਨਹਾਨੀ ਦਾ ਦਾਅਵਾ ਕੀਤਾ ਸੀ। ਦੋਸ਼ ਹੈ ਕਿ ਸੰਨ 2013 ਵਿਚ ਸ਼ਰਮਾ ਨੂੰ ਵਿਧਾਨ ਸਭਾ ਚੋਣ ਲੜਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਨੇ ਅਰਜ਼ੀ ਵੀ ਦਿੱਤੀ ਸੀ ਪ੍ਰੰਤੂ ਬਾਅਦ ਵਿਚ ਟਿਕਟ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਖ਼ਿਲਾਫ਼ ਬੇਇੱਜ਼ਤ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਗਈ।

## ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ 10 ਜੂਨ ਤਕ ਅੱਗੇ ਪਈ

**ਫਰੀਦਕੋਟ/ਏਟੀ ਨਿਊਜ਼ :**
ਸਥਾਨਕ ਅਦਾਲਤ ਨੇ ਸਾਲ 2015 ਵਿਚ ਵਾਪਰੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ 10 ਜੂਨ ਤਕ ਅੱਗੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸੇ ਮਾਮਲੇ ਵਿਚ ਮੋਗੇ ਦੇ ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਅਤੇ ਮੁਅੱਤਲ ਆਈਜੀ. ਪਰਮਰਾਜ ਉਮਰਾਨੰਗਲ ਨੂੰ ਮਾਮਲੇ ਦੀ ਜਾਂਚ ਕਰ ਰਹੇ ਖਾਸ ਜਾਂਚ ਦਲ (ਸਿੱਟ) ਵਲੋਂ ਗ੍ਰਿਫਤਾਰ ਕੀਤਾ ਗਿਆ ਸੀ ਹਾਲਾਂਕਿ ਬਾਅਦ ਵਿਚ ਦੋਵਾਂ ਨੂੰ ਇਸ ਮਾਮਲੇ ਚ ਜ਼ਮਾਨਤ ਮਿਲ ਗਈ ਸੀ। ਇਹ ਮਾਮਲਾ 14 ਅਕਤੂਬਰ 2015 ਨੂੰ ਪੁਲਿਸ ਵਲੋਂ ਕੋਟਕਪੂਰੇ ਵਿਚ ਗੋਲੀਬਾਰੀ ਤੇ ਲਾਠੀਚਾਰਜ ਕਰਕੇ ਸਿੱਖ ਸੰਗਤਾਂ ਨੂੰ ਜ਼ਖਮੀ ਕਰਨ ਨਾਲ ਸਬੰਧਤ ਹੈ।

# ਬੀਬੀ ਖਾਲੜਾ ਦਾ ਚੋਣ ਕਮਿਸ਼ਨ ਨੂੰ ਠੋਕਵਾਂ ਜਵਾਬ

## *ਕਿਹਾ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਵਿਸ਼ੇਸ਼ ਫਿਰਕੇ ਦੇ ਗੁਰੂ ਨਹੀਂ, ਸਗੋਂ ਸਮੂਹ ਮਾਨਵਤਾ ਦੇ ਹਨ*

**ਅੰਮ੍ਰਿਤਸਰ/ਏਟੀ ਨਿਊਜ਼ :**
ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਰਿਟਰਨਿੰਗ ਅਫ਼ਸਰ ਤੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਸਭਰਵਾਲ ਨੇ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦਾ ਨੋਟਿਸ ਜਾਰੀ ਕੀਤਾ ਸੀ। ਬੀਬੀ ਖਾਲੜਾ ਪੰਥਕ ਹਲਕੇ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਹਨ। ਚੋਣ ਕਮਿਸ਼ਨ ਦੇ ਨੋਟਿਸ ਵਿੱਚ ਲਿਖਿਆ ਕਿ - 'ਇੱਕ ਨਿਊਜ਼ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਬੀਬੀ ਪਰਮਜੀਤ ਕੌਰ ਖਾਲੜਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਚੋਣ-ਮੈਨੀਫ਼ੈਸਟੋ ਦੱਸਿਆ ਸੀ। ਇੰਝ ਚੋਣ-ਜ਼ਾਬਤੇ ਦੀ ਉਲੰਘਣਾ ਹੋਈ ਹੈ।' ਇਸ ਨੋਟਿਸ ਰਾਹੀਂ ਡਿਪਟੀ ਕਮਿਸ਼ਨਰ ਨੇ ਅਗਲੇ 48 ਘੰਟਿਆਂ ਦੌਰਾਨ ਬੀਬੀ ਖਾਲੜਾ ਤੋਂ ਸਪੱਸ਼ਟੀਕਰਨ ਮੰਗਿਆ ਤੇ ਪੁੱਛਿਆ ਕਿ 'ਤੁਹਾਡੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਕਿਉਂ ਨਾ ਕੀਤੀ ਜਾਵੇ।' ਦਰਅਸਲ ਬਾਦਲ ਦਲ ਨੇ ਬੀਬੀ ਪਰਮਜੀਤ ਕੌਰ ਖਾਲੜਾ ਬਾਰੇ ਅਕਾਲ ਤਖਤ ਤੇ ਸ਼ਿਕਾਇਤ ਕੀਤੀ ਸੀ ਤੇ ਚੋਣ ਕਮਿਸ਼ਨ ਕੋਲ ਵੀ। ਬਾਦਲ ਦਲ ਦਾ ਪੱਖ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਿਆਸਤ ਵਿਚ ਨਹੀਂ ਘਸੀਟਿਆ ਜਾ ਸਕਦਾ, ਇਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਪ੍ਰੋ: ਵਿਰਸਾ ਸਿੰਘ ਵਲਟੋਹਾ ਤੋਂ ਇਲਾਵਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਜਸਬੀਰ ਸਿੰਘ ਡਿੰਪਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਬੀਬੀ ਖਾਲੜਾ ਦੀ ਇਸ ਵੱਡੀ ਗਲਤੀ 'ਤੇ ਉਨ੍ਹਾਂ ਨੂੰ ਤਲਬ ਕਰਕੇ ਸਜ਼ਾ ਲਗਾਈ ਜਾਵੇ। ਜਾਣਕਾਰੀ ਅਨੁਸਾਰ ਬੀਬੀ ਖਾਲੜਾ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਦੇ ਪਤੀ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਉਹ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਬੈਨਰ ਹੇਠ ਪਿਛਲੇ 24 ਸਾਲਾਂ ਤੋਂ ਅਹਿਮ ਮੁੱਦਿਆਂ 'ਤੇ ਲੜਾਈ ਲੜਦੇ ਆ ਰਹੇ ਹਨ। ਬੀਬੀ



ਖਾਲੜਾ ਨੇ ਲੋਕ ਸਭਾ ਚੋਣਾਂ ਵਿਚ ਚੋਣ ਲੜਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਚੋਣ ਮੈਨੀਫੈਸਟੋ ਦੱਸਿਆ ਅਤੇ ਇਸ ਤੋਂ ਬਾਹਰ ਨਾ ਜਾਣ ਬਾਰੇ ਵੀ ਗੱਲ ਕੀਤੀ।

ਦੂਸਰੇ ਪਾਸੇ ਪੰਥਕ ਤਾਲਮੇਲ ਸੰਗਠਨ ਦੇ ਮੁਖੀ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ ਸਿੱਧ ਹੈ ਕਿ ਬਾਦਲ ਦਲ ਗੁਰੂ ਗਰੰਥ ਸਾਹਿਬ ਦਾ ਵਿਰੋਧੀ ਹੈ। ਇਸ ਤੋਂ ਅੰਦਾਜ਼ਾ ਲਗਾਉ ਕਿ ਇਨ੍ਹਾਂ ਦੇ ਰਾਜ ਵਿਚ ਬੇਅਦਬੀਆਂ ਕਿਉ ਹੋਈਆਂ। ਬਾਦਲ ਦਲ ਦੀ ਚਾਹਿਤ ਹੈ ਕਿ ਬੀਬੀ ਖਾਲੜਾ ਨੂੰ ਪੰਥ ਵਿਚੋਂ ਖਾਰਜ ਕਰਾਇਆ ਜਾਵੇ ਤੇ ਦੂਸਰਾ ਲੋਕ ਸਭਾ ਸੀਟ ਲੜਨ ਤੋਂ ਰੋਕਿਆ ਜਾਵੇ।

### ਬੀਬੀ ਖਾਲੜਾ ਦਾ ਠੋਕਵਾਂ ਜਵਾਬ

ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਪੰਜਾਬ ਜਮਹੂਰੀ ਗੱਠਜੋੜ (ਪੀਡੀਏ) ਦੀ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਚੋਣ ਮਨੋਰਥ ਪੱਤਰ ਦੱਸਣ 'ਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕੀਤੇ ਜਾਣ ਦੇ ਜਾਰੀ ਕੀਤੇ ਨੋਟਿਸ ਦਾ ਉਨ੍ਹਾਂ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਖਾਸ ਫਿਰਕੇ ਲਈ ਨਹੀਂ ਹੈ, ਇਸ ਦਾ ਸੰਦੇਸ਼ ਸਮੁੱਚੀ ਮਾਨਵਤਾ ਲਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਨੋਟਿਸ ਉਨ੍ਹਾਂ ਲੋਕਾਂ ਦੀ ਸ਼ਿਕਾਇਤ 'ਤੇ ਭੇਜਿਆ ਗਿਆ ਹੈ ਜਿਨ੍ਹਾਂ ਧਿਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਦੁਸ਼ਮਣੀ ਕੱਢਣ ਲਈ ਸ੍ਰੀ ਦਰਬਾਰ ਸਾਹਿਬ ਤੇ ਤੋਪਾਂ-ਟੈਂਕਾਂ ਨਾਲ ਹਮਲਾ ਬੋਲਿਆ ਸੀ? ਉਨ੍ਹਾਂ ਨੋਟਿਸ ਦੇ ਜਵਾਬ ਵਿਚ ਇਹ ਵੀ ਲਿਖਿਆ ਹੈ ਕਿ ਇਹ ਨੋਟਿਸ ਉਨ੍ਹਾਂ ਲੋਕਾਂ ਦੀ ਸ਼ਿਕਾਇਤ 'ਤੇ ਭੇਜਿਆ ਗਿਆ ਹੈ, ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਵਾਈ ਹੈ? ਉਨ੍ਹਾਂ ਕਿਹਾ, 'ਮੈਂ ਦੱਸਣਾ ਚਾਹੁੰਦੀ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਧ ਹੈ ਮਨੁੱਖੀ ਬਰਾਬਰੀ, ਜਾਤ ਪਾਤ ਦਾ ਖਾਤਮਾ, ਜ਼ੁਲਮ ਦੀ ਵਿਰੋਧਤਾ, ਗਰੀਬ ਦੀ ਬਾਂਹ ਫੜਨਾ ਅਤੇ ਸਰਬੱਤ ਦਾ ਭਲਾ"। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈਣਾ ਕਿਸੇ ਵੀ ਤਰ੍ਹਾਂ ਨਾਲ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਬਣਦੀ।

### ਬਾਬਾ ਬੇਦੀ ਦੇ ਸੰਤ ਸਮਾਜ ਵਲੋਂ ਬੀਬੀ ਖਾਲੜਾ ਨੂੰ ਹਮਾਇਤ

ਸੰਤ ਸਮਾਜ ਦੇ ਨੁਮਾਇੰਦਿਆਂ ਵਲੋਂ ਇਕ ਹੰਗਾਮੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਗਿਆ। ਇਸ ਤੋਂ ਪਹਿਲਾਂ ਸੰਤ ਸਮਾਜ ਦੇ ਨੁਮਾਇੰਦਿਆਂ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਸਮੁੱਚੇ ਸੰਤਾਂ ਮਹਾਪੁਰਸ਼ਾਂ ਦੀਆਂ ਭਾਵਨਾਵਾਂ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਸਿੱਖ ਸੰਗਤ ਤੋਂ ਮਿਲੇ ਸੁਨੇਹੇ ਨੂੰ ਮੁੱਖ ਰੱਖਦਿਆਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ। ਇਸ ਸਬੰਧੀ ਸੰਤ ਸਮਾਜ ਦੇ ਸਰਪ੍ਰਸਤ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ, ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲੇ, ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ, ਬਾਬਾ ਕਸ਼ਮੀਰਾ ਸਿੰਘ ਅਲਹੌਰਾਂ ਸੰਪਰਦਾ ਰਾੜਾ ਸਾਹਿਬ ਨੇ ਦੱਸਿਆ ਕਿ ਸਮਾਜ ਵਲੋਂ ਇਹ ਅਹਿਮ ਫ਼ੈਸਲਾ ਲਿਆ ਗਿਆ ਹੈ। ਉਨ੍ਹਾਂ ਹਲਕਾ ਖਡੂਰ ਸਾਹਿਬ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬੀਬੀ ਖਾਲੜਾ ਨੂੰ ਆਪਣਾ ਸਮਰਥਨ ਦੇਣ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375




# ਭਾਰਤੀ ਚੋਣਾਂ 'ਚ ਸਿਆਸਤਦਾਨਾਂ ਦੀ ਭੱਦੀ ਤੇ ਭੜਕਾਊ ਬਿਆਨਬਾਜ਼ੀ

## ਮੋਦੀ ਤਿੰਨ ਤਲਾਕ ਤਿੰਨ ਤਲਾਕ ਕਰਦੇ ਰਹਿੰਦੇ ਹਨ ਪਰ ਆਪਣੀ ਪਤਨੀ ਨੂੰ ਇਕ ਵਾਰ ਵੀ ਤਲਾਕ ਨਹੀਂ ਬੋਲਿਆ ਤੇ ਛੱਡ ਦਿੱਤਾ : ਅਜਿਤ ਸਿੰਘ

- **ਪ੍ਰਿਯੰਕਾ ਤੇ ਰਾਹੁਲ ਕਾਂਗਰਸ ਦਾ ਸੱਤਿਆਨਾਸ ਕਰਨਗੇ: ਯੋਗੀ**
- **ਮਮਤਾ ਬੈਨਰਜੀ ਨੇ ਮੋਦੀ ਨੂੰ ਦੰਗਾਬਾਜ਼ ਕਿਹਾ**
- **ਭਾਜਪਾ ਨੇਤਾ ਜੈਪ੍ਰਦਾ ਖਾਕੀ ਰੰਗ ਦੀ ਅੰਡਰਵੀਅਰ ਪਹਿਨਦੀ ਹੈ, ਕਹਿਣ ਵਾਲੇ ਆਜ਼ਮ ਖਾਨ ਵਿਰੁੱਧ ਹੋਇਆ ਕੇਸ ਦਰਜ**




### ਅਜਿਤ ਸਿੰਘ ਦਾ ਮੋਦੀ ਖਿਲਾਫ਼ ਬਿਆਨ

ਰਾਸ਼ਟਰੀ ਲੋਕ ਦਲ ਦੇ ਨੇਤਾ ਅਜਿਤ ਸਿੰਘ ਨੇ ਕਿਹਾ, 'ਨਰਿੰਦਰ ਮੋਦੀ ਝੂਠ ਨਹੀਂ ਬੋਲਦੇ, ਬਸ ਉਹਨਾਂ ਨੇ ਅੱਜ ਤੱਕ ਸੱਚ ਨਹੀਂ ਬੋਲਿਆ। ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਸੱਚ ਬੋਲੋ ਪਰ ਮੋਦੀ ਦੇ ਮਾਤਾ-ਪਿਤਾ ਨੇ ਨਹੀਂ ਸਿਖਾਇਆ।' ਅਜਿਤ ਸਿੰਘ ਨੇ ਕਿਹਾ, 'ਮੋਦੀ ਇੰਨੇ ਸ਼ਾਤਿਰ ਆਦਮੀ ਹਨ ਕਿ ਜੇ ਉਹ ਸ੍ਰੀਲੰਕਾ ਚਲੇ ਜਾਂਦੇ ਤਾਂ ਵਾਪਸ ਆ ਕੇ ਕਹਿੰਦੇ ਹਨ ਕਿ ਰਾਵਣ ਨੂੰ ਮੈਂ ਹੀ ਮਾਰਿਆ ਹੈ ਕਿਉਂਕਿ ਦੇਸ਼ ਵਿਚ ਹੋਰ ਕਿਸੇ ਨੇ ਤਾਂ ਕੁਝ ਕੀਤਾ ਹੀ ਨਹੀਂ।' ਉਹਨਾਂ ਨੇ ਮੋਦੀ ਨੂੰ ਵਿਅੰਗ ਨਾਲ ਔਰਤਾਂ ਦਾ ਸਮਰਥਕ ਦੱਸਦਿਆਂ ਕਿਹਾ, 'ਉਹ ਤਿੰਨ ਤਲਾਕ ਤਿੰਨ ਤਲਾਕ ਕਰਦੇ ਰਹਿੰਦੇ ਹਨ ਪਰ ਆਪਣੀ ਪਤਨੀ ਨੂੰ ਇਕ ਵਾਰ ਵੀ ਤਲਾਕ ਨਹੀਂ ਬੋਲਿਆ ਤੇ ਛੱਡ ਦਿੱਤਾ।'

### ਮੋਦੀ ਖਿਲਾਫ਼ ਕਾਂਗਰਸੀ ਆਗੂ ਦਾ ਗਾਲਨੁਮਾ ਬਿਆਨ

ਗੁਜਰਾਤ ਕਾਂਗਰਸ ਦੇ ਸਾਬਕਾ ਪ੍ਰਧਾਨ ਅਰੁਜਨ ਮੋਧਵਡੀਆ ਨੇ ਬਨਾਸਕਾਂਠਾ ਦੇ ਦੀਸਾ ਸ਼ਹਿਰ ਵਿਚ ਇਕ ਰੈਲੀ ਵਿਚ ਕਿਹਾ, "ਇਕ ਸਿਹਤਮੰਦ ਵਿਅਕਤੀ ਦੀ ਛਾਤੀ 32 ਇੰਚ ਹੁੰਦੀ ਹੈ ਤੇ ਬਾਡੀ ਬਿਲਡਰ ਦੀ ਛਾਤੀ 42 ਇੰਚ। ਸਿਰਫ ਗਧਿਆਂ ਦੀ ਹੀ ਛਾਤੀ 56 ਇੰਚ ਦੀ ਹੁੰਦੀ ਹੈ। ਮੋਦੀ ਭਗਤਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਅਤੇ ਜਦੋਂ ਕੋਈ ਮੋਦੀ ਦੀ ਛਾਤੀ 56 ਇੰਚ ਦੱਸਦਾ ਹੈ ਤਾਂ ਉਹ ਖੁਸ਼ ਹੋ ਜਾਂਦੇ ਹਨ।"

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਵਿਚ ਇਸ ਸਮੇਂ ਚੋਣਾਂ ਦਾ ਮਾਹੌਲ ਹੈ, ਪਰ ਭਾਰਤੀ ਸਿਆਸਤਦਾਨਾਂ ਦਾ ਪੱਧਰ ਏਨਾ ਨੀਂਵਾ ਹੈ ਕਿ ਉਹ ਭੜਕਾਊ ਤੇ ਹਾਸੋਹੀਣੇ ਬਿਆਨ ਜਾਰੀ ਕਰਕੇ ਆਪਣੀ ਮਹਾਨਤਾ ਸਮਝ ਰਹੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਦੀ ਜਮਹੂਰੀਅਤ ਦਾ ਕਿੰਝ ਘਾਣ ਹੋਵੇਗਾ, ਜੇਕਰ ਅਜਿਹੇ ਨੇਤਾ ਜਿੱਤ ਕੇ ਸੱਤਾ ਹਾਸਲ ਕਰਨਗੇ ਜਾਂ ਐਮਪੀ, ਐਮਐਲਏ ਬਣਨਗੇ। ਕਿਸੇ ਰਾਸ਼ਟਰ ਦੀ ਮਹਾਨਤਾ ਉਸ ਦੀ ਵਧੀਆ ਲੀਡਰਸ਼ਿਪ ਤੋਂ ਹੁੰਦੀ ਹੈ, ਪਰ ਭਾਰਤ ਦੀ ਲੀਡਰਸ਼ਿਪ ਦੀ ਬੌਧਿਕ ਕੰਗਾਲੀ ਉਹਨਾਂ ਦੇ ਬਿਆਨਾਂ ਤੋਂ ਨਾਪੀ ਜਾ ਸਕਦੀ ਹੈ।

### ਵਰੁਣ ਦਾ ਮੁਲਾਇਮ ਵਿਰੁੱਧ ਵਿਵਾਦਿਤ ਬਿਆਨ

ਭਾਜਪਾ ਸੰਸਦ ਮੈਂਬਰ ਵਰੁਣ ਗਾਂਧੀ ਨੇ ਕਿਹਾ ਹੈ ਕਿ 'ਮੁਲਾਇਮ ਸਿੰਘ ਨੇ 1990 ਵਿਚ ਰਾਮ ਭਗਤਾਂ 'ਤੇ ਗੋਲੀਆਂ ਚਲਵਾ ਕੇ ਜੋ ਪਾਪ ਕੀਤੇ ਹਨ, ਉਸ ਦਾ ਉਹਨਾਂ ਨੂੰ ਫਲ ਮਿਲ ਰਿਹਾ ਹੈ। ਉਹਨਾਂ ਦੇ ਆਪਣੇ ਬੇਟੇ ਅਖਿਲੇਸ਼ ਯਾਦਵ ਨੇ ਧੱਕਾ ਮਾਰ ਕੇ ਸੜਕ 'ਤੇ ਕੱਢ ਦਿੱਤਾ...ਲੋਕ ਕਹਿ ਰਹੇ ਹਨ ਕਿ ਸਪਾ ਅਤੇ ਬਸਪਾ ਇਕ ਹੋ ਗਈਆਂ ਹਨ। ਜੇ ਇਹ ਇਕ ਹੋ ਵੀ ਗਈਆਂ ਹਨ ਤਾਂ ਵੀ ਕਿਸ ਖੇਤ ਦੀ ਮੂਲੀ ਹਨ।'

### ਯੋਗੀ ਦਾ ਕਾਂਗਰਸ ਵਿਰੁੱਧ ਭੜਕਾਊ ਬਿਆਨ

ਬਿਜਨੌਰ ਵਿਚ ਯੋਗੀ ਆਦਿਤਿਆਨਾਥ ਬੋਲੇ, '1947 ਵਿਚ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕਾਂਗਰਸ ਦਾ ਕੰਮ ਖਤਮ ਹੋ ਗਿਆ ਹੈ, ਹੁਣ ਇਸ ਨੂੰ ਗੰਗਾ ਭੇਟ ਕਰ ਦਿਓ।' ਉਹ ਜਾਣਦੇ ਸਨ ਕਿ ਕਾਂਗਰਸ ਦਾ ਮਤਲਬ ਹੁਣ ਕਿ ਪਰਿਵਾਰ ਹੋਣ ਜਾ ਰਿਹਾ ਹੈ। ਬਾਪੂ ਦਾ ਸੁਪਨਾ ਸਾਕਾਰ ਕਰਨ ਲਈ ਭੈਣ-ਭਰਾ (ਪ੍ਰਿਯੰਕਾ ਤੇ ਰਾਹੁਲ) ਆ ਚੁੱਕੇ ਹਨ। ਦੋਵੇਂ ਪਾਰਟੀ ਦਾ ਸੱਤਿਆਨਾਸ ਕਰਨਗੇ।' ਮਾਇਆਵਤੀ ਵਲੋਂ ਮੁਸਲਮਾਨਾਂ ਨੂੰ ਆਪਣੀ ਵੋਟ ਨਾ ਵੰਡ ਹੋਣ ਦੇਣ ਸੰਬੰਧੀ ਕੀਤੀ ਗਈ ਅਪੀਲ 'ਤੇ ਯੋਗੀ ਆਦਿੱਤਿਆਨਾਥ ਨੇ ਮੇਰਠ ਵਿਚ ਇਕ ਸਭਾ ਦੌਰਾਨ ਕਿਹਾ, "ਜੇ ਕਾਂਗਰਸ, ਸਪਾ ਅਤੇ ਬਸਪਾ ਨੂੰ 'ਅਲੀ' ਉੱਤੇ ਭਰੋਸਾ ਹੈ ਤਾਂ ਸਾਨੂੰ ਵੀ 'ਬਜਰੰਗ ਬਲੀ' ਉੱਤੇ ਭਰੋਸਾ ਹੈ।

**ਮੋਦੀ ਦੰਗਾਬਾਜ਼-ਮਮਤਾ :** ਮਮਤਾ ਬੈਨਰਜੀ ਦਾ ਕਹਿਣਾ ਹੈ ਕਿ, "5 ਸਾਲ ਪਹਿਲਾਂ ਉਹ ਨਰਿੰਦਰ ਮੋਦੀ ਇਕ 'ਚਾਹ ਵਾਲਾ' ਸਨ ਤੇ ਹੁਣ ਅਚਾਨਕ ਉਹ 'ਚੌਂਕੀਦਾਰ' ਬਣ ਗਏ ਹਨ...ਮੈਂ ਮੋਦੀ ਨੂੰ ਦੰਗਾਬਾਜ਼ ਤੇ ਲੁਟੇਰਾ ਕਹਿੰਦੀ ਹਾਂ।"

**ਆਜ਼ਮ ਖ਼ਾਨ ਖ਼ਿਲਾਫ਼ ਕੇਸ ਦਰਜ :** ਭਾਜਪਾ ਆਗੂ ਤੇ ਅਦਾਕਾਰਾ ਜੈਪ੍ਰਦਾ ਬਾਰੇ ਕੀਤੀ ਵਿਵਾਦਤ ਟਿੱਪਣੀ ਦੇ ਮਾਮਲੇ ਵਿਚ ਸਮਾਜਵਾਦੀ ਪਾਰਟੀ ਆਗੂ ਆਜ਼ਮ ਖ਼ਾਨ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਜੈਪ੍ਰਦਾ ਰਾਮਪੁਰ ਲੋਕ ਸਭਾ ਹਲਕੇ ਤੋਂ ਆਜ਼ਮ ਖ਼ਾਨ ਵਿਰੁੱਧ ਚੋਣ ਲੜ ਰਹੀ ਹੈ। ਭਾਜਪਾ ਉਮੀਦਵਾਰ ਜੈਪ੍ਰਦਾ ਨੇ ਕਿਹਾ ਕਿ ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਨੂੰ ਚੋਣ ਲੜਨ ਦੀ ਮਨਜ਼ੂਰੀ ਨਾ ਦਿੱਤੀ ਜਾਵੇ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਰਾਮਪੁਰ ਵਿਚ ਇਕ ਸਿਆਸੀ ਰੈਲੀ ਦੌਰਾਨ ਖ਼ਾਨ ਨੇ ਅਦਾਕਾਰਾ ਦਾ ਨਾਂ ਲਏ ਬਗੈਰ ਕਿਹਾ ਸੀ ਕਿ ਉਹ 10 ਸਾਲ ਤੋਂ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ ਪਰ ਲੋਕ ਉਸ ਦੀ 'ਅਸਲੀਅਤ' ਪਛਾਣ ਨਹੀਂ ਸਕੇ। ਇਸ ਤੋਂ ਬਾਅਦ ਆਜ਼ਮ ਖ਼ਾਨ ਨੇ ਕਿਹਾ ਕਿ ਉਹ 17 ਦਿਨਾਂ ਵਿਚ ਹੀ 'ਅਸਲੀਅਤ' ਜਾਣ ਗਏ ਹਨ ਤੇ ਉਹ 'ਖ਼ਾਕੀ ਰੰਗ ਦਾ ਅੰਡਰਵੀਅਰ ਪਹਿਨਦੀ ਹੈ'।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**
**Immediate Payment Option**
**West Coast I-5 Route**




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**




# ਭਗਵੇਂ ਰਾਸ਼ਟਰਵਾਦੀਆਂ ਦੀ ਬੇਕਾਬੂ ਜ਼ੁਬਾਨ ਸਿਆਸੀ ਵਿਰੋਧੀਆਂ ਨੂੰ ਡੰਗਣ ਲੱਗੀ

- **ਜੋ ਕੋਈ ਭਾਜਪਾ ਵਰਕਰਾਂ ਵਲ ਟੇਢੀ ਨਜ਼ਰ ਨਾਲ ਦੇਖਣ ਦੀ ਜੁਰਅੱਤ ਕਰੇਗਾ ਤਾਂ ਉਸ ਦੀਆਂ ਅੱਖਾਂ ਨਹੀਂ ਰਹਿਣਗੀਆਂ—ਮਨੋਜ ਸਿਨਹਾ**
- **ਹਿੰਦੂ ਅੱਤਵਾਦ ਦੇ ਨਾਂ 'ਤੇ ਸਾਧਵੀ ਪ੍ਰਗਿਆ ਨੂੰ ਜਿੰਨੀ ਠੇਸ ਪਹੁੰਚਾਈ ਗਈ ਹੈ, ਉਸ ਦਾ ਬਦਲਾ ਲੈਣ ਦਾ ਸਮਾਂ ਆ ਗਿਆ—ਅਨਿਲ ਵਿੱਜ**



ਭਾਰਤ ਦੀ ਰਾਜਨੀਤੀ ਭਗਵੇਂ ਰਾਸ਼ਟਰਵਾਦੀਆਂ ਕਾਰਨ ਪਤਨ ਦੀ ਸਥਿਤੀ ਵੱਲ ਵਧ ਰਹੀ ਹੈ ਤੇ ਜਮਹੂਰੀਅਤ ਖਤਮ ਹੋ ਰਹੀ ਹੈ। ਇਸ ਮਾਹੌਲ ਕਾਰਨ ਭਾਰਤ ਦੇ ਲੋਕ ਬੁਰੀ ਤਰ੍ਹਾਂ ਚਿੰਤਤ ਹਨ। ਭਾਰਤੀ ਰਾਜਨੀਤੀ ਵਿਚ ਵੱਡੇ ਪੱਧਰ 'ਤੇ ਅਪਰਾਧੀਆਂ ਦਾ ਦਾਖ਼ਲਾ ਹੋਇਆ ਹੈ। ਭਾਰਤ ਵਿਚ ਹੋ ਰਹੀਆਂ 17ਵੀਆਂ ਲੋਕ ਸਭਾ ਦੀਆਂ ਚੋਣਾਂ ਲਈ ਅਜੇ ਤੱਕ 7 ਪੜਾਵਾਂ ਵਿਚੋਂ ਸਿਰਫ਼ 2 ਪੜਾਵਾਂ 'ਤੇ ਹੀ ਚੋਣ ਹੋਈ ਹੈ। ਚੋਣ ਕਮਿਸ਼ਨ ਦੇ ਸਾਹਮਣੇ ਉਮੀਦਵਾਰਾਂ ਨੇ ਜੋ ਵੇਰਵੇ ਪੇਸ਼ ਕੀਤੇ ਹਨ, ਉਸ ਤੋਂ ਪਤਾ ਲਗਦਾ ਹੈ ਕਿ ਭਾਰਤ ਦੀ ਸਿਆਸਤ ਦਾ ਜਿੱਥੇ ਅਪਰਾਧੀਕਰਨ ਹੋਇਆ ਹੈ, ਉੱਥੇ ਇਹ ਖੇਡ ਅਮੀਰ ਲੋਕਾਂ ਜੋਗੀ ਰਹਿ ਗਈ ਹੈ।

ਚੋਣ ਕਮਿਸ਼ਨ ਅਨੁਸਾਰ ਪਹਿਲੇ ਦੋ ਪੜਾਵਾਂ ਵਿਚ ਲਗਪਗ 2800 ਉਮੀਦਵਾਰਾਂ ਨੇ ਚੋਣ ਲੜੀ, ਜਿਨ੍ਹਾਂ ਵਿਚੋਂ 40 ਫ਼ੀਸਦੀ ਉਮੀਦਵਾਰਾਂ 'ਤੇ ਅਪਰਾਧਿਕ ਕੇਸ ਦਰਜ ਸਨ। ਤੀਸਰੇ ਪੜਾਅ ਦੇ ਉਮੀਦਵਾਰਾਂ ਸਬੰਧੀ ਚੋਣ ਕਮਿਸ਼ਨ ਦੇ ਵੇਰਵਿਆਂ ਅਨੁਸਾਰ ਕੁੱਲ 115 ਸੀਟਾਂ 'ਤੇ ਪੈਣ ਵਾਲੀਆਂ ਵੋਟਾਂ ਸਬੰਧੀ ਮੈਦਾਨ ਵਿਚ ਉਤਰੇ 1612 ਉਮੀਦਵਾਰਾਂ ਵਿਚੋਂ 570 ਉਮੀਦਵਾਰ ਵੱਖ-ਵੱਖ ਅਪਰਾਧਾਂ ਦੇ ਦੋਸ਼ ਵਿਚ ਘਿਰੇ ਹੋਏ ਹਨ। ਇਨ੍ਹਾਂ ਵਿਚੋਂ 14 ਉਮੀਦਵਾਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਅਦਾਲਤ ਵਲੋਂ ਸਜ਼ਾ ਦਿੱਤੀ ਜਾ ਚੁੱਕੀ ਹੈ ਪਰ ਉਹ ਜ਼ਮਾਨਤ 'ਤੇ ਰਿਹਾਅ ਹਨ। ਇਹ ਵੀ ਜ਼ਿਕਰਯੋਗ ਹੈ ਕਿ ਪਿਛਲੀ 16ਵੀਂ ਲੋਕ ਸਭਾ ਵਿਚ ਵੀ 33 ਫ਼ੀਸਦੀ ਤੋਂ ਜ਼ਿਆਦਾ ਉਮੀਦਵਾਰ 'ਤੇ ਅਪਰਾਧਾਂ ਦੇ ਦੋਸ਼ ਸਨ। ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਸਿਆਸਤਦਾਨਾਂ ਨੇ ਚੋਣਾਂ ਨੂੰ ਤੇ ਸੱਤਾ ਨੂੰ ਬਿਜਨੈਸ ਬਣਾ ਲਿਆ ਹੈ। ਚੋਣ ਲੜਨ ਵਾਲੇ ਉਮੀਦਵਾਰਾਂ ਵਿਚ ਕਰੋੜਪਤੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਕਰੋੜਾਂ ਰੁਪਏ ਖਰਚ ਕਰਕੇ ਚੋਣਾਂ ਲੜੀਆਂ ਜਾ ਰਹੀਆਂ ਹਨ। ਫਿਰ ਇਹਨਾਂ ਲੋਕਾਂ ਕੋਲੋਂ ਇਮਾਨਦਾਰੀ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ, ਜਦੋਂ ਉਹ ਜਿੱਤ ਕੇ ਸਾਹਮਣੇ ਆਉਣਗੇ।

ਚੋਣ ਕਮਿਸ਼ਨ ਅਤੇ ਸਰਬਉੱਚ ਅਦਾਲਤ ਵਲੋਂ ਇਸ ਸਬੰਧੀ ਕੁਝ ਮਜ਼ਬੂਤ ਕਦਮ ਚੁੱਕੇ ਜਾ ਰਹੇ ਹਨ। ਪਰ ਇਸ ਦਾ ਕੋਈ ਫਾਇਦਾ ਨਹੀਂ ਹੋ ਰਿਹਾ, ਕਿਉਂਕਿ ਇਹ ਕਦਮ ਸਖ਼ਤ ਨਹੀਂ ਹਨ, ਜੋ ਰਾਜਨੀਤੀ ਦਾ ਅਪਰਾਧੀਕਰਨ ਤੇ ਭ੍ਰਿਸ਼ਟ ਪ੍ਰਬੰਧ ਨੂੰ ਰੋਕ ਸਕਣ। ਵੱਡੀ ਗੱਲ ਇਹ ਹੈ ਕਿ ਚੋਣ ਲੜ ਰਹੇ ਨੇਤਾ ਫਾਸ਼ੀਵਾਦੀ ਸੋਚ ਦੇ ਮਾਲਕ ਹਨ ਤੇ ਕੁਰਸੀ ਦੇ ਲਈ ਲੋਕਾਂ ਵਿਚ ਤਣਾਅ ਪੈਦਾ ਕਰ ਰਹੇ ਹਨ ਤੇ ਸਮਾਜ ਵਿਚ ਜ਼ਹਿਰੀਲਾ ਵਾਤਾਵਰਨ। ਇਹਨਾਂ ਦੇ ਕੁਝ ਨਮੂਨੇ ਹੇਠਾਂ ਦਰਜ ਹਨ –

### ਭਾਜਪਾ ਦੇ ਫਾਸ਼ੀਵਾਦੀ ਬਿਆਨ

ਭੋਪਾਲ ਸੰਸਦੀ ਹਲਕੇ ਤੋਂ ਭਾਜਪਾ ਉਮੀਦਵਾਰ ਬਣਾਏ ਜਾਣ ਦੇ ਦੋ ਦਿਨ ਬਾਅਦ ਹੀ ਸਾਧਵੀ ਪ੍ਰਗਿਆ ਠਾਕੁਰ ਮਹਾਰਾਸ਼ਟਰ ਦੇ ਸੀਨੀਅਰ ਪੁਲੀਸ ਅਧਿਕਾਰੀ ਅਤੇ 26 ਨਵੰਬਰ 2008 ਨੂੰ ਮੁੰਬਈ ਹਮਲੇ ਦੇ ਸ਼ਹੀਦ, ਮਰਨ ਉਪਰੰਤ ਅਸ਼ੋਕ ਚੱਕਰ ਜੇਤੂ ਹੇਮੰਤ ਕਰਕਰੇ ਬਾਰੇ ਬਿਆਨ ਦੇ ਕੇ ਵਿਵਾਦਾਂ ਵਿਚ ਘਿਰ ਗਈ ਹੈ। ਭੋਪਾਲ ਵਿਚ 18 ਅਪ੍ਰੈਲ ਨੂੰ ਪ੍ਰਗਿਆ ਨੇ ਭਾਜਪਾ ਵਰਕਰਾਂ ਨੂੰ ਕਿਹਾ, "ਜਦੋਂ ਮੈਂ ਮੁੰਬਈ ਜੇਲ ਵਿਚ ਸੀ ਤਾਂ ਜਾਂਚ ਕਮਿਸ਼ਨ ਦੇ ਇਕ ਮੈਂਬਰ ਨੇ ਏ ਟੀ ਐਸ ਮੁਖੀ ਹੇਮੰਤ ਕਰਕਰੇ ਨੇ ਕਿਹਾ ਕਿ ਜੇਕਰ ਸਾਧਵੀ ਵਿਰੁਧ ਸਬੂਤ ਨਹੀਂ ਹਨ ਤਾਂ ਉਸ ਨੂੰ ਛੱਡ ਕਿਉਂ ਨਹੀਂ ਦਿੰਦੇ। ਇਸ 'ਤੇ ਕਰਕਰੇ ਨੇ ਕਿਹਾ ਕਿ ਮੈਂ ਕੁਝ ਵੀ ਕਰਾਂਗਾ ਪਰ ਸਬੂਤ ਲਿਆਵਾਂਗਾ। ਇਧਰੋਂ ਉਧਰੋਂ ਲਿਆਵਾਂਗਾ ਪਰ ਸਾਧਵੀ ਨੂੰ ਨਹੀਂ ਛੱਡਾਂਗਾ।"

"ਇਹ ਉਸ ਦੀ ਮੱਕਾਰੀ, ਦੇਸ਼ਧ੍ਰੋਹ ਅਤੇ ਅਧਰਮ ਸੀ। ਉਹ ਮੈਨੂੰ ਸਵਾਲ ਪੁਛਦਾ ਤਾਂ ਮੈਂ ਜਵਾਬ ਦਿੰਦੀ ਕਿ ਮੈਨੂੰ ਨਹੀਂ ਪਤਾ, ਰੱਬ ਜਾਣੇ। ਉਸ ਨੇ ਪੁਛਿਆ ਕਿ ਕੀ ਮੈਨੂੰ ਸਬੂਤ ਲੈਣ ਲਈ ਰੱਬ ਕੋਲ ਜਾਣਾ ਪਵੇਗਾ ਤਾਂ ਤਸੀਹਿਆਂ ਤੋਂ ਪਰੇਸ਼ਾਨ ਹੋ ਕੇ ਮੈਂ ਉਸ ਨੂੰ ਕਿਹਾ ਕਿ ਤੇਰਾ ਸਵਰਨਾਸ਼ ਹੋਵੇਗਾ। ਜਦੋਂ ਜਨਮ ਜਾਂ ਮੌਤ ਹੁੰਦੀ ਹੈ ਤਾਂ ਸਵਾ ਮਹੀਨੇ ਸੂਤਕ ਲੱਗਦਾ ਹੈ। ਠੀਕ ਸਵਾ ਮਹੀਨੇ ਬਾਅਦ ਕਰਕਰੇ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਅਤੇ ਉਸ ਦਿਨ ਸੂਤਕ ਦਾ ਅੰਤ ਹੋ ਗਿਆ। ਕਾਂਗਰਸ ਨੇ ਸੰਤਾਂ ਨੂੰ ਜੇਲ ਵਿਚ ਸੁਟਿਆ। ਕਰਕਰੇ ਨੇ ਇਸ ਦਾ ਸੂਤਰਧਾਰ ਬਣਿਆ। ਮੈਂ ਕਿਹਾ ਸੀ ਕਿ ਇਸ ਸ਼ਾਸ਼ਨ ਦਾ ਸਰਵਨਾਸ਼ ਹੋ ਜਾਵੇਗਾ, ਜੋ ਤੁਹਾਡੇ ਸਾਹਮਣੇ ਹੈ।"

ਜ਼ਿਕਰਯੋਗ ਹੈ ਕਿ ਹੇਮੰਤ ਕਰਕਰੇ ਦੀ ਛਾਤੀ 'ਤੇ 3 ਗੋਲੀਆਂ ਲੱਗੀਆਂ ਸਨ ਅਤੇ ਨਰਿੰਦਰ ਮੋਦੀ ਜੋ ਉਸ ਸਮੇਂ ਗੁਜਰਾਤ ਦੇ ਮੁਖ ਮੰਤਰੀ ਸਨ, 28 ਨਵੰਬਰ 2008 ਨੂੰ ਕਰਕਰੇ ਦੇ ਘਰ ਅਫਸੋਸ ਪ੍ਰਗਟਾਉਣ ਗਏ ਸਨ ਅਤੇ ਉਹਨਾਂ ਨੇ ਅੱਤਵਾਦ ਦਾ ਮੁਕਾਬਲਾ ਕਰਨ ਦੌਰਾਨ ਸ਼ਹੀਦ ਹੋਣ ਵਾਲੇ ਸੁਰੱਖਿਆ ਬਲਾਂ ਦੇ ਮੈਂਬਰਾਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਿਆ ਦੇਣ ਦਾ ਵਾਅਦਾ ਕੀਤਾ ਸੀ।

ਸਾਧਵੀ ਪ੍ਰਗਿਆ ਵਲੋਂ ਸ਼ਹੀਦ ਕਰਕਰੇ ਬਾਰੇ ਬਿਆਨ ਦੇ ਸ਼ੋਸ਼ਲ ਮੀਡੀਆ 'ਤੇ ਆਉਂਦੇ ਹੀ ਇਕ ਤੂਫਾਨ ਖੜਾ ਹੋ ਗਿਆ ਅਤੇ ਪੂਰੇ ਦੇਸ਼ ਵਿਚ ਉਸ ਦੀ ਆਲੋਚਨਾ ਹੋਣ ਲੱਗੀ, ਜਿਸ ਕਰਕੇ ਉਸ ਨੂੰ ਮੁਆਫੀ ਮੰਗਣੀ ਪਈ ਪਰ ਇਸ ਦੇ ਬਾਵਜੂਦ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਸਾਧਵੀ ਦੇ ਪੱਖ ਵਿਚ ਬਿਆਨ ਦੇ ਦਿੱਤਾ।

ਅਨਿਲ ਵਿਜ ਨੇ 19 ਅਪ੍ਰੈਲ ਨੂੰ ਕਿਹਾ ਕਿ "ਹਿੰਦੂ ਅੱਤਵਾਦ ਦੇ ਨਾਂ 'ਤੇ ਸਾਧਵੀ ਪ੍ਰਗਿਆ ਨੂੰ ਜਿੰਨੀ ਠੇਸ ਪਹੁੰਚਾਈ ਗਈ ਹੈ, ਉਸ ਦਾ ਬਦਲਾ ਲੈਣ ਦਾ ਸਮਾਂ ਆ ਗਿਆ ਹੈ। ਹਿੰਦੂ ਅੱਤਵਾਦ ਦੇ ਰਚਣਹਾਰ ਦਿਗਵਿਜੈ ਸਿੰਘ ਵਿਰੁਧ ਭੋਪਾਲ ਤੋਂ ਭਾਜਪਾ ਨੇ ਸਾਧਵੀ ਪ੍ਰਗਿਆ ਨੂੰ ਮੈਦਾਨ ਵਿਚ ਉਤਾਰਿਆ ਹੈ।"

ਇਕ ਹੋਰ ਵਿਵਾਦਪੂਰਨ ਬਿਆਨ ਗਾਜ਼ੀਪੁਰ ਵਿਚ ਦਿੰਦਿਆਂ ਕੇਂਦਰੀ ਮੰਤਰੀ ਮਨੋਜ ਸਿਨਹਾ ਨੇ ਕਿਹਾ, "ਜੋ ਕੋਈ ਵਿਅਕਤੀ ਕਿਸੇ ਭਾਜਪਾ ਵਰਕਰ ਵਲ ਉਂਗਲੀ ਕਰੇਗਾ, ਉਸ ਦੀ ਉਂਗਲੀ 4 ਘੰਟੇ ਵੀ ਸੁਰੱਖਿਅਤ ਨਹੀਂ ਰਹੇਗੀ। ਜੋ ਕੋਈ ਗਾਜ਼ੀਪੁਰ ਦੀ ਹੱਦ ਅੰਦਰ ਕਿਸੇ ਭਾਜਪਾ ਵਰਕਰ 'ਤੇ ਹਮਲਾ ਕਰੇਗਾ, ਉਸ ਨੂੰ ਜ਼ਮੀਨ ਵਿਚ ਦਫਨਾ ਦਿੱਤਾ ਜਾਵੇਗਾ ਅਤੇ ਜੋ ਕੋਈ ਭਾਜਪਾ ਵਰਕਰਾਂ ਵਲ ਟੇਢੀ ਨਜ਼ਰ ਨਾਲ ਦੇਖਣ ਦੀ ਜੁਰਅੱਤ ਕਰੇਗਾ ਤਾਂ ਉਸ ਦੀਆਂ ਅੱਖਾਂ ਨਹੀਂ ਰਹਿਣਗੀਆਂ।"

ਚੋਣ ਕਮਿਸ਼ਨ ਵਲੋਂ ਯੋਗੀ ਅਦਿੱਤਿਆਨਾਥ ਦੇ ਭਾਸ਼ਣ ਦੇਣ 'ਤੇ ਲਾਈ ਗਈ 72 ਘੰਟਿਆਂ ਦੀ ਪਾਬੰਦੀ ਖਤਮ ਹੁੰਦਿਆਂ ਹੀ ਉਹਨਾਂ ਨੇ ਵੀ 2 ਵਿਵਾਦਪੂਰਨ ਬਿਆਨ ਫਿਰ ਦੇ ਦਿੱਤੇ–

19 ਅਪ੍ਰੈਲ ਨੂੰ ਸੰਭਲ ਵਿਚ ਇਕ ਜਨਸਭਾ ਵਿਚ ਉਹਨਾਂ ਕਿਹਾ, "ਇਕ ਪਾਸੇ ਇਕ ਅਜਿਹੀ ਪਾਰਟੀ ਦਾ ਉਮੀਦਵਾਰ ਹੈ, ਜਿਸ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਗੌਤਮ ਬੁੱਧ ਨਾਲ ਜੁੜੀਆਂ ਥਾਵਾਂ ਦਾ ਵਿਕਾਸ ਕਰਵਾਇਆ, ਤਾਂ ਦੂਜੇ ਪਾਸੇ ਵਿਰੋਧੀ ਦਾ ਉਮੀਦਵਾਰ ਹੈ, ਜੋ ਖੁਦ ਨੂੰ ਬਾਬਰ ਦੀ ਔਲਾਦ ਕਹਿੰਦਾ ਹੈ। ਯੋਗੀ ਨੇ ਇਸ ਦੇ ਨਾਲ ਹੀ ਇਹ ਵੀ ਕਿਹਾ ਕਿ "ਤੀਜੇ ਪੜਾਅ ਵਿਚ ਕੋਈ ਗਲਤੀ ਨਹੀਂ ਹੋਣੀ ਚਾਹੀਦੀ ਅਤੇ ਭਗਵਾ ਝੰਡਾ ਝੁਕਣਾ ਨਹੀਂ ਚਾਹੀਦਾ।

20 ਅਪ੍ਰੈਲ ਨੂੰ ਗੁਜਰਾਤ ਦੇ ਆਦਿਵਾਸੀ ਵਿਕਾਸ ਮੰਤਰੀ ਗਣਪਤ ਬਸਾਵਾ (ਭਾਜਪਾ) ਨੇ ਰਾਜਪੀਤਲਾ ਵਿਚ ਇਕ ਚੋਣ ਰੈਲੀ ਦੌਰਾਨ ਰਾਹੁਲ ਗਾਂਧੀ ਦੀ ਤੁਲਨਾ ਕੁੱਤੇ ਦੇ ਬੱਚੇ ਨਾਲ ਕਰਦਿਆਂ ਕਿਹਾ, "ਜਦੋਂ ਵੀ ਨਰਿੰਦਰ ਭਾਈ ਆਪਣੀ ਕੁਰਸੀ ਤੋਂ ਖੜੇ ਹੁੰਦੇ ਹਨ, ਉਹ ਇਕ ਸ਼ੇਰ ਵਰਗੇ ਦਿਸਦੇ ਹਨ ਪਰ ਜਦੋਂ ਰਾਹੁਲ ਗਾਂਧੀ ਅਜਿਹਾ ਕਰਦੇ ਹਨ ਤਾਂ ਲੱਗਦਾ ਹੈ ਜਿਵੇਂ ਕੋਈ ਕੁੱਤੇ ਦਾ ਪਿੱਲਾ ਪੂਛ ਹਿਲਾਉਂਦਿਆਂ ਉੱਠ ਖੜਾ ਹੋਇਆ ਹੈ।"

ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਨਵਜੋਤ ਸਿੱਧੂ 'ਤੇ ਹਮਲਾ ਬੋਲਦਿਆਂ ਕਿਹਾ ਕਿ ਸਿੱਧੂ ਦਾ ਰਿਮੋਟ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਹੱਥ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਸਿੱਧੂ ਪਾਕਿਸਤਾਨ ਤੋਂ ਮਿਲਣ ਵਾਲੇ ਨਿਰਦੇਸ਼ਾਂ ਮੁਤਾਬਕ ਹੀ ਕੰਮ ਕਰਦੇ ਹਨ। ਉਨ੍ਹਾਂ ਸਿੱਧੂ ਨੂੰ ਅਨਗਾਈਡਿਡ ਮਿਸਾਈਲ ਹੀ ਕਹਿ ਦਿੱਤਾ, ਜਿਸ ਨੂੰ ਕਾਬੂ ਕਰਨਾ ਬੇਹੱਦ ਜ਼ਰੂਰੀ ਹੈ।

ਆਖਿਰ ਅਜਿਹੇ ਬਿਆਨ ਦੇਣ ਵਾਲਿਆਂ 'ਤੇ ਰੋਕ ਲਾਉਣ ਲਈ ਚੋਣ ਕਮਿਸ਼ਨ ਕੋਈ ਠੋਸ ਕਦਮ ਕਿਉਂ ਨਹੀਂ ਚੁੱਕਦਾ। ਸਿਰਫ ਕੁਝ ਘੰਟਿਆਂ ਦੀ ਰੋਕ ਲਾਉਣਾ ਕਾਫੀ ਨਹੀਂ ਹੈ।

# ਮੋਦੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣ ਕਰਕੇ ਅਧਿਕਾਰੀ ਮੁਅੱਤਲ

### *ਕਾਂਗਰਸ ਅਤੇ 'ਆਪ' ਵੱਲੋਂ ਅਧਿਕਾਰੀ ਖ਼ਿਲਾਫ਼ ਕਾਰਵਾਈ ਦੀ ਆਲੋਚਨਾ*

**ਨਵੀਂ ਦਿੱਲੀ/ਏਟੀ ਨਿਊਜ਼ :** ਉੜੀਸਾ ਦੇ ਸੰਬਲਪੁਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣ ਵਾਲੇ ਕਰਨਾਟਕ ਕਾਡਰ ਦੇ ਆਈਏਐਸ ਅਧਿਕਾਰੀ ਮੁਹੰਮਦ ਮੋਹਸਿਨ ਨੂੰ ਚੋਣ ਕਮਿਸ਼ਨ ਨੇ ਮੁਅੱਤਲ ਕਰ ਦਿੱਤਾ ਹੈ। ਮੋਦੀ ਨੇ 16 ਅਪਰੈਲ ਨੂੰ ਸੰਬਲਪੁਰ ਵਿਚ ਰੈਲੀ ਨੂੰ ਸੰਬੋਧਨ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਮੋਹਸਿਨ ਦੀ ਕਾਰਵਾਈ ਕਰਕੇ ਮੋਦੀ ਨੂੰ ਸੰਬਲਪੁਰ ਵਿਚ ਕਰੀਬ 15 ਮਿੰਟਾਂ ਤਕ ਰੁਕਣਾ ਪਿਆ ਸੀ। ਭੁਬਨੇਸ਼ਵਰ ਵਿਚ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣਾ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਨਹੀਂ ਹੈ ਕਿਉਂਕਿ ਐਸਪੀਜੀ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਅਜਿਹੀ ਚੈਕਿੰਗ ਤੋਂ ਛੋਟ ਹੁੰਦੀ ਹੈ। ਉਧਰ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਹੈਲੀਕਾਪਟਰ ਦੀ ਵੀ ਰੁੜਕੇਲਾ ਵਿਚ ਚੋਣ ਕਮਿਸ਼ਨ ਦੇ ਉੱਡਣ ਦਸਤੇ ਵੱਲੋਂ ਤਲਾਸ਼ੀ ਲਈ ਗਈ।



ਕਾਂਗਰਸ ਅਤੇ ਆਪ ਨੇ ਚੋਣ ਕਮਿਸ਼ਨ ਵੱਲੋਂ ਆਈਏਐਸ ਅਧਿਕਾਰੀ ਮੁਹੰਮਦ ਮੋਹਸਿਨ ਨੂੰ ਮੁਅੱਤਲ ਕੀਤੇ ਜਾਣ ਦੀ ਤਿੱਖੀ ਆਲੋਚਨਾ ਕੀਤੀ ਹੈ। ਕਾਂਗਰਸ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਸਵਾਲ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਹੈਲੀਕਾਪਟਰ ਦੀ ਜਾਂਚ ਕਰਾਉਣ 'ਤੇ ਇਤਰਾਜ਼ ਕਿਉਂ ਹੈ ? ਪਾਰਟੀ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਟਵੀਟ ਕਰਕੇ ਕਿਹਾ,"ਜਿਹੜੇ ਮੋਦੀ ਜੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਪੂਰੀ ਵਿਰੋਧੀ ਧਿਰ ਲਈ ਛਾਪੇ ਮਾਰਨ ਦੀ ਖੇਡ ਰਚਾਉਂਦੇ ਹਨ, ਉਹ 15 ਮਿੰਟ ਦੀ ਜਾਂਚ ਤੋਂ ਇੰਨਾ ਡਰ ਗਏ ਕਿ ਚੋਣ ਕਮਿਸ਼ਨ ਨੂੰ ਆਪਣੇ ਹੀ ਅਫ਼ਸਰ ਨੂੰ ਹਟਾਉਣਾ ਪੈ ਗਿਆ।" 'ਆਪ' ਨੇ ਟਵੀਟ ਕਰਕੇ ਕਿਹਾ ਕਿ ਚੌਕੀਦਾਰ ਆਪਣੇ ਆਪ ਨੂੰ ਬਚਾ ਕੇ ਰੱਖਦਾ ਹੈ ਅਤੇ ਕੀ ਚੌਕੀਦਾਰ ਕੁਝ ਛਿਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਜਰਨੈਲ ਸਿੰਘ ਨੇ 'ਆਪ' ਵਿਰੁੱਧ ਛੇੜੀਆਂ ਬਾਗੀ ਸੁਰਾਂ

### *ਅਖੇ ਕਾਂਗਰਸ ਨਾਲ ਸਮਝੌਤਾ ਕੀਤਾ ਤਾਂ ਕਰਾਂਗਾ ਵਿਰੋਧ*

**ਨਵੀਂ ਦਿੱਲੀ/ਏਟੀ ਨਿਊਜ਼ :** ਆਮ ਆਦਮੀ ਪਾਰਟੀ ਇੱਕ ਤਾਂ ਦੇਸ਼ ਵਿੱਚ ਪਹਿਲਾਂ ਜਿੰਨੀ ਮਜਬੂਤ ਨਹੀਂ ਰਹੀ, ਤੇ ਦੂਜਾ ਇਸ ਪਾਰਟੀ ਦੇ ਵਿਧਾਇਕ ਅਤੇ ਆਗੂ, 'ਆਪ' ਸੁਪਰੀਮੋਂ ਅਰਵਿੰਦ ਕੇਜਰੀਵਾਲ ਲਈ ਨਿੱਤ ਨਵੀਆਂ ਮੁਸੀਬਤਾਂ ਖੜ੍ਹੀਆਂ ਕਰਦੇ ਦਿਖਾਈ ਦਿੰਦੇ ਹਨ। ਪਹਿਲਾਂ ਕੇਜਰੀਵਾਲ ਨੇ ਆਪ ਖੁਦ ਕੁਝ ਸੰਸਦ ਮੈਂਬਰਾਂ ਤੇ ਵੱਡੇ ਆਗੂਆਂ ਨੂੰ ਅਨੁਸਾਸ਼ਨੀ ਕਾਰਵਾਈ ਦੇ ਨਾਮ 'ਤੇ ਪਾਰਟੀ ਵਿੱਚੋਂ ਬਾਹਰ ਕੱਢ ਦਿੱਤਾ। ਫਿਰ ਪੰਜਾਬ ਅੰਦਰ ਆਪਸ ਵਿੱਚ ਲੜ ਕੇ 'ਆਪ' ਦੇ 20 ਵਿਧਾਇਕ ਪਾਟੋ-ਧਾੜ ਹੋ ਗਏ, ਤੇ ਨਾਲ ਹੀ 'ਆਪ' ਦੇ ਸੀਨੀਅਰ ਆਗੂ ਤੇ ਵਿਧਾਇਕ ਐਚ ਐਸ ਫੂਲਕਾ ਵੀ ਪਾਰਟੀ ਨੂੰ ਅਲਵਿਦਾ ਕਹਿ ਗਏ, ਤੇ ਹੁਣ ਚੋਣਾਂ ਮੌਕੇ ਜਦੋਂ 'ਆਪ' ਪਾਰਟੀ ਕਾਂਗਰਸ ਨਾਲ ਗੱਠਜੋੜ ਕਰਨ ਲਈ ਜੀਅ-ਜਾਨ ਨਾਲ ਕੋਸ਼ਿਸ਼ਾਂ ਕਰਨ ਲੱਗੀ ਹੋਈ ਹੈ, ਤਾਂ ਉਸ ਵੇਲੇ ਪਾਰਟੀ ਦੇ ਦਿੱਲੀ ਸਥਿਤ ਇੱਕ ਹੋਰ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ 'ਆਪ' ਸੁਪਰੀਮੋਂ ਅਰਵਿੰਦ ਕੇਜਰੀਵਾਲ ਨੂੰ ਚਿਤਾਵਨੀ ਦਿੱਤੀ ਹੈ, ਕਿ ਜੇਕਰ ਕਾਂਗਰਸ ਤੇ 'ਆਪ' ਦਾ ਗੱਠਜੋੜ ਹੋਇਆ ਤਾਂ ਉਹ ਇਸ ਗੱਠਜੋੜ ਦਾ ਸਮਰਥਨ ਨਹੀਂ ਕਰਨਗੇ। ਦੱਸ ਦਈਏ ਕਿ ਦਿੱਲੀ ਦੇ ਰਾਜੌਰੀ ਗਾਰਡਨ ਹਲਕੇ ਤੋਂ ਵਿਧਾਇਕ ਰਹਿ ਚੁਕੇ ਸਾਬਕਾ ਪੱਤਰਕਾਰ ਜਰਨੈਲ ਸਿੰਘ ਨੇ ਅਪ੍ਰੈਲ 2009 ਦੌਰਾਨ ਸਮੇਂ ਦੇ ਗ੍ਰਹਿ ਮੰਤਰੀ ਪੀ ਚਿਦਾਂਬਰਮ ਨੂੰ ਉਸ ਵੇਲੇ ਜੁੱਤੀ ਮਾਰੀ ਸੀ, ਜਦੋਂ ਚਿਦਾਂਬਰਮ ਇੱਕ ਪੱਤਰਕਾਰ ਸੰਮੇਲਣ ਵਿੱਚ ਸ਼ਾਮਲ ਹੋਣ ਲਈ ਆਏ ਸਨ। ਜਰਨੈਲ ਸਿੰਘ ਨੇ ਇਹ ਜੁੱਤੀ ਦਿੱਲੀ ਸਿੱਖ ਨਸ਼ਲਕੁਸ਼ੀ ਦੇ ਦੋਸ਼ੀ ਸੱਜਣ ਕੁਮਾਰ ਨੂੰ ਕਾਂਗਰਸ ਵੱਲੋਂ ਲੋਕ ਸਭਾ ਟਿਕਟ ਦਿੱਤੇ ਜਾਣ ਦੇ ਵਿਰੋਧ ਵਿੱਚ ਮਾਰੀ ਸੀ। ਜਿਸ ਤੋਂ ਬਾਅਦ ਜਰਨੈਲ ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਤੇ ਉਨ੍ਹਾਂ ਨੇ 'ਆਪ' ਦੀ ਟਿਕਟ 'ਤੇ ਚੋਣ ਲੜਕੇ ਰਾਜੌਰੀ ਗਾਰਡਨ ਇਲਾਕੇ ਤੋਂ ਜਿੱਤ ਹਾਸਲ ਕੀਤੀ ਸੀ।



# ਵੱਡੇ ਬਾਦਲ ਕਾਲੀਆਂ ਝੰਡੀਆਂ ਤੋਂ ਦੁਖੀ

**ਬਠਿੰਡਾ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਕਾਲੀਆਂ ਝੰਡੀਆਂ ਵਿਖਾਉਣ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫ਼ੀ ਦੁਖੀ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਕਿਸੇ ਨੇ ਵੋਟ ਨਹੀਂ ਪਾਉਣੀ ਤਾਂ ਨਾ ਪਾਏ ਪਰ ਕਾਲੀਆਂ ਝੰਡੀਆਂ ਵਿਖਾਉਣ ਦੀ ਕੀ ਲੋੜ ਹੈ। ਯਾਦ ਰਹੇ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਫਰੀਦਕੋਟ ਦੇ ਪਿੰਡ ਕੋਟ ਸੁਖੀਆ ਵਿੱਚ ਅਕਾਲੀ ਉਮੀਦਵਾਰ ਗੁਲਜ਼ਾਰ ਰਣੀਕੇ ਦੇ ਪ੍ਰਚਾਰ ਦੌਰਾਨ ਕਾਲੀਆਂ ਝੰਡੀਆਂ ਦਿਖਾਈਆਂ ਗਈਆਂ ਸੀ। ਬਾਦਲ ਨੇ ਇਸ ਵਿਰੋਧ ਨੂੰ ਕਾਂਗਰਸ ਦਾ ਘੜਿਆ ਝੂਠਾ ਤੇ ਬੇਬੁਨਿਆਦ ਪਰਪੰਚ ਦੱਸਿਆ ਹੈ।



ਅੰਮ੍ਰਿਤਸਰ ਟਾਈਮਜ਼ AMRITSAR TIMES
24 ਅਪ੍ਰੈਲ 2019 ਤੋਂ 30 ਅਪ੍ਰੈਲ 2019

## ਖਾਲੜਾ ਮਿਸ਼ਨ ਬਨਾਮ ਦਿੱਲੀ ਦਾ ਮਿਸ਼ਨ

ਪੰਜਾਬ ਦੇ ਹਲਕਾ ਖਡੂਰ ਸਾਹਿਬ ਦੀ ਲੋਕ ਸਭਾ ਚੋਣ ਨੇ ਪੰਜਾਬੀਆਂ ਨੂੰ ਇਕ ਵਾਰ ਮੁੜ ਇਤਿਹਾਸਕ ਮੋੜ ਉਤੇ ਲਿਆ ਖੜ੍ਹਾ ਕੀਤਾ ਹੈ। ਮਨੁੱਖੀ ਅਧਿਕਾਰਾਂ ਦੀ ਜੰਗ ਦੇ ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੀ ਚੋਣ ਇਕ ਤਰ੍ਹਾਂ ਨਾਲ ਸਮੁੱਚੇ ਪੰਜਾਬ ਦੇ ਦਰਦ ਦੀ ਹੂਕ ਬਣ ਗਈ ਹੈ। ਹਲਕਾ ਖਡੂਰ ਸਾਹਿਬ ਵਿਚ ਇਕ ਪਾਸੇ ਪੰਜਾਬ ਦੇ ਦਰਦ ਨੂੰ ਪ੍ਰਨਾਇਆ ਖਾਲੜਾ ਮਿਸ਼ਨ ਹੈ ਅਤੇ ਦੂਜੇ ਪਾਸੇ ਦਿੱਲੀ ਦਾ ਸੱਤਾ ਪ੍ਰਾਪਤੀ ਵਾਲਾ ਮਿਸ਼ਨ ਹੈ।

ਪੰਜਾਬੀਆਂ ਬਾਰੇ ਇਕ ਇਤਿਹਾਸਕ ਸੱਚ ਹੈ ਕਿ ਉਹ ਹਮੇਸ਼ਾ ਸੱਚ ਦੇ ਨਾਲ ਡਟ ਕੇ ਖੜ੍ਹਦੇ ਹਨ। ਮੁਗਲਾਂ, ਅੰਗਰੇਜ਼ਾਂ ਤੇ ਉਸ ਤੋਂ ਪਹਿਲਾਂ ਤੇ ਬਾਅਦ ਦੀਆਂ ਕਿੰਨੀਆਂ ਹੀ ਹਕੂਮਤਾਂ ਦੀ ਇਨ੍ਹਾਂ ਨੇ ਕਦੇ ਈਨ ਨਹੀਂ ਮੰਨੀ। ਪਰ ਨਾਲ ਹੀ ਪੰਜਾਬ ਦੇ ਇਤਿਹਾਸ ਦਾ ਇਕ ਕੌੜਾ ਸੱਚ ਇਹ ਵੀ ਹੈ ਕਿ ਅਸੀਂ ਬਹੁਤ ਸਾਰੇ ਫੈਸਲਾਕੁੰਨ ਪਲਾਂ ਉਤੇ ਆ ਕੇ ਕਈ ਵਾਰ ਖੁੰਝ ਵੀ ਜਾਂਦੇ ਰਹੇ ਹਾਂ। ਇਸ ਦਾ ਖਮਿਆਜ਼ਾ ਸਾਡੀਆਂ ਪੀੜ੍ਹੀਆਂ ਤਕ ਨੂੰ ਭੁਗਤਣਾ ਪੈ ਰਿਹਾ ਹੈ। ਹੱਕ ਤੇ ਸੱਚ ਦੇ ਸਾਥੀ ਬਣਨ ਦਾ ਗਾਡੀਰਾਹ ਸਾਡੇ ਪੁਰਖਿਆਂ ਨੇ ਪਾਇਆ ਹੋਇਆ ਹੈ, ਜਿਸ ਉਤੇ ਚੱਲਦਿਆਂ ਪੰਜਾਬੀਆਂ ਨੇ ਲੱਖਾਂ ਸ਼ਹਾਦਤਾਂ ਦਿੱਤੀਆਂ ਤੇ ਬੜੇ ਸੰਤਾਪ ਹੰਢਾਏ ਹਨ। ਜਸਵੰਤ ਸਿੰਘ ਖਾਲੜਾ ਵੀ ਸਾਡੇ ਗੁਰੂਆਂ ਤੇ ਪੁਰਖਿਆਂ ਦੇ ਇਸੇ ਗਾਡੀਰਾਹ ਦਾ ਪਾਂਧੀ ਸੀ। ਹੁਣ ਪੰਜਾਬੀਆਂ ਕੋਲ ਆਪਣੇ ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਸਿਜਦਾ ਕਰਨ ਦਾ ਮੌਕਾ ਹੈ। ਇਕ ਵਾਰ ਪਹਿਲਾਂ ਵੀ ਪੰਜਾਬ ਕੋਲ ਅਜਿਹਾ ਮੌਕਾ ਆਇਆ ਸੀ, ਉਦੋਂ ਅਸੀਂ ਬਹੁਤ ਸਾਰੇ ਦਿਸਦੇ-ਅਣਦਿਸਦੇ ਕਾਰਨਾਂ ਕਰ ਕੇ ਸੱਚ ਤੋਂ ਖੁੰਝ ਗਏ ਸੀ। ਇਥੇ ਇਹ ਗੱਲ ਕਰਨੀ ਵੀ ਕੁਥਾਂ ਨਹੀਂ ਹੋਵੇਗੀ ਕਿ ਹਲਕਾ ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਦੀ ਜਿੱਤ ਨਾਲ ਅਸੀਂ ਪੰਥ ਤੇ ਪੰਜਾਬ ਲਈ ਕੋਈ ਬਹੁਤ ਵੱਡਾ ਮਾਅਰਕਾ ਵੀ ਨਹੀਂ ਮਾਰ ਲਵਾਂਗੇ ਜਾਂ ਉਨ੍ਹਾਂ ਦੀ ਹਾਰ ਨਾਲ ਕੋਈ ਪੰਥ ਤੇ ਪੰਜਾਬ ਦਾ ਬਹੁਤਾ ਵੱਡਾ ਸਿੱਧਾ ਨੁਕਸਾਨ ਵੀ ਨਹੀਂ ਹੋ ਜਾਵੇਗਾ। ਹਾਂ, ਇਸ ਸੀਟ ਉਤੇ ਬੀਬੀ ਖਾਲੜਾ ਦੀ ਜਿੱਤ ਪੰਜਾਬ ਦੀ ਰਾਜਨੀਤੀ ਨੂੰ ਇਕ ਅਜਿਹਾ ਮੋੜ ਦੇ ਸਕਦੀ ਹੈ, ਜਿਸ ਵਿਚ ਸਾਡੇ ਤੋਂ ਖੋਹੇ ਗਏ ਖੁਸ਼ਹਾਲ ਤੇ ਗਾਉਂਦੇ-ਨੱਚਦੇ-ਜੂਝਦੇ ਪੰਜਾਬ ਦੀ ਮੁੜ ਵਾਪਸੀ ਦੀ ਤਾਂਘ ਦੇ ਬੀਜ ਮੁੜ ਮੌਲਣ ਦੀਆਂ ਸੰਭਾਵਨਾਵਾਂ ਪ੍ਰਬਲ ਹੁੰਦੀਆਂ ਹੋਣ। ਉਨ੍ਹਾਂ ਦੀ ਹਾਰ ਥੱਕ-ਟੁੱਟ ਕੇ ਹੰਭ ਰਹੇ ਪੰਜਾਬ ਤੇ ਉਸ ਦੇ ਦਰਦਮੰਦਾਂ ਲਈ ਇਕ ਹੋਰ ਗਹਿਰਾ ਸਦਮਾ ਹੋ ਸਕਦੀ ਹੈ।

ਬੀਬੀ ਖਾਲੜਾ ਦਾ ਸਿੱਧਾ ਮੁਕਾਬਲਾ ਪੰਥ ਤੇ ਪੰਜਾਬ ਦੀਆਂ ਦੁਸ਼ਮਣ ਜਮਾਤਾਂ ਨਾਲ ਹੋ ਰਿਹਾ ਹੈ। ਸ਼ਾਇਦ ਇਹ ਸੰਨ ੧੯੮੯ ਦੀ ਲੋਕ ਸਭਾ ਚੋਣ ਤੋਂ ਬਾਅਦ ਪਹਿਲੀ ਵਾਰ ਹੈ ਕਿ ਕਿਸੇ ਲੋਕ ਸਭਾ ਸੀਟ ਉਤੇ ਮੁਕਾਬਲਾ ਪਾਰਟੀਆਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਦਿੱਲੀ ਤੇ ਪੰਜਾਬ ਦਾ ਹੋਣ ਜਾ ਰਿਹਾ ਹੈ। ਦਿੱਲੀ ਦੇ ਸੱਤਾ ਲਈ ਮਿਸ਼ਨ ਤੇ ਪੰਜਾਬ ਦੀ ਹੂਕ ਬਣੇ ਖਾਲੜਾ ਮਿਸ਼ਨ ਦੀ ਜਿੱਤ-ਹਾਰ ਦੇ ਫੈਸਲੇ ਦਾ ਹੱਕ ਇਤਿਹਾਸ ਨੇ ਹਲਕਾ ਖਡੂਰ ਸਾਹਿਬ ਦੇ ਵੋਟਰਾਂ ਨੂੰ ਦਿੱਤਾ ਹੈ। ਦਿੱਲੀ ਦੀ ਸੱਤਾ ਦੇ ਮਿਸ਼ਨ ਵਿਚ ਲੱਗੀਆਂ ਧਿਰਾਂ ਵੱਲੋਂ ਹਰ ਤਰ੍ਹਾਂ ਦੇ ਕੋਹਝੇ ਹੱਥਕੰਡੇ ਵਰਤ ਕੇ ਪੰਜਾਬੀਆਂ ਦਾ ਧਿਆਨ ਇਸ ਚੋਣ ਦੇ ਕੇਂਦਰੀ ਨੁਕਤੇ ਤੋਂ ਪਾਸੇ ਲੈ ਜਾਣ ਲਈ ਹਰਬੇ ਵਰਤੇ ਜਾਣਗੇ। ਗੁਰੂ ਦੀ ਸਿੰਘਣੀ ਨੇ ਗੱਜ-ਵੱਜ ਕੇ ਐਲਾਨ ਕਰ ਦਿੱਤਾ ਹੈ ਕਿ ਉਹਨਾਂ ਦਾ ਚੋਣ ਮਨੋਰਥ ਪੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਵ ਵਿਆਪੀ ਸੁਨੇਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਨੋਰਥ ਸਦੀਵੀ ਹੈ। ਇਹੋ ਹੀ ਹਰ ਸਿੱਖ ਦੇ ਜੀਵਨ ਦਾ ਮਨੋਰਥ ਹੈ। ਕੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦੀਵੀ ਸੱਚ ਵਾਲਾ ਮਨੋਰਥ ਉਨ੍ਹਾਂ ਦਾ ਹੋ ਸਕਦਾ ਹੈ ਜੋ ਦਿੱਲੀ ਦੀ ਸੱਤਾ ਦੇ ਮਿਸ਼ਨ ਲਈ ਚੋਣਾਂ ਲੜ ਰਹੇ ਹਨ ? ਕੀ ਇਹ ਮਨੋਰਥ ਉਨ੍ਹਾਂ ਦਾ ਹੋ ਸਕਦਾ ਹੈ, ਜਿਨ੍ਹਾਂ ਦੇ ਰਾਜ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਦੀ ਬੇਅਦਬੀ ਹੋਈ ਹੋਵੇ ਤੇ ਗੁਰੂ ਘਰਾਂ ਨੂੰ ਟੈਂਕਾਂ ਤੇ ਤੋਪਾਂ ਨਾਲ ਢਾਹ ਦਿੱਤਾ ਗਿਆ ਹੋਵੇ ? ਕੀ ਇਹ ਲੋਕ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਦਾ ਨੈਤਿਕ ਹੱਕ ਰੱਖਦੇ ਹਨ, ਜਿਨ੍ਹਾਂ ਦੇ ਹੁਕਮਾਂ ਉਤੇ ਹਜ਼ਾਰਾਂ ਲੋਕਾਂ ਨੂੰ ਗਲਾਂ ਵਿਚ ਬਲਦੇ ਟਾਇਰ ਪਾ ਕੇ ਸਾੜ ਦਿੱਤਾ ਗਿਆ ਹੋਵੇ, ਗੁਰੂ ਦੀ ਬੇਅਦਬੀ ਖਿਲਾਫ ਰੋਸ ਪ੍ਰਗਟ ਕਰ ਰਹੇ ਨਿਹੱਥੇ ਲੋਕਾਂ ਉਤੇ ਗੋਲੀਆਂ ਚਲਾਈਆਂ ਗਈਆਂ ਹੋਣ ?

ਦਰਅਸਲ ਪੰਥ ਤੇ ਪੰਜਾਬ ਦੇ ਦੋਖੀ ਆਪਣੇ ਪਾਪਾਂ ਦੇ ਡਰ ਨਾਲ ਕੰਬਣ ਲੱਗੇ ਹਨ। ਬੀਬੀ ਖਾਲੜਾ ਦੇ ਹੱਕ ਵਿਚ ਸਮੂਹ ਪੰਜਾਬੀ ਸਿੱਖਾਂ, ਹਿੰਦੂਆਂ ਤੇ ਸਭ ਧਰਮਾਂ ਤੇ ਜਾਤਾਂ ਦੇ ਲੋਕ ਖੜ੍ਹੇ ਹੋਣ ਲੱਗੇ ਹਨ। ਇਸ ਕਰ ਕੇ ਚੋਣ ਕਮਿਸ਼ਨ ਨੂੰ ਬਿਨਾ ਵਜ੍ਹਾ ਸ਼ਿਕਾਇਤਾਂ ਜਾਣ ਲੱਗੀਆਂ ਹਨ, ਤਾਂ ਕਿ ਬੀਬੀ ਖਾਲੜਾ ਦੀ ਜਿੱਤ ਨੂੰ ਲੋਕਾਂ ਵਿਚ ਸ਼ੱਕੀ ਬਣਾ ਕੇ ਵੋਟਰਾਂ ਨੂੰ ਭਰਮਾਇਆ ਜਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਨੁੱਖਤਾ ਦੇ ਸਾਂਝੇ ਗੁਰੂ ਹਨ। ਉਹਨਾਂ ਦਾ ਉਪਦੇਸ਼ ਵੀ ਚਹੁੰ ਵਰਣਾਂ ਲਈ ਸਾਂਝਾ ਹੈ। ਬੀਬੀ ਖਾਲੜਾ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਨੇਹੇ ਨੂੰ ਆਪਣਾ ਮਨੋਰਥ ਕਹਿਣ ਬਾਰੇ ਬਾਦਲ ਦਲ ਦੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਬੀਬੀ ਖਾਲੜਾ ਨੂੰ ਨੋਟਿਸ ਜਾਰੀ ਕਰ ਦਿੰਦਾ ਹੈ, ਜਦਕਿ ਭਾਰਤ ਦੀ ਸੁਪਰੀਮ ਕੋਰਟ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਹਾਜ਼ਰ ਗੁਰੂ ਮੰਨ ਚੁੱਕੀ ਹੈ। ਪਾਰਲੀਮੈਂਟ ਵਿਚ ਬਸਪਾ ਮੁਖੀ ਕਾਸ਼ੀ ਰਾਮ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੀ ਪਾਰਟੀ ਦਾ ਮੈਨੀਫੈਸਟੋ ਕਹਿ ਚੁੱਕੇ ਹਨ। ਸਵਾਲ ਇਹ ਵੀ ਹੈ ਕਿ ਕੀ ਰਾਮ-ਰਾਜ ਦੀ ਬਹਾਲੀ ਕਰਨ ਤੇ ਰਾਮ ਮੰਦਿਰ ਬਣਾਉਣ ਨੂੰ ਚੋਣ ਮਨੋਰਥ ਪੱਤਰਾਂ ਵਿਚ ਦਰਜ ਕਰਨ ਵਾਲਿਆਂ ਨੂੰ ਕੋਈ ਨੋਟਿਸ ਅੱਜ ਤਕ ਦਿੱਤਾ ਗਿਆ ਹੈ ? ਜਦੋਂ ਕੈਪਟਨ ਅਮਰਿੰਦਰ ਸਿੰਘ ਗੁਰਬਾਣੀ-ਗੁਟਕੇ ਦੀ ਸਹੁੰ ਚੁੱਕ ਕੇ ਵੋਟਾਂ ਦੀ ਮੰਗ ਕਰ ਰਿਹਾ ਸੀ ਤਾਂ ਉਹ ਕੋਡ ਆਫ ਕੰਡਕਟ ਦੀ ਉਲੰਘਣਾ ਨਹੀਂ ਸੀ ? ਹੁਣ ਲੋਕਾਂ ਨੇ ਇਹ ਫੈਸਲਾ ਵੀ ਕਰਨਾ ਹੈ ਕਿ ਜਿਹੜੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦੱਸਦੇ ਹਨ, ਕੀ ਉਹ ਸਾਡੀਆਂ ਵੋਟਾਂ ਦੇ ਹੱਕਦਾਰ ਹਨ ? ਨਿਰਸੰਦੇਹ ਹਲਕਾ ਖਡੂਰ ਸਾਹਿਬ ਦੀ ਚੋਣ ਦਾ ਨਤੀਜਾ ਮੌਜੂਦਾ ਦੌਰ ਦੇ ਪੰਜਾਬੀ ਮਨ ਦੇ ਪੰਥ ਤੇ ਪੰਜਾਬ ਦੇ ਮੁੱਦਿਆਂ ਨਾਲ ਸਰੋਕਾਰ ਦੀ ਤਸਵੀਰ ਪੇਸ਼ ਕਰੇਗਾ।

*ਭਾਰਤੀ ਲੋਕ ਸਭਾ ਚੋਣਾਂ*

# ਪਰਵਾਸੀ ਪੰਜਾਬੀਆਂ ਦਾ ਮੋਹ ਭੰਗ

**ਗੁਰਮੀਤ ਪਲਾਹੀ**

ਭਾਰਤ ਦੇ ਵਿਦੇਸ਼ ਮੰਤਰਾਲੇ (ਮਨਿਸਟਰੀ ਆਫ ਫੌਰੈਨ ਅਫੇਅਰਜ਼ ਇੰਡੀਆ) ਦੇ ਮੁਤਾਬਿਕ ਲਗਭਗ 3.10 ਕਰੋੜ ਐਨਆਰਆਈ. (ਨਾਨ ਰੈਂਜੀਡੈਂਟ ਇੰਡੀਅਨਜ਼) ਦੁਨੀਆ ਦੇ ਵੱਖੋ-ਵੱਖਰੇ ਦੇਸ਼ਾਂ ਵਿਚ ਰਹਿ ਰਹੇ ਹਨ। ਆਰਪੀ. ਐਕਟ (ਰਿਪਰੈਜ਼ੈਂਟੇਸ਼ਨ ਆਫ਼ ਪੀਪਲਜ਼ ਐਕਟ) 2018 ਵਿਚ ਇਹ ਦਰਸਾਇਆ ਗਿਆ ਹੈ ਕਿ ਜੋ ਐਨਆਰਆਈ. ਭਾਰਤੀ ਮਤਦਾਤਾ ਸੂਚੀ ਵਿਚ ਦਰਜ ਹੈ, ਉਹ ਵਿਦੇਸ਼ ਰਹਿੰਦੇ ਹੋਏ ਵੀ ਆਪਣੇ ਖੇਤਰ ਵਿਚ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਪ੍ਰਾਕਸੀ ਨੀਯਤ ਕਰਕੇ ਆਪਣੇ ਵੋਟ ਦੀ ਵਰਤੋਂ ਕਰ ਸਕਦਾ ਹੈ। ਨਿਯੁਕਤ ਕੀਤਾ ਹੋਇਆ ਪ੍ਰਾਕਸੀ ਮਤਦਾਨ ਕੇਂਦਰ ਜਾ ਕੇ ਸਬੰਧਤ ਐਨਆਰਆਈ ਦੇ ਵਲੋਂ ਵੋਟ ਪਾ ਸਕਦਾ ਹੈ। ਲੇਕਿਨ ਅਸਲ ਵਿਚ ਸਿਆਸੀ ਦਲਾਂ ਵਿਚ ਇਸ ਮਸਲੇ 'ਤੇ ਸਹਿਮਤੀ ਨਹੀਂ ਬਣ ਸਕੀ। ਪੰਜਾਬ ਦੇ ਸਿਰਫ਼ 393 ਐਨਆਰਆਈ. ਲੋਕਾਂ ਨੇ ਆਪਣੀ ਵੋਟ ਬਣਵਾਈ ਹੈ, ਜਿਹਨਾਂ ਵਿਚੋਂ ਬਹੁਤ ਘੱਟ ਲੋਕ ਕਿਰਾਇਆ ਖਰਚ ਕੇ, ਵਿਦੇਸ਼ਾਂ ਵਿਚੋਂ ਆ ਕੇ, ਵੋਟ ਪਾ ਸਕਣਗੇ। ਭਾਵੇਂ ਕਿ ਪੰਜਾਬ ਵਿੱਚੋਂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਕੇ ਵਸੇ ਲੱਖਾਂ ਲੋਕਾਂ ਦਾ ਆਪਣੇ ਪਿੰਡਾਂ-ਕਸਬਿਆਂ ਲਈ ਅੰਤਾਂ ਦਾ ਮੋਹ ਹੈ, ਉਹ ਆਪਣੇ ਜਨਮ ਸਥਾਨ ਨੂੰ ਚੰਗੇਰਾ ਬਣਾਉਣ ਲਈ ਸਦਾ ਉਤਸਕ ਦਿਸਦੇ ਹਨ ਅਤੇ ਸਮੇਂ ਸਮੇਂ ਉਹ ਪਿੰਡ, ਪੰਚਾਇਤਾਂ, ਵਿਧਾਨ ਸਭਾ ਚੋਣਾਂ ਵਿੱਚ ਡੂੰਘੀ ਦਿਲਚਸਪੀ ਲੈਂਦੇ ਰਹੇ ਹਨ ਪਰ 2019 ਦੀਆਂ ਲੋਕ ਸਭਾ ਚੋਣਾਂ ਲਈ ਉਹ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਰੱਖ ਰਹੇ, ਕੀ ਉਹਨਾਂ ਦਾ ਚੋਣਾਂ ਪ੍ਰਤੀ ਮੋਹ ਭੰਗ ਹੋ ਗਿਆ ਹੈ ?

ਪੰਜਾਬੀਆਂ ਦਾ ਲੋਕ ਸਭਾ ਚੋਣਾਂ ਵਿੱਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾਂ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਸਗੋਂ ਇੱਕ ਧੰਦੇ ਵਜੋਂ ਅਪਣਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀਪੀਪੀ ਦਾ ਪੂਰਾ ਸਾਥ ਦਿੱਤਾ। ਆਮ ਆਦਮੀ ਪਾਰਟੀ ਨੂੰ ਤਾਂ ਉਹਨਾਂ ਤਨ, ਮਨ, ਧਨ ਨਾਲ ਸਹਾਇਤਾ ਦਿੱਤੀ, ਇਸ ਨੂੰ ਕਬੂਲਿਆ ਅਤੇ ਪੰਜਾਬ ਵਿਚ ਆ ਕੇ ਵੀ ਇਸ ਦੇ ਹੱਕ ਵਿਚ ਪ੍ਰਚਾਰ ਕੀਤਾ ਪਰ ਆਮ ਆਦਮੀ ਪਾਰਟੀ ਦੇ ਨੇਤਾ ਪਰਵਾਸੀ ਪੰਜਾਬੀਆਂ ਦੇ ਪਿਆਰ ਦੇ ਹਾਣ ਦੇ ਨਾ ਹੋ ਸਕੇ। 'ਆਪ' ਦਾ ਝਾੜੂ ਤੀਲਾ ਤੀਲਾ ਹੋ ਗਿਆ ਜਾਂ ਕਰ ਦਿੱਤਾ ਗਿਆ ਤੇ ਪਰਵਾਸੀ ਪੰਜਾਬੀਆਂ ਦੇ ਦਿਲ ਹੀ ਜਿਵੇਂ ਟੁੱਟ ਗਏ।

ਪਰਵਾਸੀ ਪੰਜਾਬੀ ਲੰਮੇ ਸਮੇਂ ਤੋਂ ਹੀ ਦੇਸ਼ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ। ਭਾਰਤ ਵਿੱਚ ਸੰਨ 1969 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਦੀਆਂ ਕਈ ਇਕਾਈਆਂ ਸਥਾਪਿਤ ਹੋਈਆਂ। ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਹੁਣ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਖਹਿਰਾ ਅਤੇ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨੇ ਵੀ ਆਪਣੇ ਵਿਦੇਸ਼ੀ ਸਮਰਥਕਾਂ, ਸੰਸਥਾਵਾਂ ਨਾਲ ਗੂੜ੍ਹੇ ਸਬੰਧ ਬਣਾ ਰੱਖੇ ਹਨ। ਕੈਪਟਨ ਅਮਰਿੰਦਰ ਸਿੰਘ, ਉਹਨਾਂ ਦੀ ਪਤਨੀ ਪ੍ਰਨੀਤ ਕੌਰ, ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ, ਕਾਂਗਰਸ ਪਾਰਟੀ ਦੇ ਹੱਕ ਵਿੱਚ ਸਮੇਂ ਸਮੇਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਸਿੱਖ ਖੇਡਾਂ ਜਾਂ ਹੋਰ ਸਮਾਗਮਾਂ ਸਮੇਂ ਪਬਲਿਕ ਅਤੇ ਪ੍ਰਾਈਵੇਟ ਮਿਲਣੀਆਂ ਕਰਦੇ ਰਹੇ ਸਨ ਅਤੇ ਪੰਜਾਬੀ ਮੀਡੀਏ ਦੇ ਪ੍ਰਤੀਨਿਧਾਂ ਨਾਲ ਮਿਲ ਕੇ ਆਪਣੇ ਪਾਰਟੀ ਪ੍ਰੋਗਰਾਮਾਂ ਦਾ ਪ੍ਰਚਾਰ ਕਰਕੇ ਵੱਡੀ ਮਾਇਕ ਸਹਾਇਤਾ ਅਤੇ ਸਹਿਯੋਗ ਆਪਣੀ ਪਾਰਟੀ ਲਈ ਇਕੱਠੀ ਕਰਦੇ ਰਹੇ ਹਨ। ਇਸ ਲਿਸਟ ਵਿੱਚ ਹੋਰ ਛੋਟੇ ਵੱਡੇ ਕਾਂਗਰਸੀ ਨੇਤਾਵਾਂ ਤੋਂ ਬਿਨਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਨਾਮ ਵੀ ਵੱਜਦਾ ਹੈ। ਮਹਿੰਦਰ ਸਿੰਘ ਗਿਲਜੀਆਂ ਅਮਰੀਕਾ ਵਿੱਚ ਅਤੇ ਓਵਰਸੀਜ਼ ਕਾਂਗਰਸ ਦੇ ਯੂਕੇ. ਦੇ ਨੇਤਾ ਦਲਜੀਤ ਸਿੰਘ ਸਹੋਤਾ ਅਤੇ ਇਟਲੀ ਦੇ ਕਰਮਜੀਤ ਸਿੰਘ ਢਿੱਲੋਂ ਆਦਿ ਇਹੋ ਜਿਹੇ ਪਰਵਾਸੀ ਪੰਜਾਬੀ ਹਨ, ਜਿਹੜੇ ਕਾਂਗਰਸ ਦੀ ਉੱਚ ਲੀਡਰਸ਼ਿਪ ਨੂੰ ਇਹਨਾਂ ਦੇਸ਼ਾਂ ਵਿੱਚ ਸਵਾਗਤ ਕਰਨ ਵੇਲੇ ਮੋਹਰੀ ਰੋਲ ਅਦਾ ਕਰਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕਦੇ ਪਰਵਾਸੀ ਪੰਜਾਬੀਆਂ ਵਿੱਚ ਵੱਡਾ ਅਸਰ ਬਣਾਇਆ ਸੀ। ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ ਵਿੱਚ ਆਪਣੀਆਂ ਇਕਾਈਆਂ ਖੋਲ੍ਹੀਆਂ, ਗੁਰਦੁਆਰਿਆਂ ਵਿੱਚ ਆਪਣੀ ਸਿਆਸਤ ਕੀਤੀ ਪਰ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਹਾਰ ਨੂੰ ਉਹਨਾਂ ਨੇ ਪਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪਰਵਾਸੀ ਪੰਜਾਬੀਆਂ ਨੇ ਖੁੱਲ੍ਹੇਆਮ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ ਵਿੱਚ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ ਨਾਟ ਰਿਕੁਆਇਰਡ ਇੰਡੀਅਨਜ਼ ਗਰਦਾਨਦੇ ਹੋਏ ਭੰਗ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਪਰਵਾਸੀ ਸੰਮੇਲਨ, ਜਿਹਨਾਂ ਵਿੱਚ ਆਪਣੇ ਚਹੇਤਿਆਂ ਨੂੰ ਸੱਦਕੇ ਸਨਮਾਨਿਆ ਜਾਂਦਾ ਸੀ, ਉਹਨਾਂ ਨੂੰ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਂਦਾ ਸੀ, ਸਰਕਾਰੀ ਗੱਡੀਆਂ ਵਿੱਚ ਹੂਟੇ ਦਿੱਤੇ ਜਾਂਦੇ ਸਨ, ਹੋਟਲਾਂ ਵਿੱਚ ਉਹਨਾਂ ਦੀ ਆਓ ਭਗਤ ਹੁੰਦੀ ਸੀ, ਬੰਦ ਕਰ ਦਿੱਤੇ ਗਏ। ਪਰ ਜਦੋਂ ਪਰਵਾਸੀ ਸਹਿਯੋਗ ਅਤੇ ਵੋਟਾਂ-ਨੋਟਾਂ ਬਿਨਾ ਨਾ ਸਰਿਆ ਤਾਂ ਬਾਅਦ ਵਿੱਚ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਅਸਟ੍ਰੇਲੀਆ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਇਕਾਈਆਂ ਸਥਾਪਤ ਕੀਤੀਆਂ। ਪਰ ਸ਼੍ਰੋਮਣੀ ਅਕਾਲੀ ਦਲ ਦੀ ਉੱਪਰਲੀ ਲੀਡਰਸ਼ਿੱਪ, ਕੋਟਕਪੂਰਾ ਗੋਲੀ ਕਾਂਡ ਅਤੇ ਬਹਿਬਲ ਕਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਾਰਨ, ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲਾਂ ਵਿਰੁੱਧ ਸਿੱਖਾਂ ਵਿੱਚ ਪੈਦਾ ਹੋਏ ਰੋਸ ਕਾਰਨ, ਉਹਨਾਂ ਦੇਸ਼ਾਂ ਵਿੱਚ

ਬਾਕੀ ਸਫ਼ਾ 33 'ਤੇ

# ਅਮਰੀਕਾ ਦੇ ਵੈਲੀ ਦੀ ਨਜ਼ਰ 'ਚ ਭਾਰਤੀ ਮੀਡੀਆ

**ਮਨਜੀਤ ਸਿੰਘ ਟਿਵਾਣਾ, ਸਟਾਕਟਨ**
(209-905-8076)

ਮੈਨੂੰ ਪੰਜਾਬ ਤੋਂ ਅਮਰੀਕਾ ਆਇਆਂ ਮਸਾਂ ਮਹੀਨਾ-ਕੁ ਹੀ ਹੋਇਆ ਸੀ ਕਿ ਮੈਨੂੰ ਵੈਲੀ ਦਾ ਨਾਮ ਦਿਨ ਵਿਚ ਕਈ-ਕਈ ਵਾਰ ਸੁਣਨ ਨੂੰ



ਮਿਲਿਆ। ਜਿਹੜੇ ਲੋਕਾਂ ਕੋਲ ਮੈਂ ਆਇਆ ਉਥੇ ਅਕਸਰ ਹੀ ਵੈਲੀ ਦਾ ਜ਼ਿਕਰ ਛਿੜ ਪੈਂਦਾ। ਮਿਸਾਲ ਦੇ ਤੌਰ 'ਤੇ ਨਵੀਂ ਜਾਂ ਪੁਰਾਣੀ ਕਾਰ ਲੈਣੀ ਹੈ ਤਾਂ ਵੈਲੀ ਦੀ ਸਲਾਹ ਲੈ ਲਈ ਜਾਵੇ, ਕਾਰ ਵੇਚਣੀ ਹੈ ਤਾਂ ਵੈਲੀ ਨੂੰ ਮਿਲਿਆ ਜਾਵੇ ਤੇ ਕਿਸੇ ਦੀ ਗੱਡੀ ਖਰਾਬ ਹੈ ਤਾਂ ਵੀ ਵੈਲੀ ਨੂੰ ਹੀ ਦਿਖਾਉਣ ਦੀ ਸਲਾਹ ਦਿੱਤੀ ਜਾਂਦੀ। ਮੈਂ ਏਨਾ-ਕੁ ਤਾਂ ਸਮਝ ਗਿਆ ਕਿ ਇਹ ਵੈਲੀ ਨਾਂ ਦਾ ਬੰਦਾ ਕਾਰਾਂ ਦਾ ਮਿਸਤਰੀ ਹੈ ਪਰ ਉਸ ਦਾ ਵੈਲੀ ਨਾਂ ਅਜੀਬ ਜਿਹਾ ਲੱਗਿਆ। ਸੋਚਿਆ ਸ਼ਾਇਦ ਕੋਈ ਪੰਜਾਬੀ ਹੋਵੇਗਾ, ਜੋ ਅਮਰੀਕਾ ਆ ਕੇ ਕਾਰਾਂ ਠੀਕ ਕਰਨ ਲੱਗ ਗਿਆ ਹੋਵੇਗਾ। ਸਾਡੇ ਮੁੰਡੇ ਵੈਲੀ-ਵੈਲੀ ਕਹਿਣ ਲੱਗ ਗਏ ਹੋਣੇ ਆ। ਪੰਜਾਬੀ ਗਾਇਕਾਂ ਤੇ ਗੀਤਕਾਰਾਂ ਦੇ ਸਿਰਜੇ ਮਾਹੌਲ ਜਿਹੇ ਵਿਚ ਹੌਲੀ-ਹੌਲੀ ਮੇਰੇ ਮਨ ਨੇ ਅਚੇਤ ਹੀ ਉਸ ਦਾ ਨਾਮ ਵੈਲੀ ਤੋਂ "ਵੈਲੀ ਜੱਟ" ਮੰਨ ਲਿਆ। ਉਸ ਨੂੰ ਮਿਲਣ ਦੀ ਇੱਛਾ ਵੀ ਮੇਰੇ ਮਨ ਵਿਚ ਪੈਦਾ ਹੋ ਗਈ। ਆਖਰ ਅਚਨਚੇਤ ਹੀ ਇਕ ਦਿਨ ਉਸ ਨੂੰ ਮਿਲਣ ਦਾ ਸਬੱਬ ਬਣ ਗਿਆ। ਮੇਰੇ ਰਿਸ਼ਤੇਦਾਰ ਨੇ ਕਾਰ ਦਾ 'ਸਮੋਗ-ਚੈਕ' ਕਰਵਾਉਣਾ ਸੀ, ਜਿਸ ਨੂੰ ਭਾਰਤ ਵਿਚ 'ਪਲਿਊਸ਼ਨ-ਚੈਕ' ਕਰਵਾਉਣਾ ਆਖਦੇ ਹਨ। ਜਦੋਂ ਅਸੀਂ ਵੈਲੀ ਦੀ ਵਰਕਸ਼ਾਪ ਪਹੁੰਚੇ ਤਾਂ ਉਹ "ਕੈਸੇ ਹੋ... ਕੈਸੇ ਹੋ" ਕਰਦਾ ਤਪਾਕ ਨਾਲ ਮਿਲਿਆ। ਉਸ ਦਾ ਚਿਹਰਾ-ਮੋਹਰਾ ਦੇਖ ਕੇ ਤੇ ਉਸ ਦੀ ਹਿੰਦੀ ਬੋਲੀ ਸੁਣ ਕੇ ਮੈਂ ਥੋੜ੍ਹਾ ਹੈਰਾਨ ਹੋਇਆ ਤੇ ਮੇਰੇ ਮਨ ਅੰਦਰ ਬਣਿਆ ਉਸ ਦਾ ਪੰਜਾਬੀ ਦਿੱਖ ਵਾਲਾ "ਵੈਲੀ ਜੱਟ" ਵਾਲਾ ਅਕਸ ਤਿੜਕ ਹੀ ਰਿਹਾ ਸੀ ਕਿ ਮੇਰੇ ਰਿਸ਼ਤੇਦਾਰ ਨੇ ਵੈਲੀ ਨਾਲ ਮੇਰਾ ਤੁਆਰਫ ਕਰਵਾਉਂਦਿਆਂ ਦੱਸਿਆ ਕਿ ਮੈਂ ਹੁਣੇ-ਹੁਣੇ ਇੰਡੀਆਂ ਤੋਂ ਨਵਾਂ ਅਮਰੀਕਾ ਵਿਚ ਆਇਆ ਹਾਂ। ਇਹ ਸੁਣ ਕੇ ਵੈਲੀ ਮੇਰੇ ਵੱਲ ਖਾਸ ਤਵੱਜੋਂ ਦਿੰਦਿਆਂ ਬੋਲਿਆ, "ਕੈਸਾ ਲਗਾ ਫਿਰ ਅਮੇਰਿਕਾ... ਸਰਦਾਰ ਜੀ ?" ਮੇਰਾ ਜਵਾਬ ਸੁਣਨ ਤੋਂ ਪਹਿਲਾਂ ਹੀ ਉਸ ਨੇ ਸਵਾਲ ਦਾਗਿਆ, "ਕਯਾ ਕਾਮ ਕਰਤੇ ਥੇ ਇੰਡੀਆ ਮੇਂ ?"

ਮੈਂ ਮਾਣ ਨਾਲ ਦੱਸਿਆ ਕਿ ਉਥੇ ਮੈਂ ਪੱਤਰਕਾਰ ਸੀ। ਮੇਰਾ ਜਵਾਬ ਸੁਣਨ ਦੀ ਦੇਰ ਸੀ ਕਿ ਜਿਵੇਂ ਉਸ ਦੇ ਕਰੰਟ ਵੱਜਿਆ ਹੋਵੇ। ਉਹ ਇਕ ਦਮ ਮੇਰੇ ਵੱਲ ਮੁੜਿਆ ਤੇ ਮੱਥੇ ਉਤੇ ਹੱਥ ਮਾਰ ਕੇ ਬੋਲਿਆ, "ਅਰੇ ਭਾਈ ਕਯਾ ਕਰ ਰਹੇ ਹੋ ਤੁਮ ਲੋਗ ਇੰਡੀਆ ਮੇਂ.. . ਦੇਸ਼ ਕੋ ਬਰਬਾਦ ਕਰ ਦੋਗੇ ਕਯਾ.. . ਕਯਾ ਹੋਤਾ ਹੈ ਮੋਦੀ-ਮੋਦੀ- ਮੋਦੀ .. . ਹਿੰਦੂ-ਹਿੰਦੂ, ਮੁਸਲਮਾਨ-ਮੁਸਲਮਾਨ ਕੇ ਬਗੈਰ ਕੋਈ ਔਰ ਖਬਰ ਨਹੀਂ ਹੈ ਆਪ ਕੇ ਪਾਸ.. .?" ਉਸ ਦੇ ਅਚਾਨਕ ਮੇਰੇ ਉਤੇ ਸਵਾਲਾਂ ਦੇ ਰੂਪ ਵਿਚ ਹੋਏ ਇਸ ਤਾਬੜਤੋੜ ਹਮਲੇ ਲਈ ਮੈਂ ਤਿਆਰ ਨਹੀਂ ਸੀ। ਮੈਂ ਇਕ ਦਮ ਬੁੱਤ ਬਣ ਗਿਆ ਤੇ ਮੈਨੂੰ ਉਸ ਦੇ ਸਵਾਲਾਂ ਦਾ ਤੁਰੰਤ ਕੋਈ ਜਵਾਬ ਨਾ ਅਹੁੜਿਆ। ਮੈਂ ਆਪਣੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਕਟਹਿਰੇ ਵਿਚ ਖੜ੍ਹਾ ਹੋਇਆ ਮਹਿਸੂਸ ਕਰ ਰਿਹਾ ਸੀ। ਉਹ ਮੇਰਾ ਕੋਈ ਜਵਾਬ ਉਡੀਕਣ ਤੋਂ ਬਿਨਾ ਹੀ ਮੁੜ ਬੁੜਬੁੜਾਇਆ, " ਮੈਨੇ ਤੋ ਟੀਵੀ ਦੇਖਨਾ ਹੀ ਛੋਡ ਦੀਯਾ ਹੈ।" ਮੈਂ ਸਮਝ ਗਿਆ ਕਿ ਇਹ ਬੰਦਾ ਭਾਰਤ ਦੇ ਇਲੈਕਟ੍ਰੌਨਿਕ ਮੀਡੀਆ ਵੱਲੋਂ ਪੱਤਰਕਾਰੀ ਦੇ ਮਿਆਰਾਂ ਦਾ "ਚੀਰ-ਹਰਣ" ਹੁੰਦਾ ਦੇਖ ਕੇ ਏਨਾ ਗੁੱਸੇ ਵਿਚ ਹੈ।

ਇਹ ਵਾਕਿਆਤ ਭਾਰਤ ਦੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਦੀ ਲੋਕਾਂ ਨੂੰ ਟੀਵੀ ਦੇਖਣਾ ਛੱਡ ਦੇਣ ਦੀ ਅਪੀਲ ਵਾਲੀ ਵੀਡਿਓ ਸੋਸ਼ਲ ਮੀਡੀਆ ਉਤੇ ਆਉਣ ਤੋਂ ਕੁਝ ਦਿਨ ਪਹਿਲਾਂ ਦਾ ਹੈ। ਥੋੜਾ ਕੁ ਰੁਕ ਕੇ ਮੈਂ ਹੌਸਲਾ ਜਿਹਾ ਕਰ ਕੇ ਵੈਲੀ ਨਾਲ ਗੱਲਬਾਤ ਸ਼ੁਰੂ ਕੀਤੀ। ਦਰਅਸਲ ਉਹ ਪਿੱਛੋਂ ਫਿਜ਼ੀ ਦੇਸ਼ ਦਾ ਰਹਿਣ ਵਾਲਾ ਸੀ ਤੇ ਉਸ ਦਾ ਨਾਮ ਵੈਲੀ ਨਹੀਂ ਸੀ ਸਗੋਂ 'ਬਿੱਲੀ' ਸੀ। ਪੰਜਾਬੀਆਂ ਨੇ ਹੀ ਬਿੱਲੀ ਨੂੰ ਵੈਲੀ ਬਣਾ ਧਰਿਆ ਸੀ। ਉਹ ਭਾਰਤ ਨੂੰ ਆਪਣੇ ਪੂਰਵਜ਼ਾਂ ਦਾ ਦੇਸ਼ ਹੋਣ ਦੇ ਨਾਤੇ ਪਿਆਰ ਕਰਦਾ ਸੀ ਤੇ ਹੋਰ ਭਾਰਤੀ ਤੇ ਫਿਜ਼ੀਅਨ ਲੋਕਾਂ ਵਾਂਗ ਹੀ ਇਥੋਂ ਦੀ ਰਾਜਨੀਤੀ ਵਿਚ ਵੀ ਖਾਸ ਦਿਲਚਸਪੀ ਲੈਂਦਾ ਸੀ। ਮੈਂ ਬਾਅਦ ਵਿਚ ਉਸ ਨਾਲ ਗੱਲਬਾਤ ਦੌਰਾਨ ਆਪਣੇ ਪੱਤਰਕਾਰ ਭਾਈਚਾਰੇ ਦਾ ਵਕੀਲ ਨਹੀਂ ਬਣ ਸਕਿਆ, ਨਾ ਹੀ ਅਜਿਹੀ ਮੇਰੀ ਕੋਈ ਇੱਛਾ ਹੀ ਰਹੀ ਪਰ ਮੈਂ ਉਸ ਕੋਲੋਂ ਮਨ ਵਿਚ ਇਕ ਸਕੂਨ ਜ਼ਰੂਰ ਲੈ ਕੇ ਮੁੜਿਆ ਕਿ 'ਗੋਬਲਜ਼ ਦਾ ਝੂਠ' ਸੌ ਵਾਰ ਬੋਲਣ ਤੋਂ ਬਾਅਦ ਵੀ ਹਰ ਥਾਂ ਸੱਚ ਵਰਗਾ ਨਹੀਂ ਹੋ ਸਕਦਾ।

# ਕੁੰਵਰ ਵਿਜੈ ਪ੍ਰਤਾਪ ਦਾ ਤਬਾਦਲਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ

**ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਨਜ਼ਦੀਕੀਆਂ ਉੱਤੇ ਲਗਾਤਾਰ ਛਾਪਿਆਂ ਬਾਰੇ ਭਾਜਪਾ ਦਾ ਕਹਿਣਾ ਹੈ ਕਿ ਇਹ ਏਜੰਸੀਆਂ ਦਾ ਕੰਮ ਹੈ ਅਤੇ ਇਸ ਨਾਲ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਹੁੰਦੀ। ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਿਉਂ? ਚੋਣ ਕਮਿਸ਼ਨ ਹਦਾਇਤ ਦੇ ਸਕਦਾ ਸੀ ਕਿ ਜਾਂਚ ਟੀਮ ਦੇ ਅਧਿਕਾਰ ਮੀਡੀਆ ਵਿਚ ਨਾ ਜਾਣ। ਪਰ ਜਾਂਚ ਤੋਂ ਰੋਕਣਾ ਸੰਵਿਧਾਨ ਤੇ ਕਾਨੂੰਨ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਇਸ ਮਾਮਲੇ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਕੋਰਟ ਵਿਚ ਜਾਣਾ ਚਾਹੀਦਾ ਹੈ ਤਾਂ ਜੋ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਬਹਾਲ ਕਰਵਾਇਆ ਜਾਵੇ ਤੇ ਬੇਅਦਬੀ ਦੀ ਜਾਂਚ ਅੱਗੇ ਤੋਰੀ ਜਾਵੇ। ਅਕਾਲੀ ਦਲ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਤਫ਼ਤੀਸ਼ ਵਿਚ ਸ਼ਾਮਲ ਹੋ ਕੇ ਸੱਚ ਸਾਹਮਣੇ ਲਿਆਉਣ।**



**ਰਜਿੰਦਰ ਸਿੰਘ**

ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਬਰਗਾੜੀ ਅਤੇ ਕੋਟਕਪੂਰਾ ਘਟਨਾਵਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਇੰਸਪੈਕਟਰ ਜਨਰਲ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਤਬਦੀਲੀ ਕਰ ਦਿੱਤੀ ਹੈ। ਯਾਦ ਰਹੇ ਕਿ ਕੁੰਵਰ ਵੱਲੋਂ ਆਈਜੀ ਪੱਧਰ ਤੱਕ ਦੇ ਸਬੰਧਿਤ ਪੁਲੀਸ ਅਧਿਕਾਰੀਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛ ਪੜਤਾਲ ਕੀਤੀ ਗਈ ਸੀ। ਇਸ ਤੋਂ ਇਲਾਵਾ ਤਤਕਾਲੀ ਡੀਜੀਪੀ ਸੁਮੇਧ ਸੈਣੀ, ਉਸ ਵਕਤ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਤੋਂ ਵੀ ਪੁਛ ਪੜਤਾਲ ਕੀਤੀ




ਗਈ ਸੀ। ਸਿੱਟ ਨੇ ਹਰਿਆਣੇ ਦੀ ਸੁਨਾਰੀਆ ਜੇਲ੍ਹ ਵਿਚ ਕੈਦ ਸੌਦਾ ਸਾਧ ਤੋਂ ਵੀ ਪੁੱਛਗਿੱਛ ਕਰਨੀ ਸੀ ਪਰ ਹਰਿਆਣਾ ਸਰਕਾਰ ਵੱਲੋਂ ਇਸ ਦੀ ਇਜਾਜ਼ਤ ਨਹੀਂ ਦਿੱਤੀ। ਕਿਹਾ ਜਾ ਸਕਦਾ ਹੈ ਕਿ ਇਹ ਸਿਆਸੀ ਪ੍ਰਭਾਵ ਕਾਰਨ ਅਜਿਹਾ ਕੀਤਾ ਗਿਆ ਹੈ। ਜਦ ਵੋਟ ਨੇ ਪੁੱਛ ਗਿੱਛ ਦੀ ਇਜਾਜ਼ਤ ਦਿੱਤੀ ਹੈ ਤਾਂ ਹਰਿਆਣਾ ਸਰਕਾਰ ਨੂੰ ਇਸ ਵਿਚ ਰੁਕਾਵਟ ਨਹੀਂ ਸੀ ਬਣਨਾ ਚਾਹੀਦਾ।

ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਸੀ ਕਿ ਇਹ ਪੁਲੀਸ ਅਧਿਕਾਰੀ ਕੈਪਟਨ ਸਰਕਾਰ ਦੇ ਇਸ਼ਾਰੇ ਉੱਤੇ ਸਿਆਸੀ ਬਦਲੇ ਦੀ ਭਾਵਨਾ ਨਾਲ ਭੂਮਿਕਾ ਨਿਭਾਅ ਰਿਹਾ ਹੈ, ਜਿਸ ਕਾਰਨ ਉਹਨਾਂ ਦੀ ਚੋਣ ਮੁਹਿੰਮ 'ਤੇ ਮਾੜਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਨੇਤਾ ਨਰੇਸ਼ ਗੁਜਰਾਲ ਨੇ ਚੋਣ ਕਮਿਸ਼ਨ ਨੂੰ ਸਬੰਧਿਤ ਅਧਿਕਾਰੀ ਦੀਆਂ ਪ੍ਰੈੱਸ ਕਾਨਫਰੰਸਾਂ ਦੀ ਰਿਕਾਰਡਿੰਗ ਵੀ ਉਪਲਬੱਧ ਕਰਵਾਈ। ਇਸ ਰਿਕਾਰਡਿੰਗ ਤਹਿਤ ਹੀ ਚੋਣ ਕਮਿਸ਼ਨ ਨੇ ਆਪਣਾ ਫੈਸਲਾ ਲਿਆ ਹੈ। ਇਸ ਘਟਨਾ ਤੋਂ ਬਾਅਦ ਸੰਭਾਵਨਾ ਇਹ ਬਣ ਰਹੀ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਪੰਜਾਬ ਵਿਚ ਵੱਡਾ ਮੁੱਦਾ ਬਣੇਗਾ ਤੇ ਬਾਕੀ ਪੰਜਾਬ ਦੇ ਮੱਸਲੇ ਬੇਰੁਜ਼ਗਾਰੀ, ਨਸ਼ੇ ਤੇ ਪੰਜਾਬ ਦੇ ਵਿਕਾਸ ਦੇ ਮੁੱਦੇ ਪਿੱਛੇ ਰਹਿ ਜਾਣਗੇ। ਪੰਜਾਬ ਦੇ ਸਿਆਸਤਦਾਨ ਵੀ ਇਹੀ ਚਾਹੁੰਦੇ ਹਨ ਕਿ ਉਹ ਪੰਜਾਬ ਦੇ ਵਿਕਾਸ ਲਈ ਕੁਝ ਨਹੀਂ ਕਰਨਾ ਚਾਹੁੰਦੇ।

ਚੋਣ ਕਮਿਸ਼ਨ ਦੇ ਫ਼ੈਸਲੇ ਨੇ ਅਕਾਲੀ ਦਲ ਨੂੰ ਹਾਲ ਦੀ ਘੜੀ ਸਿੱਟ ਆਗੂ ਕੁੰਵਰ ਦੀ ਪੁਛਗਿੱਛ ਤੋਂ ਕੁਝ ਸਮੇਂ ਲਈ ਮੁਕਤੀ ਮਿਲ ਗਈ ਹੈ, ਪਰ ਸਿਆਸੀ ਤੌਰ 'ਤੇ ਬਾਦਲ ਦਲ ਦੇ ਲਈ ਵੱਡੀਆਂ ਦਿੱਕਤਾਂ ਖੜੀਆਂ ਹੋਣ ਦੀ ਸੰਭਾਵਨਾ ਬਣ ਗਈ ਹੈ। ਭਾਵੇਂ ਅਕਾਲੀ ਦਲ ਦੇ ਮਹਾਂਰਥੀ ਆਗੂ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਇਹ ਗੱਲ ਉਭਾਰ ਰਹੇ ਹਨ ਕਿ ਕਮਿਸ਼ਨ ਦਾ ਇਹ ਹੁਕਮ ਨਿਰਪੱਖ ਹੈ ਤੇ ਉਨ੍ਹਾਂ ਦੇ ਬਿਆਨ ਦੀ ਹਾਮੀ ਭਰਦਾ ਹੈ ਕਿ ਕੈਪਟਨ ਸਰਕਾਰ ਬਦਲੇ ਦੀ ਭਾਵਨਾ ਨਾਲ ਉਹਨਾਂ ਉੱਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਦਾ ਦੋਸ਼ ਮੜ੍ਹਨਾ ਚਾਹੁੰਦੀ ਹੈ। ਦੂਸਰੇ ਪਾਸੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ਬਾਦਲ ਪਰਿਵਾਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਦਾ ਦੋਸ਼ੀ ਠਹਿਰਾਉਂਦਿਆਂ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਪਰ ਕਿੰਤੂ ਕੀਤਾ ਹੈ ਤੇ ਰਾਜ ਦੇ ਅਧਿਕਾਰਾਂ ਵਿਚ ਦਖਲਅੰਦਾਜ਼ੀ ਦਾ ਦੋਸ਼ ਲਗਾਇਆ ਹੈ ਤੇ ਨਾਲ ਇਹ ਵੀ ਕਿਹਾ ਹੈ ਕਿ ਉਹ ਚੋਣ ਕਮਿਸ਼ਨ ਕੋਲ ਆਪਣੀ ਸ਼ਿਕਾਇਤ ਦਰਜ ਕਰਾਉਣਗੇ। ਕਾਂਗਰਸ ਦੇ ਮੰਤਰੀ, ਵਿਧਾਇਕ, 'ਆਪ' ਪਾਰਟੀ, ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਆਗੂਆਂ ਨੇ ਦੋਸ਼ ਲਗਾਏ ਹਨ ਕਿ ਅਕਾਲੀ ਦਲ ਨੇ ਜਾਂਚ ਅਧਿਕਾਰੀ ਖ਼ਿਲਾਫ਼ ਸ਼ਿਕਾਇਤ ਕਰਕੇ ਸਾਬਤ ਕਰ ਦਿੱਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਬਾਦਲ ਦੋਸ਼ੀ ਹਨ।

ਇਹ ਗੱਲ ਸੱਚ ਹੈ ਕਿ ਚੋਣ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ ਤੇ ਚੋਣਾਂ ਦੇ ਮੌਕੇ ਉਸ ਦੀ ਤਾਕਤ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੋਂ ਵੀ ਵਧੀਕ ਹੈ। ਪਰ ਇਹੋ ਜਿਹੇ ਦੋਸ਼ਾਂ ਕਾਰਨ ਇੰਝ ਜਾਪਦਾ ਹੈ ਕਿ ਇਹ ਕੇਂਦਰ ਸਰਕਾਰ ਦਾ ਤੋਤਾ ਬਣੀ ਹੋਈ ਹੈ। ਇਸ ਪਿੱਛੇ ਕਾਰਨ ਇਹ ਹੈ ਕਿ ਕਾਂਗਰਸ ਵਿਰੁੱਧ ਕੀਤੀ ਛੋਟੀ ਜਿਹੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੋਟਿਸ ਲੈ ਲੈਂਦਾ ਹੈ, ਪਰ ਭਾਜਪਾ ਵਿਰੁੱਧ ਕਿਸੇ ਵੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੇ ਹਾਲੇ ਤੱਕ ਨੋਟਿਸ ਨਹੀਂ ਲਿਆ। ਇੱਥੋਂ ਤੱਕ ਪ੍ਰਧਾਨ ਮੰਤਰੀ ਮੋਦੀ ਪੁਲਵਾਮਾ ਹਮਲੇ ਬਾਰੇ ਵੋਟਾਂ ਮੰਗ ਰਿਹਾ ਹੈ, ਪਰ ਚੋਣ ਕਮਿਸ਼ਨ ਕੋਈ ਕਾਰਵਾਈ ਨਹੀਂ ਕਰ ਰਿਹਾ। ਹੁਣੇ ਜਿਹੇ ਯੂਪੀ ਦੇ ਮੁੱਖ ਮੰਤਰੀ ਯੋਗੀ ਨੇ ਕਿਹਾ ਕਿ ਮੋਦੀ ਸੈਨਾ ਨੇ ਪਾਕਿਸਤਾਨ ਨੂੰ ਪਛਾੜ ਦਿੱਤਾ। ਹੁਣ ਇਸ ਦਾ ਅਰਥ ਇਹੀ ਹੈ ਕਿ ਭਾਰਤੀ ਫੌਜ ਮੋਦੀ ਦੀ ਸੈਨਾ ਹੈ। ਇਸ ਬਾਰੇ ਸ਼ਿਕਾਇਤ ਵੀ ਹੋਈ, ਪਰ ਚੋਣ ਕਮਿਸ਼ਨ ਨੇ ਢਿੱਲਾ ਜਿਹਾ ਫੈਸਲਾ ਦਿੱਤਾ ਕਿ ਯੋਗੀ ਸਾਹਿਬ ਅੱਗੇ ਤੋਂ ਬਿਆਨਾਂ ਬਾਰੇ ਖਿਆਲ ਰੱਖਿਆ ਜਾਵੇ। ਅਰਥਾਤ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹਨਾਂ ਘਟਨਾਵਾਂ ਤੋਂ ਭਾਰਤ ਦੇ ਲੋਕਾਂ ਅੰਦਰ ਇਹ ਸੰਕੇਤ ਜਾ ਰਿਹਾ ਹੈ ਕਿ ਚੋਣ ਕਮਿਸ਼ਨ ਮੋਦੀ ਦੇ ਪ੍ਰਭਾਵ ਅਧੀਨ ਕੰਮ ਕਰ ਰਿਹਾ ਹੈ। ਵਿਰੋਧੀ ਇਹ ਆਵਾਜ਼ ਉਠਾ ਰਹੇ ਹਨ ਕਿ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਕਾਫ਼ਲੇ ਵਿਚੋਂ 1 ਕਰੋੜ 80 ਲੱਖ ਰੁਪਏ ਨਕਦੀ ਫੜੀ ਗਈ, ਰਾਜਪਾਲ ਦੇ ਅਹੁਦੇ ਉੱਤੇ ਬਿਰਾਜਮਾਨ ਕਲਿਆਣ ਸਿੰਘ ਨੇ ਨਰਿੰਦਰ ਮੋਦੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਵਰਗੀਆਂ ਘਟਨਾਵਾਂ ਖ਼ਿਲਾਫ਼ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਨਜ਼ਦੀਕੀਆਂ ਉੱਤੇ ਲਗਾਤਾਰ ਛਾਪਿਆਂ ਬਾਰੇ ਭਾਜਪਾ ਦਾ ਕਹਿਣਾ ਹੈ ਕਿ ਇਹ ਏਜੰਸੀਆਂ ਦਾ ਕੰਮ ਹੈ ਅਤੇ ਇਸ ਨਾਲ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਹੁੰਦੀ। ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਿਉਂ? ਚੋਣ ਕਮਿਸ਼ਨ ਹਦਾਇਤ ਦੇ ਸਕਦਾ ਸੀ ਕਿ ਜਾਂਚ ਟੀਮ ਦੇ ਅਧਿਕਾਰ ਮੀਡੀਆ ਵਿਚ ਨਾ ਜਾਣ। ਪਰ ਜਾਂਚ ਤੋਂ ਰੋਕਣਾ ਸੰਵਿਧਾਨ ਤੇ ਕਾਨੂੰਨ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਇਸ ਮਾਮਲੇ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਕੋਰਟ ਵਿਚ ਜਾਣਾ ਚਾਹੀਦਾ ਹੈ ਤਾਂ ਜੋ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਬਹਾਲ ਕਰਵਾਇਆ ਜਾਵੇ ਤੇ ਬੇਅਦਬੀ ਦੀ ਜਾਂਚ ਅੱਗੇ ਤੋਰੀ ਜਾਵੇ। ਅਕਾਲੀ ਦਲ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਤਫ਼ਤੀਸ਼ ਵਿਚ ਸ਼ਾਮਲ ਹੋ ਕੇ ਸੱਚ ਸਾਹਮਣੇ ਲਿਆਉਣ।

ਇੰਝ ਜਾਪਦਾ ਹੈ ਕਿ ਕਿਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਨਵੰਬਰ '84 ਦੀ ਨਸਲਕੁਸ਼ੀ ਵਾਂਗ ਇਨਸਾਫ਼ ਦੀ ਇਕ ਲੰਮੀ ਦਾਸਤਾਨ ਨਾ ਬਣ ਜਾਏ। ਇਨਸਾਫ਼ ਚਾਹੁਣ ਵਾਲਿਆਂ ਦੇ ਪੱਲੇ ਇਕ ਵਾਰ ਫਿਰ ਤੋਂ ਨਿਰਾਸ਼ਾ ਹੀ ਪੈ ਰਹੀ ਹੈ। ਕੀ ਇਹ ਭਾਰਤ ਦੀ ਜਮਹੂਰੀਅਤ ਹੈ?

# ਭਾਜਪਾ ਵਲੋਂ ਭਾਰਤ 'ਚ ਰਾਸ਼ਟਰਵਾਦ ਦੇ ਨਾਂ 'ਤੇ ਹਿੰਦੂਤਵੀ ਜਨੂੰਨ ਫੈਲਾਉਣ ਦੀ ਸਾਜਿਸ਼

***ਤਾਨਾਸ਼ਾਹੀ ਦਾ ਮੁਹਾਵਰਾ ਹੈ 'ਬੋਲੋਗੇ ਤਾਂ ਤੁੰਨ ਦਿੱਤੇ ਜਾਓਗੇ'***

**-ਰਜਿੰਦਰ ਸਿੰਘ**

ਕਾਂਗਰਸ ਨੇ ਆਪਣੇ ਐਲਾਨ ਪੱਤਰ ਵਿਚ ਅਫਸਫਾ ਤੇ ਰਾਜਧ੍ਰੋਹ ਕਾਨੂੰਨ ਵਿਚ ਤਬਦੀਲੀ ਦੀ ਗੱਲ ਕੀਤੀ ਹੈ। ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਅਫਸਫਾ ਵਿਚ ਸੁਧਾਰ ਕਾਰਨ ਫੌਜ ਦਾ ਮਨੋਬਲ ਡਿੱਗੇਗਾ। ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਫੌਜੀਆਂ ਦੇ ਅਧਿਕਾਰਾਂ ਬਾਰੇ ਇਹ ਸੀਮਾ ਤੈਅ ਹੋਵੇ ਕਿ ਕਿਸੇ ਵੀ ਨਾਗਰਿਕ ਨੂੰ ਸਿਰਫ ਸ਼ੱਕ ਦੇ ਆਧਾਰ 'ਤੇ ਮਾਰਨ, ਗਾਇਬ ਕਰਨ ਜਾਂ ਕਿਸੇ ਔਰਤ ਨਾਲ ਬਲਾਤਕਾਰ ਹੋਣ ਦੀ ਸ਼ਿਕਾਇਤ 'ਤੇ ਕਾਨੂੰਨੀ ਸੁਰੱਖਿਆ ਨਹੀਂ ਮਿਲੇਗੀ ਤਾਂ ਇਸ ਨਾਲ ਫੌਜ ਦਾ ਮਨੋਬਲ ਕਿਵੇਂ ਡਿੱਗੇਗਾ? ਕੀ ਫੌਜ ਕੋਲ ਇਹ ਫਾਸ਼ੀਵਾਦੀ ਤੇ ਗ਼ੈਰ ਕਾਨੂੰਨੀ ਅਧਿਕਾਰ ਹੋਣੇ ਚਾਹੀਦੇ ਹਨ? ਕੀ ਫੌਜ ਦੇ ਜ਼ੁਲਮ ਦੇ ਸ਼ਿਕਾਰ ਲੋਕਾਂ ਨੂੰ ਇਨਸਾਫ਼ ਨਹੀਂ ਮਿਲਣਾ ਚਾਹੀਦਾ? ਜੇਕਰ ਅਜਿਹਾ ਹੈ ਤਾਂ ਅਜ਼ਾਦ ਭਾਰਤ ਤੇ ਗੁਲਾਮ ਭਾਰਤ ਦੀ ਫਰੰਗੀ ਹਕੂਮਤ ਵਿਚ ਅੰਤਰ ਕੀ ਹੋਇਆ? ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣ ਵਿਚ ਆਪਣੇ ਐਲਾਨਨਾਮੇ, ਚੋਣ ਪੱਤਰ ਵਿਚ ਦੋ ਮਹੱਤਵਪੂਰਨ ਐਲਾਨ ਕੀਤੇ ਹਨ। ਪਹਿਲਾ ਸੁਰੱਖਿਆ ਫੋਰਸਾਂ ਨੂੰ ਦਿੱਤੀਆਂ ਵਿਸ਼ੇਸ਼ ਸ਼ਕਤੀਆਂ ਅਰਥਾਤ ਸੰਨ 1958 ਦੇ ਅਫਸਫਾ ਕਾਨੂੰਨ ਵਿਚ ਤਬਦੀਲੀਆਂ ਕੀਤੀਆਂ ਜਾਣਗੀਆਂ, ਜਿਸ ਵਿਚ ਬਲਾਤਕਾਰ, ਤਸ਼ੱਦਦ ਕਰਨਾ ਕਿਸੇ ਨਾਗਰਿਕ ਨੂੰ ਗਾਇਬ ਕਰ ਦੇਣਾ ਆਦਿ ਮਾਮਲਿਆਂ ਵਿਚ ਫੌਜੀਆਂ ਨੂੰ ਕਾਨੂੰਨੀ ਸੁਰੱਖਿਆ ਨਹੀਂ ਮਿਲੇਗੀ। ਇਸ ਨਾਲ ਕਾਨੂੰਨ ਦਾ ਰਾਜ ਕਾਇਮ ਰਹੇਗਾ। ਦੂਸਰਾ ਭਾਰਤੀ ਦੰਡ ਪ੍ਰਣਾਲੀ ਦੀ ਧਾਰਾ 124-ਏ ਜੋ ਰਾਜਧ੍ਰੋਹ ਨੂੰ ਪਰਿਭਾਸ਼ਤ ਕਰਦੀ ਹੈ, ਉਸ ਦੇ ਦੁਰਪ੍ਰਯੋਗ ਹੋਣ ਕਾਰਨ ਇਸ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ। ਜਦੋਂ ਭਾਰਤ ਵਿਚ ਰਾਸ਼ਟਰਵਾਦ ਤੇ ਨਾਂ 'ਤੇ ਭਾਜਪਾ ਵਲੋਂ ਹਿੰਦੂਤਵ ਦਾ ਜਨੂੰਨ ਫੈਲਾਇਆ ਜਾ ਰਿਹਾ ਹੈ ਤਾਂ ਕਾਂਗਰਸ ਵਲੋਂ ਮਨੁੱਖੀ ਹਿੱਤ ਵਿਚ ਇਹ ਤਬਦੀਲੀਆਂ ਲਿਆਉਣ ਦਾ ਐਲਾਨ ਕਰਨਾ ਪ੍ਰਸ਼ੰਸਾਯੋਗ ਕਦਮ ਹੈ। ਪਰ ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਨੂੰ ਫੌਜ ਵਿਰੋਧੀ ਤੇ ਦੇਸ਼ ਵਿਰੋਧੀ ਦੱਸਦੇ ਹੋਏ ਕਿਹਾ ਹੈ ਕਿ ਕਾਂਗਰਸ ਵਲੋਂ ਅਜਿਹੇ ਮੁੱਦੇ ਉਠਾਉਣ ਨਾਲ ਅਫਸਫਾ ਵਿਚ ਸੁਧਾਰ ਦੀ ਗੱਲ ਕਰਨ ਨਾਲ ਫੌਜ ਦਾ ਮਨੋਬਲ ਡਿੱਗੇਗਾ ਤੇ ਅੱਤਵਾਦੀ ਭਾਰਤ 'ਤੇ ਭਾਰੂ ਪੈਣਗੇ। ਦੂਸਰਾ ਦੋਸ਼ ਲਗਾਇਆ ਕਿ ਦੇਸ਼ਧ੍ਰੋਹ ਕਾਨੂੰਨ ਕਾਂਗਰਸ ਦੇਸ਼ ਵਿਰੋਧੀਆਂ ਦੇ ਕਹਿਣ 'ਤੇ ਹਟਾ ਰਹੀ ਹੈ।

ਮੋਦੀ ਦੇ ਵਿਚਾਰਾਂ ਤੋਂ ਬਾਅਦ ਸਾਡੇ ਲਈ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਕਾਨੂੰਨਾਂ ਨਾਲ ਅੱਤਵਾਦ ਘੱਟ ਹੋਇਆ ਹੈ ਜਾਂ ਦੇਸ਼ ਦਾ ਲੋਕਤੰਤਰ ਮੂੱਲ ਹੇਠਾਂ ਨੂੰ ਡਿੱਗਿਆ ਹੈ। ਜਦ ਇਹੋ ਜਿਹੇ ਕਾਨੂੰਨਾਂ ਨਾਲ ਲੋਕਾਂ ਦੀ ਅਜ਼ਾਦੀ ਨੂੰ ਖਤਰਾ ਪੈਦਾ ਹੋਵੇਗਾ ਤਾਂ ਦੇਸ਼ ਵਿਚ ਅਜ਼ਾਦੀ ਦਾ ਮਾਹੌਲ ਕਿਵੇਂ ਬਰਕਰਾਰ ਰਹਿ ਸਕਦਾ ਹੈ। ਅਸਲ ਵਿਚ ਇਹ ਭਗਵਾਂ ਰਾਸ਼ਟਰਵਾਦ ਲਿਆਉਣ ਦੀਆਂ ਤਿਆਰੀਆਂ ਹਨ। ਇਹਨਾਂ ਕਾਨੂੰਨਾਂ ਤਹਿਤ ਭਾਰਤ ਦੀ ਸੰਵਿਧਾਨਕ ਪ੍ਰਣਾਲੀ ਦੀ ਮੂਲ ਭਾਵਨਾ ਨੂੰ ਖਤਮ ਕੀਤਾ ਜਾ ਰਿਹਾ ਹੈ ਤੇ ਭਾਰਤ ਨੂੰ ਫੌਜੀ ਸਟੇਟ ਸਿਰਜਿਆ ਜਾ ਰਿਹਾ ਹੈ, ਜਿਸ ਦਾ ਮੁਹਾਵਰਾ ਇਹ ਹੈ 'ਬੋਲੋਗੇ ਤਾਂ ਤੁੰਨ ਦਿੱਤੇ ਜਾਓਗੇ'। ਅਫਸਫਾ ਕਾਨੂੰਨ ਕਸ਼ਮੀਰ, ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼ ਤੇ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਚੱਲ ਰਿਹਾ ਹੈ, ਜਿੱਥੇ ਫੌਜ ਨੂੰ ਖੁੱਲ੍ਹੇ ਅਧਿਕਾਰ ਦਿੱਤੇ ਗਏ ਹਨ। ਫੌਜ 'ਤੇ ਲੋਕਾਂ ਨੂੰ ਲਾਵਾਰਸ ਲਾਸ਼ਾਂ ਬਣਾਉਣ ਦੇ, ਬਲਾਤਕਾਰ ਕਰਨ ਦੇ ਦੋਸ਼ ਲੱਗ ਚੁੱਕੇ ਹਨ। ਤੁਸੀਂ ਗੂਗਲ ਵਿਚ ਜਾ ਕੇ 'ਆਰਮੀ ਰੇਪ ਵਿਦ ਅਸ' ਦੀ ਖੋਜ ਕਰੋ ਤਾਂ ਤੁਹਾਨੂੰ ਅਹਿਸਾਸ ਹੋ ਜਾਵੇਗਾ ਕਿ ਭਾਰਤ ਵਿਚ ਫੌਜ ਕੀ ਕਰ ਰਹੀ ਹੈ ਤੇ ਕਾਲੇ ਕਾਨੂੰਨਾਂ ਰਾਹੀਂ ਭਾਰਤ ਦੀ ਅਜ਼ਾਦੀ ਨੂੰ ਕਿਵੇਂ ਖਤਮ ਕੀਤਾ ਜਾ ਰਿਹਾ ਹੈ। ਲੋੜ ਤਾਂ ਭਾਰਤ ਦੇ ਲੋਕਾਂ ਦੇ ਮਨੋਬਲ ਨੂੰ ਮਜ਼ਬੂਤ ਬਣਾਉਣ ਦੀ ਤੇ ਪੂਰਨ ਅਜ਼ਾਦੀ ਦੇਣ ਦੀ ਹੈ। ਪਰ ਮੋਦੀ ਦਾ ਭਗਵਾਂਵਾਦ ਅਜਿਹੇ ਰਾਸ਼ਟਰ ਦੀ ਉਸਾਰੀ ਵਿਚ ਹੈ, ਜਿੱਥੇ ਇਕੋ ਜਾਤੀ, ਇਕੋ ਧਰਮ ਦਾ ਬੋਲਬਾਲਾ ਹੋਵੇਗਾ, ਜਿੱਥੇ ਘੱਟ ਗਿਣਤੀਆਂ, ਦਲਿਤਾਂ, ਪੱਛੜਿਆਂ, ਕਬੀਲਿਆਂ ਨੂੰ ਭਗਵੇਂਵਾਦ ਦੀ ਗੁਲਾਮੀ ਅਧੀਨ ਰਹਿਣਾ ਪਵੇਗਾ। ਤੁਹਾਨੂੰ ਯਾਦ ਕਰਵਾ ਦੇਈਏ ਕਿ 8 ਜੁਲਾਈ 2016 ਦੇ ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਦੇ ਜਸਟਿਸ ਮਦਨ ਬੀ ਲੋਕੁਰ ਤੇ ਯੂਯੂ ਲਲਿਤ ਦੇ ਬੈਂਚ ਨੇ ਇਸ ਗੱਲ ਨੂੰ ਆਪਣੇ ਹੁਕਮ ਵਿਚ ਕਿਹਾ ਸੀ ਕਿ ਜੇਕਰ ਅਸੀਂ ਆਪਣੇ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਇਸ ਗੱਲ ਦੇ ਲਈ ਨਿਯੁਕਤ ਕਰਨ ਲੱਗੇ ਕਿ ਉਹ ਦੇਸ਼ ਦੇ ਕਿਸੇ ਵੀ ਨਾਗਰਿਕ ਨੂੰ ਸਿਰਫ ਸ਼ੱਕ ਦੇ ਆਧਾਰ 'ਤੇ ਮਾਰ ਦੇਣ ਤਾਂ ਫਿਰ ਨਿਆਂ ਦਾ ਰਾਜ ਨਹੀਂ ਤੇ ਨਾ ਹੀ ਲੋਕਤੰਤਰ ਹੈ। ਇਸ ਆਧਾਰ 'ਤੇ ਕੋਰਟ ਨੇ ਮਨੀਪੁਰ ਰਾਜ ਵਿਚ ਉਥੋਂ ਦੀ ਪੁਲੀਸ ਤੇ ਫੌਜ ਦੇ ਦੁਆਰਾ 1528 ਨਾਗਰਿਕਾਂ ਨੂੰ ਖਪਾ ਦੇਣ ਦੇ ਸਬੰਧ ਵਿਚ ਜਾਂਚ ਦੇ ਆਦੇਸ਼ ਦਿੱਤੇ ਤੇ ਨਾਲ ਇਹ ਵੀ ਕਿਹਾ ਕਿ ਠੋਸ ਸਬੂਤ ਮਿਲਣ 'ਤੇ ਇਹਨਾਂ ਉੱਪਰ ਕੇਸ ਦਰਜ ਕੀਤੇ ਜਾਣ। ਅਫਸਪਾ ਨੂੰ ਖਤਮ ਕਰਨ ਦੀ ਗੱਲ ਨਵੀਂ ਨਹੀਂ ਹੈ। ਜਸਟਿਸ ਜੀਵਨ ਰੈਡੀ ਕਮੇਟੀ ਨੇ ਸੰਨ 2005 ਵਿਚ ਹੀ ਆਪਣਾ ਸੁਝਾਅ ਕੇਂਦਰ ਨੂੰ ਦਿੱਤਾ ਸੀ ਕਿ ਇਸ ਨੂੰ ਖਤਮ ਕੀਤਾ ਜਾਵੇ। ਇਸ ਦੇ ਆਧਾਰ 'ਤੇ 17 ਅਗਸਤ 2012 ਨੂੰ ਸਾਰੇ ਰਾਜਾਂ ਨਾਲ ਸੰਵਾਦ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ। ਪਰ ਅਫਸਫਾ ਕਾਨੂੰਨ ਵਾਪਸ ਨਹੀਂ ਲਿਆ ਗਿਆ। ਰਾਜਧ੍ਰੋਹ ਦੀ ਗੱਲ ਕਰੀਏ ਤਾਂ ਇਹ ਭਾਰਤ ਵਿਚ ਬ੍ਰਿਟਿਸ਼ ਹਕੂਮਤ ਦੌਰਾਨ ਬਣਾਇਆ ਗਿਆ ਸੀ ਤਾਂ ਜੋ ਦੇਸ਼ ਭਗਤਾਂ ਦੀ ਲਹਿਰ ਨੂੰ ਦਬਾਇਆ ਜਾ ਸਕੇ। ਗਾਂਧੀ ਤੋਂ ਲੈ ਕੇ ਤਿਲਕ ਤੱਕ ਇਸ ਫਾਸ਼ੀਵਾਦੀ ਕਾਨੂੰਨ ਦੇ ਸ਼ਿਕਾਰ ਹੋਏ ਸਨ। ਪਰ ਮੋਦੀ ਅੰਗਰੇਜ਼ਾਂ ਦਾ ਕਾਨੂੰਨ ਅਜ਼ਾਦ ਭਾਰਤੀਆਂ 'ਤੇ ਵਰਤਣਾ ਚਾਹੁੰਦੇ ਹਨ। ਮੋਦੀ ਹਕੂਮਤ ਦੌਰਾਨ, ਜੇਐਨਯੂ ਦੇ ਵਿਦਿਆਰਥੀਆਂ ਤੇ ਅਧਿਆਪਕਾਂ, ਜੋ ਭਗਵੇਂਵਾਦ ਦਾ ਵਿਰੋਧ ਕਰਦੇ ਸਨ, ਉੱਪਰ ਦੇਸ਼ਧ੍ਰੋਹ ਦੇ ਕੇਸ ਪਾਏ ਗਏ। ਹੁਣੇ ਜਿਹੇ ਫਰਵਰੀ ਮਹੀਨੇ ਵਿਚ ਭਾਜਪਾ ਨੇਤਾ ਦੀ ਸ਼ਿਕਾਇਤ 'ਤੇ ਅਲੀਗੜ੍ਹ ਯੂਨੀਵਰਸਿਟੀ ਦੇ 14 ਵਿਦਿਆਰਥੀਆਂ 'ਤੇ ਉੱਤਰ ਪ੍ਰਦੇਸ਼ ਪੁਲਿਸ ਨੇ ਰਾਜਧ੍ਰੋਹ ਦਾ ਮਾਮਲਾ ਦਰਜ ਕੀਤਾ। ਮੋਦੀ ਭਾਵੇਂ ਜੋ ਮਰਜ਼ੀ ਕਹਿਣ ਪਰ ਉਹਨਾਂ ਦੇ ਲਿਆਂਦੇ ਕਾਲੇ ਕਾਨੂੰਨਾਂ ਦੇ ਬਾਵਜੂਦ ਅੱਤਵਾਦ ਖਤਮ ਨਹੀਂ ਹੋਇਆ। ਸੰਨ 20 14 ਤੋਂ 2018 ਦੇ ਪੰਜ ਸਾਲਾਂ ਵਿਚ ਹਿੰਸਕ ਘਟਨਾਵਾਂ ਵਿਚ 176% ਵਾਧਾ ਹੋਇਆ ਹੈ। ਸੰਨ 2014 ਦੌਰਾਨ ਜਿਹਾਦੀ ਤੇ ਨਕਸਲੀ ਹਿੰਸਾ ਦੌਰਾਨ 222 ਘਟਨਾਵਾਂ ਹੋਈਆਂ, ਸਾਲ 2018 ਦੌਰਾਨ 618 ਹੋ ਗਈਆਂ। ਇਹਨਾਂ ਘਟਨਾਵਾਂ ਵਿਚ ਮਰਨ ਵਾਲੇ ਸੁਰੱਖਿਆ ਬਲਾਂ ਦੀ ਗਿਣਤੀ ਲੱਗਭੱਗ ਦੁੱਗਣੀ ਹੋ ਕੇ 91 ਹੋ ਗਈ ਤੇ ਹਥਿਆਰਬੰਦ ਬਾਗੀਆਂ ਦੀ ਸੰਖਿਆ 110 ਤੋਂ ਵੱਧ ਕੇ 257 ਹੋ ਗਈ। ਇਹ ਗੱਲ ਦਰੁੱਸਤ ਹੈ ਕਿ ਮੋਦੀ ਦੇ ਰਾਜ ਵਿਚ ਕਾਲੇ ਕਾਨੂੰਨਾਂ ਕਾਰਨ ਲੋਕਤੰਤਰ ਦਾ ਗਲਾ ਘੁੱਟ ਰਿਹਾ ਹੈ। ਬ੍ਰਿਟੇਨ ਸਥਿਤ ਇਕਨੌਮਿਕਸਟ ਗਰੁੱਪ ਦੀ ਡੈਮੋਕ੍ਰੇਸੀ ਇੰਡੈਕਸ 2018 ਦੀ ਰਿਪੋਟਰ ਅਨੁਸਾਰ ਭਾਰਤ ਵਿਸ਼ਵ ਪੱਧਰ ਦੀ ਸੂਚੀ ਵਿਚ ਲੋਕਤੰਤਰ ਦੇ 41ਵੇਂ ਨੰਬਰ 'ਤੇ ਹੈ, ਜੋ 2014 ਵਿਚ 27ਵੇਂ ਤੇ, ਇਹ 2017 ਵਿਚ 32ਵੇਂ ਨੰਬਰ 'ਤੇ ਰਿਹਾ ਸੀ। ਫਿਰ ਕਾਲੇ ਕਾਨੂੰਨਾਂ ਕਾਰਨ ਦੇਸ਼ ਦੀ ਅਜ਼ਾਦੀ ਤੇ ਦੇਸ਼ ਦਾ ਲੋਕਤੰਤਰ ਕਿਵੇਂ ਬਚ ਸਕਦਾ ਹੈ? ਇਸ ਗੱਲ ਦਾ ਮੋਦੀ ਤੇ ਭਗਵੇਂਵਾਦੀਆਂ ਕੋਲ ਕੋਈ ਜਵਾਬ ਨਹੀਂ।

# ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਬ੍ਰਾਹਮਣਵਾਦ

ਪ੍ਰੋ. ਬਲਵਿੰਦਰਪਾਲ ਸਿੰਘ
(ਸੰਪਰਕ : 9815700916)

ਹਿੰਦੂ ਲਫ਼ਜ਼ ਨਾ ਹੀ ਸੰਸਕ੍ਰਿਤ ਤੇ ਨਾ ਹੀ ਭਾਰਤ ਦੇ ਕਿਸੇ ਜ਼ੁਬਾਨ ਦਾ ਹੈ। ਅੱਠਵੀਂ ਸਦੀ ਵਿਚ ਅਰਬਾਂ ਨੇ ਭਾਰਤ ਵਿਚ ਵਸਦੇ ਲੋਕਾਂ ਲਈ, ਇਹ ਲਫ਼ਜ਼ ਪਹਿਲੀ ਵਾਰ ਵਰਤਿਆ ਸੀ। ਅਸਲ ਵਿਚ ਸਿੰਧ ਦਰਿਆ



ਦੇ ਲਾਗੇ ਵਸਦੇ ਲੋਕੀਂ ਆਪਣੇ ਆਪ ਨੂੰ ਸਿੰਧੂ ਕਹਿਲਾਉਂਦੇ ਸਨ। ਅਰਬਾਂ ਨੇ ਸਿੰਧੂ ਲਫ਼ਜ਼ ਨੂੰ ਹਿੰਦੂ ਸਮਝ ਲਿਆ ਸੀ। ਬਾਅਦ ਵਿਚ ਕੁਝ ਲੋਕਾਂ ਨੇ ਹਿੰਦੂ ਲਫ਼ਜ਼ ਨੂੰ ਹਿੰਦੂ ਧਰਮ ਨਾਲ ਜੋੜ ਲਿਆ। ਹਿੰਦੂ ਧਰਮ ਨੂੰ ਕਿਸੇ ਇਤਿਹਾਸਕ ਉੱਘੇ ਪੈਗੰਬਰ ਜਾਂ ਵਿਅਕਤੀ ਨੇ ਨਹੀਂ ਚਲਾਇਆ। ਅਸਲ ਵਿਚ ਹਿੰਦੂ ਧਰਮ ਕੋਈ ਇਕ ਮੱਤ ਨਹੀਂ। ਇਹ ਕਈ ਪ੍ਰਕਾਰ ਦੇ ਵਿਸ਼ਵਾਸਾਂ ਤੇ ਰੀਤੀ-ਕਰਮਾਂ ਦਾ ਸੰਗ੍ਰਹਿ ਹੈ। ਪੁਰੋਹਿਤ ਜਾਤੀ ਪੁਜਾਰੀ ਜਮਾਤ ਨੇ ਵੱਖਰੀਆਂ ਵੱਖਰੀਆਂ ਰਸਮਾਂ ਨੂੰ ਮਿਲਾ ਕੇ ਪੂਜਾ ਪਾਠ ਦੇ ਢੰਗਾਂ ਵਿਚ ਢਾਲ ਕੇ ਲੋਕਾਂ ਵਿਚ ਹਰਮਨ ਪਿਆਰਾ ਬਣਾਇਆ। ਅਸਲ ਵਿਚ ਆਰੀਅਨ ਲੋਕ ਪੁਰੋਹਿਤ ਸ਼੍ਰੇਣੀ ਨਾਲ ਲੈ ਕੇ ਆਏ ਸਨ, ਜਿਨ੍ਹਾਂ ਦਾ ਪਹਿਲਾਂ ਪਹਿਲਾਂ ਕੰਮ ਵੇਦ ਪੜ੍ਹਨਾ ਤੇ ਯੱਗ ਕਰਨਾ ਸੀ। ਪੁਰੋਹਿਤ ਯੱਗ ਹਵਨਾਂ ਦੀ ਦੱਖਸ਼ਣਾ ਨਾਲ ਬੜੇ ਧਨਵਾਨ ਬਣ ਗਏ ਸਨ। ਪੁਰੋਹਿਤ ਕਹਿੰਦੇ ਸਨ 'ਸਾਰਾ ਸੰਸਾਰ ਇਕ ਬਲੀ ਯੱਗ ਤੋਂ ਉਤਪੰਨ ਹੋਇਆ, ਇਸੇ ਯੱਗ ਤੋਂ ਦੇਵਤੇ ਵੀ ਉਪਜੇ ਸਨ।'

ਬ੍ਰਾਹਮਣਾਂ ਦੇ ਅਧਿਕ ਧਨ ਕਾਰਨ ਉਨ੍ਹਾਂ ਦਾ ਪਤਨ ਹੋਇਆ, ਉਨ੍ਹਾਂ ਦੀ ਥਾਂ ਨਵੇਂ ਬ੍ਰਾਹਮਣ ਪੈਦਾ ਹੋਏ। ਉਪਨਿਸ਼ਦ (ਜਿਸ ਦਾ ਭਾਵ ਹੈ ਕੋਲ ਬੈਠਣਾ) ਰਿਸ਼ੀਆਂ ਅਤੇ ਮੁਨੀਆਂ ਦੇ ਰਚੇ ਸੰਵਾਦ ਹਨ। ਇਹ ਅਜਿਹੇ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਪ੍ਰਯਾਸ ਕਰਦੇ ਹਨ : ਅਸੀਂ ਕਿੱਥੋਂ ਪੈਦਾ ਹੋਏ ? ਅਸੀਂ ਕਿੱਥੇ ਰਹਿੰਦੇ ਹਾਂ ? ਅਸਾਂ ਕਿੱਧਰ ਜਾਣਾ ਹੈ ? ਫਿਰ ਜੈਨ ਅਤੇ ਬੁੱਧ ਮੱਤ ਪੈਦਾ ਹੋਏ ਜਿਨ੍ਹਾਂ ਨੂੰ ਬ੍ਰਾਹਮਣਾਂ ਨੇ ਕਾਫਿਰ ਆਖਿਆ, ਕਿਉਂਕਿ ਇਹਨਾਂ ਨੇ ਬ੍ਰਾਹਮਣਾਂ ਦੀਆਂ ਰਸਮਾਂ ਨੂੰ ਭੰਡਿਆ ਸੀ। ਇਸ ਸਦਕੇ ਤ੍ਰਿਮੂਰਤੀ ਸਿਧਾਂਤ ਪੈਦਾ ਹੋਇਆ, ਜਾਣੀ ਬ੍ਰਹਮਾ (ਸ੍ਰੇਸ਼ਟਾ), ਵਿਸ਼ਨੂੰ (ਵਿਧਾਤਾ) ਅਤੇ ਸ਼ਿਵ (ਸੰਘਾਰ ਕਰਤਾ)। ਰਿਗਵੇਦ ਦੇ ਸ਼ਲੋਕ "ਬ੍ਰਾਹਮਣੋਸਯ ਮੁਖ ਮਾਸੀਦ ਬਾਹੂ ਰਾਜਨਯ : ਕੁਤ :। ਉਰੂ ਤਦਸਯ ਯਦੂ ਵੈਸ਼ਯ ਸ਼ੂਦਰੋ ਅਜਾਯਤ॥" (10/90/22) ਅਨੁਸਾਰ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ, ਕਸ਼ੱਤਰੀ ਬਾਹਾਂ ਵਿਚੋਂ, ਵੈਸ਼ ਪੱਟਾਂ ਵਿਚੋਂ ਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਏ ਹਨ। ਇਨ੍ਹਾਂ ਵਰਨਾਂ ਵਿਚ ਆਪਸੀ ਮਿਲਵਰਤਨ 'ਤੇ ਪਾਬੰਦੀ ਲਗਾਈ ਗਈ ਤਾਂ ਜੋ ਲੋਕ ਫਿਰ ਇਕੱਠੇ ਹੋ ਕੇ ਬ੍ਰਾਹਮਣਵਾਦ ਦੇ ਮਾਇਆਵਾਦ ਦੇ ਪਾਸਾਰੇ ਨੂੰ ਖਤਮ ਨਾ ਕਰ ਦੇਣ। ਇਸ ਤਰ੍ਹਾਂ ਬ੍ਰਾਹਮਣਵਾਦ ਮਾਨਵ ਵਿਰੋਧੀ ਵਿਚਾਰਧਾਰਾ ਬਣ ਗਈ, ਜਿਸ ਵਿਚ ਬ੍ਰਾਹਮਣ ਸਿਰਫ ਮਨੁੱਖ ਤੋਂ ਸਰਵੋਤਮ ਹੀ ਨਹੀਂ, ਸਗੋਂ ਰੱਬ ਤੋਂ ਵੀ ਉਤਮ ਪੇਸ਼ ਕੀਤਾ ਗਿਆ ਸੀ। ਜਾਤੀ ਪਾਤੀ ਪ੍ਰਣਾਲੀ ਇਸ ਮਾਇਆਵਾਦੀ ਸਿਸਟਮ ਦਾ ਸਰੂਪ ਬਣੀ ਅਤੇ ਸ਼ੂਦਰ ਵਰਗ ਦੀ ਗੁਲਾਮ ਅਵਸਥਾ ਨੂੰ ਇਸ ਨੇ 'ਪ੍ਰਭੂ ਦੀ ਕ੍ਰਿਪਾ' ਨਾਲ ਰਲ ਗੱਡ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਸਾਹਿਬ ਨੇ ਇਹ ਤਰਕਸ਼ੀਲ ਬਹਿਸ ਬ੍ਰਾਹਮਣਵਾਦੀ ਸਮਾਜ ਨਾਲ ਛੇੜੀ ਕਿ ਹੇ ਪੰਡਤ! ਤੂੰ ਬ੍ਰਾਹਮਣ ਕਿਥੋਂ ਦਾ ਹੈਂ ? ਤੈਨੂੰ ਬ੍ਰਹਮ ਗਿਆਨ ਕਦੋਂ ਦਾ ਹੋ ਗਿਆ ਹੈ। ਤੂੰ ਆਪਣੇ ਆਪ ਨੂੰ ਬ੍ਰਹਮ ਗਿਆਨ ਦਾ ਗਿਆਤਾ ਹੋਣ ਦਾ ਦਾਅਵਾ ਕਰਕੇ ਆਪਣੀ ਬੇਅਕਲੀ ਦਾ ਸਬੂਤ ਕਿਉਂ ਦੇ ਰਿਹਾ ਹੈਂ ? ਜੇ ਤੂੰ ਸੱਚਮੁੱਚ ਬ੍ਰਾਹਮਣੀ ਦਾ ਪੁੱਤਰ ਹੈਂ ਤੇ ਪਵਿੱਤਰ ਹੈਂ ਤਾਂ ਹੋਰ ਕਿਸੇ ਥਾਂ ਤੋਂ ਕਿਉਂ ਨਹੀਂ ਆਇਆ ? ਫਿਰ ਤੇਰੇ ਤੇ ਸਾਡੇ ਵਿਚ ਕੀ ਫਰਕ ਹੈ ? ਤੂੰ ਕਿਥੋਂ ਦਾ ਬ੍ਰਾਹਮਣ ਹੈ ਅਤੇ ਅਸੀਂ ਸ਼ੂਦਰ ਕਿਵੇਂ ਹਾਂ ? ਕੀ ਤੇਰੇ ਵਿਚੋਂ ਦੁੱਧ ਵਗਦਾ ਹੈ ਅਤੇ ਸਾਡੇ ਵਿਚੋਂ ਲਹੂ ;

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ ਜਨਮੁ ਮਤ ਖੋਏ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੨੪)

ਬ੍ਰਾਹਮਣਵਾਦ ਨੇ ਜਾਤੀ-ਪਾਤੀ ਸਿਸਟਮ ਦੀ ਰਚਨਾ ਕਰਕੇ ਸਮਾਜ ਨੂੰ ਅਸਥਿਰ ਕੀਤਾ ਹੈ। ਇਸ ਸਿਸਟਮ ਕਾਰਨ ਪੂਰਾ ਸਮਾਜ ਅਮੀਰ-ਗਰੀਬ, ਸ਼ੋਸ਼ਿਤ-ਸ਼ੋਸ਼ਿਕ, ਅਗਿਆਨੀ-ਗਿਆਨੀ, ਅਛੂਤ-ਸਛੂਤ, ਦੁਖੀ-ਸੁਖੀ, ਅਪਮਾਨਿਤ-ਸਨਮਾਨਿਤ, ਨੀਚ-ਊਚ ਅਤੇ ਸਾਸ਼ਿਤ-ਸ਼ਾਸ਼ਕ ਦੋ ਭਾਗਾਂ ਵਿਚ ਵੰਡਿਆ ਗਿਆ। ਬ੍ਰਾਹਮਣਵਾਦ ਨੇ ਸ਼ੂਦਰ/ਕਿਰਤੀ ਵਰਗ ਨੂੰ ਸਮਾਨਤਾ, ਅਜ਼ਾਦੀ ਤੋਂ ਵਿਰਵੇ ਕਰ ਦਿੱਤਾ ਅਤੇ ਉਸ ਦਾ ਜੀਵਨ ਨਰਕ ਭਰਪੂਰ ਸਿਰਜ ਦਿੱਤਾ। ਗਿਆਨ, ਧਿਆਨ, ਸਿਖਿਆ ਅਤੇ ਭਗਤੀ ਨਾਲ ਜੁੜਨ 'ਤੇ ਉਸ ਉਪਰ ਪਾਬੰਦੀ ਲਗਾ ਦਿੱਤੀ, ਪੁਰਾਣੇ ਕੱਪੜੇ, ਜੂਠ ਖਾਣ, ਉੱਚ ਜਾਤੀਆਂ ਤੋਂ ਅਲੱਗ ਘਟੀਆ ਬਸਤੀਆਂ ਵਿਚ ਰਹਿਣ ਨੂੰ ਉਸ ਦਾ ਸਭਿਆਚਾਰ ਮਿੱਥ ਦਿੱਤਾ। ਅਪਸਤੰਭ ਧਰਮ ਸੂਤਰ (1,4,5) - ਚਾਰ ਵਰਣ ਹਨ, ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ। ਸ਼ੂਦਰ ਨਾਲੋਂ ਵੈਸ਼, ਵੈਸ਼ ਨਾਲੋਂ ਖੱਤਰੀ, ਖੱਤਰੀ ਨਾਲੋਂ ਬ੍ਰਾਹਮਣ ਉੱਤਮ ਹਨ।

ਮਨੂੰ ਸਿਮਰਤੀ (7/61) - ਜੋ ਬ੍ਰਾਹਮਣ ਆਪਣੇ ਧਰਮ ਦੇ ਭੇਦ ਕਿਸੇ ਸ਼ੂਦਰ ਨੂੰ ਸਿਖਾਏਗਾ ਤਾਂ ਉਹ ਸ਼ੂਦਰ ਦੇ ਨਾਲ ਨਰਕ ਵਿਚ ਸੁੱਟਿਆ ਜਾਵੇਗਾ।

ਮਨੂੰ ਸਿਮਰਤੀ (5-104) - ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸ਼ੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਵੇ, ਨਹੀਂ ਤਾਂ ਬ੍ਰਾਹਮਣ ਸਵਰਗ 'ਚ ਨਹੀਂ ਜਾ ਸਕੇਗਾ।

ਮਹਾਂਰਿਸ਼ੀ ਆਂਗਰਸ - ਅਗਨੀ ਭੇਟਾ ਕਰਨ ਵਾਲਾ ਬ੍ਰਾਹਮਣ ਜੇ ਸ਼ੂਦਰ ਦਾ ਅੰਨ ਖਾ ਲਵੇ ਤਾਂ ਉਸ ਦਵਿਜ ਦੇ ਵੇਦ ਪਾਠ, ਆਤਮਾ ਅਤੇ ਹਵਨ ਤਿੰਨੇ ਭ੍ਰਿਸ਼ਟ ਹੋ ਜਾਂਦੇ ਹਨ।

ਮਨੂੰ ਸਿਮਰਤੀ (5-104) - ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਸ਼ੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਵੇ, ਨਹੀਂ ਤਾਂ ਬ੍ਰਾਹਮਣ ਸਵਰਗ 'ਚ ਨਹੀਂ ਜਾ ਸਕੇਗਾ। (2-283) - ਜਦੋਂ ਕੋਈ



ਅਭਿਮਾਨੀ ਸ਼ੂਦਰ, ਬ੍ਰਾਹਮਣ ਦੀ ਬੋਦੀ, ਪੈਰ, ਦਾੜ੍ਹੀ, ਗਰਦਨ ਜਾਂ ਅੰਡਕੋਸ਼ ਨੂੰ ਹੱਥ ਪਾਵੇ ਤਾਂ ਰਾਜਾ ਬਿਨਾ ਵਿਚਾਰ ਕੀਤਿਆਂ ਉਸ ਦੇ ਦੋਵੇਂ ਹੱਥ ਕਟਵਾ ਦੇਵੇ।

ਅਪਸਤੰਭ ਸਿਮਰਤੀ (11) - ਸ਼ੂਦਰ ਦਾ ਅੰਨ ਪੇਟ ਵਿਚ ਹੋਵੇ ਤੇ ਉਹ ਬ੍ਰਾਹਮਣ ਮਰ ਜਾਵੇ ਤਾਂ ਉਹ ਸੂਅਰ ਜਾਂ ਕੁੱਤੇ ਦਾ ਜਨਮ ਲੈਂਦਾ ਹੈ।

ਮਨੂੰ ਸਿਮਰਤੀ (11-13) - ਜਦੋਂ ਕਿਸੇ ਕਸ਼ੱਤਰੀ ਆਦਿ ਤੋਂ ਧਨ ਨਾ ਮਿਲੇ ਤਾਂ ਬ੍ਰਾਹਮਣ ਬੇ-ਰਹਿਮੀ ਨਾਲ ਸ਼ੂਦਰ ਦੇ ਘਰੋਂ ਖੋਹ ਲਵੇ। (11-3) - ਜਦੋਂ ਯੱਗ ਦੇ ਦੋ ਜਾਂ ਤਿੰਨ ਹਿੱਸੇ ਅਪੂਰਨ ਰਹਿ ਜਾਣ ਤਾਂ ਸ਼ੂਦਰਾਂ ਦੇ ਘਰਾਂ ਨੂੰ ਲੁੱਟ ਕੇ ਯੱਗ ਨੂੰ ਪੂਰਾ ਕੀਤਾ ਜਾਵੇ। (1-91) - ਈਸ਼ਵਰ ਨੇ ਸ਼ੂਦਰਾਂ ਲਈ ਇਹੀ ਕੰਮ ਕਰਨ ਦਾ ਆਦੇਸ਼ ਦਿੱਤਾ ਹੈ ਕਿ ਉਹ ਤਿੰਨਾਂ ਵਰਨਾਂ (ਸਵਰਨਾਂ) ਦੀ ਸੇਵਾ ਕਰਨ। (8-313) - ਜੇਕਰ ਇਹ ਨੀਚ ਵਰਗ ਆਪਣੇ ਕੰਮ ਨੂੰ (ਸੇਵਾ ਭਾਵ ਗੁਲਾਮੀ ਨੂੰ) ਨਹੀਂ ਕਰਨਗੇ ਤਾਂ ਸਾਰੇ ਜਗਤ ਨੂੰ ਦੁਖੀ ਬਣਾ ਦੇਣਗੇ। (10-125) - ਸ਼ੂਦਰਾਂ ਨੂੰ ਖਾਣ ਲਈ ਉੱਚ ਜਾਤੀਆਂ ਦੀ ਜੂਠ, ਪਹਿਨਣ ਲਈ ਫਟੇ-ਪੁਰਾਣੇ ਕੱਪੜੇ ਤੇ ਜੇਕਰ ਉਨ੍ਹਾਂ ਨੂੰ ਅੰਨ ਦੇਣਾ ਹੋਵੇ ਤਾਂ ਬਿਲਕੁਲ ਘਟੀਆ ਅੰਨ ਦਿੱਤਾ ਜਾਵੇ। ਕੁੱਤਿਆਂ, ਪਤਿਤਾਂ, ਨੀਚ, ਪਾਪੀ, ਰੋਗੀ, ਕਾਵਾਂ ਤੇ ਕੀੜਿਆਂ ਨੂੰ ਜੇਕਰ ਚੀਜ਼ ਦੇਣੀ ਹੋਵੇ ਤਾਂ ਦੂਰੋਂ ਹੀ ਸੁੱਟ ਦਿੱਤੀ ਜਾਵੇ। (10-52) - ਇਹ ਸ਼ੂਦਰ ਮੁਰਦਿਆਂ ਦੇ ਕੱਪੜੇ ਲਾਹ ਕੇ ਪਹਿਨਣ, ਟੁੱਟੇ ਬਰਤਨਾਂ ਵਿਚ ਰੋਟੀ ਖਾਣ, ਲੋਹੇ ਦੇ ਗਹਿਣੇ ਪਹਿਨਣ ਤੇ ਏਧਰ ਓਧਰ ਪਿੰਡਾਂ ਵਿਚ ਘੁੰਮਦੇ ਰਹਿਣ। (10-54) - ਇਨ੍ਹਾਂ ਦੀ ਰੋਜ਼ੀ ਵੀ ਉੱਚ ਜਾਤੀਆਂ ਦੇ ਅਧੀਨ ਹੈ। ਇਨ੍ਹਾਂ ਨੂੰ ਟੁੱਟੇ ਬਰਤਨਾਂ ਵਿਚ ਅੰਨ ਦੇਣਾ ਚਾਹੀਦਾ ਹੈ। ਇਹ ਲੋਕ ਸ਼ਾਮ ਜਾਂ ਰਾਤ ਸਮੇਂ ਪਿੰਡ ਜਾਂ ਸ਼ਹਿਰ ਤੋਂ ਬਾਹਰ ਨਾ ਨਿਕਲਣ। (12-131) - ਸ਼ੂਦਰਾਂ ਦੀ ਹੱਤਿਆ ਕੁੱਤੇ ਦੇ ਬਰਾਬਰ ਹੈ।

ਅਪਸਤੰਭ ਧਰਮ ਸੂਤਰ (1,4,5) - ਚਾਰ ਵਰਣ ਹਨ - ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਇਨ੍ਹਾਂ ਚਾਰਾਂ ਵਰਣਾਂ 'ਚੋਂ ਹਰ ਕੋਈ ਵਰਣ ਕਰਮ ਅਨੁਸਾਰ ਆਪਣੇ ਨਿਚਲੇ ਵਰਗ ਤੋਂ ਉਤਮ ਹੈ। ਸ਼ੂਦਰ ਪਤਿਤ ਹੈ। ਉਸ ਨੂੰ ਛੱਡ ਕੇ ਬਾਕੀ ਤਿੰਨਾਂ ਵਰਣਾਂ ਨੂੰ ਜਨੇਊ ਪਾਉਣ, ਵੇਦ ਪਾਠ ਅਤੇ ਯੱਗ ਕਰਨ ਦਾ ਅਧਿਕਾਰ ਹੈ।

ਮਨੂੰ ਸਿਮਰਤੀ (4/60) - ਸ਼ੂਦਰ ਦੇ ਰਾਜ ਵਿਚ ਵੱਸਣਾ ਨਹੀਂ ਚਾਹੀਦਾ।

ਬਿਰਧ ਅਤਰ ਸਹਿੰਤਾ (ਅ-5) - ਸ਼ੂਦਰ ਦਾ ਅੰਨ ਖਾ ਕੇ ਬ੍ਰਾਹਮਣ ਸੱਤ ਜਨਮ ਕੁੱਤਾ ਹੁੰਦਾ ਹੈ, ਸੱਤ ਜਨਮ ਸੂਰ ਅਤੇ ਅੱਠ ਜਨਮ ਗਿਰਝ ਬਣਦਾ ਹੈ।

ਮਨੂੰ ਸਿਮਰਤੀ (10/96) - ਜੇ ਸ਼ੂਦਰ ਉੱਚ ਜਾਤੀ ਵਾਲੇ ਕੰਮ ਕਰਕੇ ਧਨ ਕਮਾ ਲਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਤੋਂ ਧਨ ਖੋਹ ਕੇ ਉਸ ਨੂੰ ਦੇਸ ਨਿਕਾਲਾ ਦੇ ਦੇਵੇ।

ਬ੍ਰਹਮ ਸੂਤਰ (13/38) - ਸ਼ੂਦਰਾਂ ਨੂੰ ਗਿਆਨ ਨਹੀਂ ਦੇਣਾ ਚਾਹੀਦਾ। ਸ਼ੂਦਰ ਸ਼ਮਸ਼ਾਨ ਭੂਮੀ ਦੇ ਬਰਾਬਰ ਹੁੰਦਾ ਹੈ। ਇਸ ਲਈ ਉਸ ਦੇ ਲਾਗੇ ਖੜਨਾ ਵੀ ਨਹੀਂ ਚਾਹੀਦਾ।

ਗੌਤਮ ਧਰਮ ਸੂਤਰ (20, 4-5) - ਜੇਕਰ ਸ਼ੂਦਰ ਵੇਦਾਂ ਨੂੰ ਜਾਣ ਬੁੱਝ ਸੁਣੇ ਜਾਂ ਪੜ੍ਹੇ ਤਾਂ ਉਸ ਦੇ ਕੰਨਾਂ ਵਿਚ ਪਿਘਲਾਇਆ ਹੋਇਆ ਸ਼ੀਸ਼ਾ (ਸਿੱਕਾ ਜਾਂ ਲੋਹਾ) ਪਾ ਦਿਓ। ਜੇਕਰ ਉਹ ਵੇਦਾਂ ਦਾ ਉਚਾਰਨ ਕਰੇ ਤੇ ਵੇਦਾਂ ਨੂੰ ਯਾਦ ਕਰ ਲਵੇ ਤਾਂ ਉਸ ਦੇ ਟੁਕੜੇ ਕਰ ਦਿਓ।

ਪਰਾਸ਼ਰ ਸਿਮਰਤੀ (8/33) - ਸ਼ੂਦਰ ਜਾਤੀ ਦਾ ਵਿਅਕਤੀ ਚਾਹੇ ਕਿੰਨਾ ਵੀ ਸੁਘੜ ਸਿਆਣਾ ਹੋਵੇ ਉਹ ਆਦਰ ਯੋਗ ਨਹੀਂ। (6/26) ਚੰਡਾਲ ਦਾ ਬਰਤਨ ਜੇ ਖੂਹ ਨਾਲ ਲੱਗ ਜਾਵੇ ਤੇ ਖੂਹ ਤੋਂ ਕੋਈ ਪਾਣੀ ਪੀ ਲਵੇ ਤਾਂ ਉਸ ਨੂੰ ਤਿੰਨ ਦਿਨ ਤੱਕ ਗਊ ਦਾ ਪਿਸ਼ਾਬ ਪੀਣਾ ਚਾਹੀਦਾ ਹੈ।

ਨਾਰਦ ਸਿਮਰਤੀ (ਅ. 5) - ਸ਼ੂਦਰ ਦਾ ਕੰਮ ਦਰਵਾਜ਼ਿਆਂ, ਟੱਟੀ ਖਾਨਿਆਂ, ਸੜਕਾਂ 'ਤੇ ਕੂੜਾ ਸੁੱਟਣ ਦੀ ਥਾਂ ਝਾੜੂ ਫੇਰਨਾ, ਸਰੀਰ ਦੇ ਗੁਪਤ ਅੰਗਾਂ ਦੀ ਮਾਲਿਸ਼ ਕਰਨਾ, ਜੂਠਾ ਭੋਜਨ ਅਤੇ ਟੱਟੀ ਪਿਸ਼ਾਬ ਇਕੱਠਾ ਕਰਕੇ ਸੁੱਟਣਾ।

ਅੱਜ ਜਦੋਂ ਕਿ ਗੁਰਬਾਣੀ ਅਤੇ ਅੰਬੇਡਕਰਇਡਜ਼ਮ ਦੇ ਕਾਰਨ ਦਲਿਤ ਚੇਤਨਾ ਪੂਰੇ ਦੇਸ ਵਿਚ ਸਿਆਸੀ ਸਾਮਾਜਿਕ ਅਤੇ ਧਾਰਮਿਕ ਪੱਧਰ 'ਤੇ ਬ੍ਰਾਹਮਣਵਾਦ ਦੇ ਖਿਲਾਫ ਉਠ ਰਹੀ ਹੈ ਤਾਂ ਸਮਾਜ ਵਿਚ ਅਨਾਰਕੀ ਤੇ ਗੜਬੜ ਫੈਲਣ ਦਾ ਖਤਰਾ ਪੈਦਾ ਹੋ ਗਿਆ ਹੈ, ਜਿਸ ਦੀ ਜ਼ਿੰਮੇਵਾਰੀ ਬ੍ਰਾਹਮਣਵਾਦ 'ਤੇ ਆਉਂਦੀ ਹੈ, ਕਿਉਂਕਿ ਅਜਿਹਾ ਸਿਸਟਮ ਉਸ ਦੀ ਹੀ ਦੇਣ ਹੈ, ਜੋ ਮਨੁੱਖ ਨੂੰ ਪਸ਼ੂ ਦੇ ਨਿਆਂਈ ਸਿਰਜ ਕੇ ਆਪਣੀ ਅਜ਼ਾਦੀ ਭਾਲਦਾ ਹੈ ਅਤੇ ਆਪਣੇ ਐਸ਼ ਪ੍ਰਸਤੀ ਦੇ ਸਾਧਨ ਸਿਰਜਦਾ ਹੈ।

ਸੰਤ ਗੁਰੂਆਂ ਦੀ ਬ੍ਰਹਿਮੰਡੀ ਵਿਚਾਰਧਾਰਾ (ਸਿੱਖ ਧਰਮ), ਬੁੱਧਇਜ਼ਮ, ਈਸਾਈ ਮੱਤ, ਇਸਲਾਮ ਅਤੇ ਅੰਬੇਡਕਰਇਜ਼ਮ ਸਭ ਸਮਾਜ ਦੀ ਬਰਾਬਰੀ ਦੇ ਹੱਕ ਵਿਚ ਹਨ। ਖਾਸ ਕਰਕੇ ਬੁੱਧਇਜ਼ਮ, ਸੰਤ ਗੁਰੂਆਂ ਦਾ ਸਿਧਾਂਤ (ਗੁਰਮਤਿ ਵਿਚਾਰਧਾਰਾ) ਅਤੇ ਅੰਬੇਡਕਰਇਜ਼ਮ ਬ੍ਰਾਹਮਣਵਾਦ ਦੇ ਇਸ ਮਾਇਆਵਾਦੀ ਸਿਧਾਂਤ ਨੂੰ ਸਿਰਫ ਰੱਦ ਹੀ ਨਹੀਂ ਕਰਦੇ, ਸਗੋਂ ਇਸ ਉਪਰ ਕਰੜੀ ਚੋਟ ਕਰਕੇ ਸਰਬੱਤ ਦੇ ਭਲੇ ਦੇ ਸਮਾਜ ਦੀ ਸਿਰਜਣਾ ਕਰਨ ਦਾ ਸੁਨੇਹਾ ਦਿੰਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਵਰਨ ਵੰਡ/ਜਾਤੀਪਾਤੀ ਸਿਸਟਮ ਨੂੰ ਰੱਦ ਕਰਦੇ ਹੋਏ ਫੁਰਮਾਉਂਦੇ ਹਨ ਕਿ ਜਾਤ ਅਤੇ ਸ਼ਾਨ ਦਾ ਘੁਮੰਡ ਫਜ਼ੂਲ ਹੈ, ਕਿਉਂਕਿ ਸਭ ਜੀਅ ਅਕਾਲ ਪੁਰਖ ਦੇ ਬਣਾਏ ਹੋਏ ਹਨ ;

ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੩)

ਸਿੱਖੀ ਦਾ ਇਹ ਬ੍ਰਹਿਮੰਡੀ ਸੰਕਲਪ ਕੁਦਰਤੀ ਬਰਾਬਰੀ ਨੂੰ ਪ੍ਰਗਟਾਉਂਦਾ ਹੈ, ਜਿਸ ਦਾ ਅਰਥ ਹੈ ਕਿ ਸਾਰੇ ਮਨੁੱਖ ਇਕੋ ਸਾਂਝੇ ਸਰੋਤ ਵਿਚੋਂ ਪੈਦਾ ਹੋਏ ਹਨ ਅਰਥਾਤ ਅਕਾਲ ਪੁਰਖ ਦੀ ਰਚਨਾ ਹਨ, ਇਸ ਤਰ੍ਹਾਂ ਉਚੇ, ਨੀਵੇਂ ਦਾ ਸਵਾਲ ਬੇਅਰਥ ਹੈ ;

ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬)

ਸੰਤ-ਗੁਰੂਆਂ ਦੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ ਜੋ ਕਿ ਸੀਸ ਤਲੀ 'ਤੇ ਰੱਖਣ ਦਾ ਕੌਤਕ ਸੀ, ਉਹ ਵਰਨ ਵੰਡ 'ਤੇ ਕਰਾਰੀ ਚੋਟ ਸੀ, ਜਿਨ੍ਹਾਂ ਨੇ ਦਲਿਤਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਕੇ ਲੜਨ ਮਰਨ ਦਾ ਵੱਲ ਹੀ ਨਹੀਂ ਸਿਖਾਇਆ, ਸਗੋਂ ਰਾਜ ਕਰਨ ਦੀ ਜਾਚ ਵੀ ਸਿਖਾਈ। ਬੂਟੇ ਸ਼ਾਹ "ਤਵਾਰੀਖੇ ਪੰਜਾਬ" ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਿਰਜਣਾ ਸਮੇਂ ਦਿੱਤੇ ਭਾਸ਼ਣ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ, "ਅੰਮ੍ਰਿਤ ਦੀ ਰਸਮ ਪੂਰੀ ਕਰਕੇ ਗੁਰੂ ਜੀ ਨੇ ਸਿੱਖ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਧਰਮ ਦੇ ਵਖਰੇਵਿਆਂ ਨੂੰ ਖਤਮ ਕਰਕੇ ਇਕੋ ਧਰਮ ਨੂੰ ਅਪਨਾ ਲਓ। ਹਿੰਦੂਆਂ ਦੀਆਂ ਚਾਰੇ ਜਾਤਾਂ ਜੋ ਵੱਖ-ਵੱਖ ਵਰਗਾਂ ਲਈ ਵੱਖ-ਵੱਖ ਨਿਯਮ ਨਿਰਧਾਰਿਤ ਕਰਦੀਆਂ ਹਨ, ਸਭ ਨੂੰ ਖਤਮ ਕਰਕੇ ਭਜਨ ਪਾਠ ਦਾ ਇਕੋ ਹੀ ਢੰਗ ਅਪਨਾਓ ਅਤੇ ਭਰਾ-ਭਰਾ ਬਣ ਜਾਓ। ਆਪਣੇ ਆਪ ਨੂੰ ਕਿਸੇ ਨਾਲੋਂ ਉੱਚਾ ਨਾ ਸਮਝੋ।"

ਡਾ. ਅੰਬੇਡਕਰ ਬ੍ਰਾਹਮਣਵਾਦ ਦੀ ਵਰਨ ਵੰਡ 'ਤੇ ਟਿੱਪਣੀ ਕਰਦੇ ਹੋਏ ਆਪਣੀ ਪੁਸਤਕ 'ਜਾਤ-ਪਾਤ ਦਾ ਬੀਜ ਨਾਸ਼' ਪੰਨਾ 48 ਉਪਰ ਆਖਦੇ ਹਨ ;

"ਜਾਤ ਪਾਤ ਸਿਸਟਮ ਕੇਵਲ ਮਿਹਨਤ ਦੀ ਵੰਡ ਨਹੀਂ ਹੈ, ਇਹ ਮਿਹਨਤਕਸ਼ਾਂ ਦੀ ਵੰਡ ਵੀ ਹੈ। ਜਾਤ ਪਾਤ ਸਿਸਟਮ ਕੇਵਲ ਮਿਹਨਤ ਦੀ ਵੰਡ ਤੋਂ ਬਿਲਕੁਲ ਅੱਡ ਕਿਸਮ ਦੀ ਮਿਹਨਤ ਕਰਨ ਵਾਲਿਆਂ ਦੀ ਵੰਡ ਹੀ ਨਹੀਂ, ਸਗੋਂ ਇਹ ਇਕ ਅਜਿਹਾ ਪਿਤਾ ਪੁਰਖੀ ਸ਼ਾਸ਼ਨ ਹੈ, ਜਿਸ ਵਿਚ ਮਿਹਨਤ ਕਰਨ ਵਾਲਿਆਂ ਨੂੰ ਇਕ ਦੇ ਉਪਰ ਦੂਜਾ ਦਰਜੇ ਵਾਰ ਵੰਡਿਆ ਜਾਂਦਾ ਹੈ। ਜਾਤ ਪਾਤ ਸਿਸਟਮ ਸਾਂਝੀ ਸਰਗਰਮੀ ਨੂੰ ਰੋਕਦਾ ਹੈ, ਸਾਂਝੀ ਸਰਗਰਮੀ ਨੂੰ ਰੋਕ ਕੇ ਇਹਨੇ ਹਿੰਦੂਆਂ ਨੂੰ ਇਕ ਅਜਿਹਾ ਸਮਾਜ ਬਣਨ ਤੋਂ ਰੋਕ ਦਿੱਤਾ ਹੈ, ਜਿਸ ਦਾ ਏਕਤਾ ਭਰਿਆ ਜੀਵਨ ਹੋਵੇ ਅਤੇ ਜਿਸ ਨੂੰ ਆਪਣੀ ਹਸਤੀ ਦੀ ਅਨੁਭਵਤਾ ਹੋਵੇ।"

ਇਸ ਤਰ੍ਹਾਂ ਬ੍ਰਾਹਮਣਵਾਦ ਦਾ ਵਰਨ ਵੰਡ ਸਿਧਾਂਤ ਮਨੁੱਖੀ ਏਕਤਾ ਅਤੇ ਕੁਦਰਤੀ ਵਾਤਾਵਰਨ ਨੂੰ ਖੇਰੂੰ-ਖੇਰੂੰ ਕਰਦਾ ਹੈ, ਜੋ ਕਿ ਕੁਦਰਤੀ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।

ਅਵਤਾਰਵਾਦ ਮਨੁੱਖ ਨੂੰ ਕਰੋੜਾਂ ਦੇਵੀ, ਦੇਵਤਿਆਂ ਦੀ ਪੂਜਾ ਦੇ ਭਿਅੰਕਰ ਚੱਕਰਵਿਊ ਵਿਚ ਜਕੜਨ ਦਾ ਸਾਧਨ ਹੈ ਜੋ ਕਿ ਮਨੁੱਖ ਨੂੰ ਕਿਸਮਤਵਾਦੀ, ਅੰਧਵਿਸ਼ਵਾਸੀ ਅਤੇ ਡਰਪੋਕ ਬਣਾ ਦਿੰਦਾ ਹੈ। ਸ਼ਾਸਤਰਾਂ, ਸਿਮਰਤੀਆਂ, ਮਹਾਂਭਾਰਤ, ਤੁਲਸੀ ਰਮਾਇਣ, ਮਨੂੰ ਸਿਮਰਤੀ ਆਦਿ ਜੋ ਕਿ ਬ੍ਰਾਹਮਣਵਾਦ ਦੀ ਮਾਇਆ ਦੇ ਪਸਾਰੇ ਦੇ ਵਿਚਾਰਧਾਰਕ ਹਥਿਆਰ ਹਨ, ਉਨ੍ਹਾਂ ਵਿਚ ਦੇਵੀ-ਦੇਵਤਿਆਂ ਸਬੰਧੀ ਅਸ਼ਲੀਲ ਵਰਣਨ ਉਪਲਬਧ ਹਨ, ਜਿਸ ਦਾ ਅਸਲੀ ਜੀਵਨ ਨਾਲ ਕੋਈ ਸਬੰਧ ਨਹੀਂ। ਸ੍ਰੀ ਮਦਭਗਵਦ (ਸੰਕਧ 1 ਅ-20) (35-39) - ਇੰਦਰ ਆਦਿ ਦੇਵਤਿਆਂ ਦੇ ਗੁਰੂ ਬ੍ਰਹਿਸਪਤੀ ਨੇ ਆਪਣੇ ਹੀ ਭਾਈ ਦੀ ਗਰਭਵਤੀ ਔਰਤ ਮਮਤਾ ਨਾਲ ਜਬਰਦਸਤੀ ਸੰਭੋਗ ਕੀਤਾ। ਮਹਾਂ ਭਾਰਤ (ਆਦਿ ਪਰਵ ਅ - 63, 95-96) ਦੇਵਤਿਆਂ ਦੇ ਪਿਤਾ ਮਹਾਂਰਿਸ਼ੀ (ਬ੍ਰਾਹਮਣ) ਪਰਾਸ਼ਰ ਨੇ ਯਮੁਨਾ ਨਦੀ ਪਾਰ ਕਰ ਰਹੀ ਸਤਿਆਵਤੀ ਨਾਲ ਉਸ ਦੇ ਲੱਖ ਮਨਾ ਕਰਨ 'ਤੇ ਵੀ ਭੋਗ ਕੀਤਾ। ਸਤਿਆਵਤੀ ਨੇ ਇਹ ਵੀ ਕਿਹਾ ਕਿ ਉਹ ਉਸ ਦੀ ਲੜਕੀ ਦੇ ਸਮਾਨ ਹੈ।

ਰਿਗਵੇਦ (10, 5-61/6) ਵਿਚ ਪਰਜਾਪਤੀ ਦੇ ਹੀ ਆਪਣੀ ਪੁੱਤਰੀ ਊਸ਼ਾ ਨਾਲ ਕਾਮ ਸੰਬੰਧ ਦੱਸੇ ਗਏ ਹਨ, ਜਿਸ ਤੋਂ ਰੁਦਰ ਦੇਵਤਾ ਪੈਦਾ ਹੋਇਆ। ਕਥਾ ਇਸ ਤਰ੍ਹਾਂ ਹੈ : ਜਦੋਂ ਪੁੱਤਰੀ ਪਿਤਾ ਤੋਂ ਡਰ ਕੇ ਭੱਜੀ ਤਾਂ ਪਿਤਾ ਪਿੱਛਾ ਕਰਨ ਲੱਗਿਆ। ਊਸ਼ਾ ਕਈ ਪ੍ਰਕਾਰ ਦੇ ਮਾਦਾ ਜਾਨਵਰਾਂ ਦਾ ਰੂਪ ਧਾਰਨ ਕਰਦੀ ਰਹੀ, ਪ੍ਰੰਤੂ ਪਿਤਾ ਵੀ ਉਸ ਜਾਨਵਰ ਦੇ ਨਰ ਰੂਪ ਵਿਚ ਪ੍ਰਗਟ ਹੋਣ ਲੱਗੇ ਅਤੇ ਅੰਤ ਮਨੋਰਥ ਪੂਰਾ ਕਰ ਹੀ ਲਿਆ। ਬੁੱਧਇਜ਼ਮ, ਗੁਰਬਾਣੀ ਅਤੇ ਅੰਬੇਡਕਰਇਜ਼ਮ ਵਿਚ ਇਨ੍ਹਾਂ ਬ੍ਰਾਹਮਣੀ ਗ੍ਰੰਥਾਂ ਨੂੰ ਰੱਦ ਕਰਕੇ ਮਨੁੱਖ ਨੂੰ ਬ੍ਰਹਿਮੰਡੀ ਚੇਤਨਾ ਨਾਲ ਜੋੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਅਨੁਸਾਰ ਜੋ ਮਨੁੱਖ ਸ਼ਾਸਤਰ ਵੇਦ ਪੜ੍ਹ ਕੇ, ਵਿਚਾਰ ਕਰਕੇ ਅਮਲੀ ਜ਼ਿੰਦਗੀ ਦਾ ਅੰਗ ਬਣਾਉਂਦਾ ਹੈ, ਉਹ ਪਖੰਡ, ਮੈਲ ਵਿਚ ਗ੍ਰਸਿਆ ਜਾਂਦਾ ਹੈ, ਉਸ ਦੀ ਮਾਨਸਿਕਤਾ ਕਪਟ ਨਾਲ ਜੁੜ ਜਾਂਦੀ ਹੈ ;

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੩੫)

ਡਾ. ਅੰਬੇਡਕਰ ਇਸੇ ਲਈ ਆਖਦੇ ਹਨ ਕਿ "ਤੁਹਾਨੂੰ ਉਸੇ ਅਸੂਲ ਉਪਰ ਡਟ ਕੇ ਖੜ੍ਹਾ ਹੋਣਾ ਪਵੇਗਾ ਜਿਸ ਉੱਤੇ ਤਥਾਗਤ ਬੁੱਧ ਡਟ ਕੇ ਖਲੋਤੇ ਸਨ। ਤੁਹਾਨੂੰ ਉਸੇ ਅਸੂਲ 'ਤੇ ਡਟ ਕੇ ਖੜੇ ਹੋਣਾ ਪਵੇਗਾ, ਜਿਸ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਡਟ ਕੇ ਖਲੋਤੇ ਸਨ। ਤੁਹਾਨੂੰ ਕੇਵਲ ਇਹ ਹੀ ਨਹੀਂ ਕਰਨਾ ਚਾਹੀਦਾ ਕਿ ਸ਼ਾਸਤਰਾਂ ਨੂੰ ਛੱਡ ਦਿੱਤਾ ਜਾਵੇ, ਸਗੋਂ ਤੁਹਾਨੂੰ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਨ੍ਹਾਂ ਸ਼ਾਸਤਰਾਂ ਦੇ ਹੁਕਮਾਂ ਨੂੰ ਗਲਤ ਕਹਿਣਾ ਚਾਹੀਦਾ ਹੈ।" (ਜਾਤ-ਪਾਤ ਦੇ ਬੀਜ ਨਾਸ਼, ਪੰਨਾ 92)

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲੋਕਾਈ ਨੂੰ ਦੇਵੀ-ਦੇਵਤਿਆਂ ਦੇ ਮਾਇਆ ਜਾਲ ਨੂੰ ਰੱਦ ਕਰਕੇ ੧ਓ ਦੇ ਬ੍ਰਹਿਮੰਡੀਕਰਨ ਨਾਲ ਜੋੜਿਆ ਅਤੇ ਦੱਸਿਆ ਅਕਾਲ ਪੁਰਖ ਸਰਬ ਸ਼ਕਤੀਮਾਨ, ਅਜੂਨੀ, ਨਿਰਭਉ, ਨਿਰਵੈਰ, ਅਕਾਲ ਮੂਰਤ ਹੈ, ਪਰ ਇਸ ਦੇ ਉਲਟ ਕਿਸ਼ਨ, ਰਾਮ, ਅਨੇਕਾਂ ਦੇਵੀ ਦੇਵਤੇ, ਵੇਦ ਵਿਚਾਰ ਸਭ ਧੂੜ ਸਮਾਨ ਹਨ ਅਤੇ ਭਰਮ ਭਾਉ ਵਿਚ ਗ੍ਰਸੇ ਹੋਏ ਹਨ ;

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੬੪)

ਬ੍ਰਾਹਮਣਵਾਦ ਬਹੁਤ ਚਲਾਕ ਤੇ ਫ਼ਰੇਬੀ ਹੈ, ਇਸ ਨੇ ਭਾਰਤ ਵਿਚ ਪੈਦਾ ਹੋਏ ਹਰ ਮੱਤ ਨੂੰ ਹੜੱਪ ਲਿਆ। ਜੈਨ ਤੇ ਬੁੱਧ ਮੱਤਾਂ ਨੇ ਬ੍ਰਾਹਮਣਾਂ ਦੀਆਂ ਰਸਮਾਂ ਨੂੰ ਲਲਕਾਰਿਆ ਪਰ ਇਸ ਨੇ ਜਵਾਬ ਵਿਚ ਬੁੱਧ ਅਤੇ ਮਹਾਂਵੀਰ ਨੂੰ ਪੈਗੰਬਰ ਬਣਾ ਕੇ ਉਨ੍ਹਾਂ ਦੀਆਂ ਚੁਣੌਤੀਆਂ ਨੂੰ ਖੁੰਢਾ ਕਰ ਦਿੱਤਾ। ਦਰਾਵੜਾਂ ਦੇ ਪੈਗੰਬਰਾਂ ਨੂੰ ਵੀ ਆਪਣੇ ਵਿਚ ਸਮੋ ਲਿਆ। ਇਸੇ ਤਰ੍ਹਾਂ ਇਸ ਨੇ ਸਿੱਖ ਲਹਿਰ ਨੂੰ ਢਾਹ ਲਾਈ।

ਬ੍ਰਾਹਮਣਵਾਦ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਪਰ ਇਸ ਦੇ ਹਮਾਇਤੀਆਂ ਨੇ ਭਾਰਤ ਦੇ ਲੋਕਾਂ ਉੱਤੇ ਇਸਦੀ ਪਕੜ ਢਿੱਲੀ ਨਹੀਂ ਪੈਣ ਦਿੱਤੀ। ਭਗਵਤ ਗੀਤਾ ਨੇ ਕਰਮ ਦਾ ਸਿਧਾਂਤ ਹਿੰਦੂ ਧਰਮ ਦਾ ਪ੍ਰਮੁੱਖ ਹਿੱਸਾ ਬਣਾ ਦਿੱਤਾ ਅਤੇ ਨਾਲ ਹੀ ਧਰਮ ਦੀ ਪਰਖ ਦਾ ਜੱਜ ਬ੍ਰਾਹਮਣ ਨੂੰ ਸਥਾਪਤ ਕਰ ਦਿੱਤਾ। ਮਸ਼ਹੂਰ ਵਿਦਵਾਨ ਅਲਬਰੂਨੀ ਅਨੁਸਾਰ ਬ੍ਰਾਹਮਣ ਘੁਮੰਡੀ, ਅਭਿਮਾਨੀ, ਆਪਣੇ ਆਪ ਨੂੰ ਵੱਡਾ ਸਮਝਣ ਵਾਲਾ ਹੰਕਾਰੀ ਵਿਅਕਤੀ ਹੈ। ਇਸ ਨੂੰ ਗ਼ਲਤ ਵਹਿਮ ਹੈ ਕਿ ਇਸ ਦੇ ਦੇਸ਼ ਵਰਗਾ ਨਾ ਕੋਈ ਦੇਸ਼, ਨਾ ਕੋਈ ਕੌਮ, ਨਾ ਕੋਈ ਰਾਜਾ ਅਤੇ ਨਾ ਹੀ ਕੋਈ ਸਾਇੰਸ ਹੈ। ਪੁਰੋਹਿਤ ਨੇ ਭਾਰਤੀ ਲੋਕਾਂ ਨੂੰ ਚਾਰ ਵਰਣਾਂ ਵਿਚ ਵੰਡਿਆ ਅਤੇ ਆਪਣੇ ਆਪ ਨੂੰ ਬ੍ਰਾਹਮਣ ਬਣਾ ਕੇ ਪਹਿਲੇ ਨੰਬਰ 'ਤੇ ਰੱਖ ਲਿਆ। ਚੌਥਾ ਵਰਣ ਸ਼ੂਦਰ (ਦਾਸ-ਗ਼ੁਲਾਮ) ਸਮਾਜ ਵਿੱਚੋਂ ਛੇਕੇ ਹੋਏ ਜਾਂ ਅਛੂਤ ਸਮਝੇ ਜਾਂਦੇ ਸਨ। ਵਰਣ ਦਾ ਅਰਥ ਰੰਗ ਹੈ। ਅਸਲ ਵਿਚ ਇਹ ਲੋਕ ਦਰਾਵੜ ਸਨ, ਜਿਨ੍ਹਾਂ ਦਾ ਰੰਗ ਆਰੀਅਨ ਲੋਕਾਂ ਨਾਲੋਂ ਕਾਲਾ ਸੀ। ਇਸ ਤਰ੍ਹਾਂ ਹੋਰ ਵੀ ਲੋਕ ਸਨ, ਜਿਨ੍ਹਾਂ ਨੂੰ ਸਵਰਨ ਕਹਿੰਦੇ ਸਨ। ਇਨ੍ਹਾਂ ਲਈ ਕੇਵਲ ਮੁਰਦਿਆਂ ਦਾ ਉਤਾਰ ਪਹਿਨਣਾ, ਖਾਣ ਲਈ ਟੁੱਟੇ ਹੋਏ ਭਾਂਡੇ ਵਰਤਣਾ, ਲੋਹੇ ਦੇ ਗਹਿਣੇ ਪਾਉਣਾ ਹੀ ਯੋਗ ਸੀ ਅਤੇ ਇਨ੍ਹਾਂ ਲਈ ਕਿਸੇ ਇਕ ਥਾਉਂ ਪੱਕੇ ਨਿਵਾਸ ਦੀ ਮਨਾਹੀ ਸੀ। ਬ੍ਰਾਹਮਣਵਾਦ ਨੇ ਵਿਦੇਸ਼ੀਆਂ ਦੇ ਹਮਲਿਆਂ ਤੋਂ ਬਹੁਤ ਮਾਰ ਤਾਂ ਖਾਧੀ ਪਰ ਵਿਦੇਸ਼ੀਆਂ ਨਾਲ ਲੜਨ ਲਈ ਭਾਰਤੀ ਲੋਕਾਂ ਵਿਚ ਏਕਤਾ ਨਹੀਂ ਬਣਾਈ ਕਿਉਂਕਿ ਉਨ੍ਹਾਂ ਨੂੰ ਨੀਵੀਂਆਂ ਜਾਤਾਂ ਤੋਂ ਨਫ਼ਰਤ ਸੀ। ਮਹਿਮੂਦ ਗਜ਼ਨੀ ਨੇ 1005 ਤੋਂ ਲੈ ਕੇ 1021 ਤਕ 17 ਹਮਲੇ ਕੀਤੇ। ਇਕ ਵਾਰੀ ਉਸ ਨੇ, ਰਾਤ ਹੋਣ ਕਰਕੇ ਜਦ ਲੜਾਈ ਬੰਦ ਸੀ, ਆਪਣੇ ਜਸੂਸ ਭੇਜੇ। ਜਸੂਸਾਂ ਨੇ ਉਸ ਨੂੰ ਦੱਸਿਆ ਕਿ ਦੁਸ਼ਮਣਾਂ ਦੀ ਗਿਣਤੀ ਤਾਂ ਬਹੁਤ ਹੈ ਪਰ ਉਨ੍ਹਾਂ ਦੇ ਚੁੱਲ੍ਹੇ ਚਾਰ ਹਨ। ਗਜ਼ਨੀ ਨੇ ਭਵਿੱਖਬਾਣੀ ਕੀਤੀ, "ਜਿਹੜੇ ਲੋਕ ਇਕ ਚੁੱਲ੍ਹੇ ਵਿੱਚੋ ਨਹੀਂ ਖਾ ਸਕਦੇ, ਉਹ ਕਿਵੇਂ ਇਕੱਠੇ ਹੋ ਕੇ ਲੜ ਸਕਦੇ ਹਨ ?" ਇਹ ਸੱਚ ਸਾਬਤ ਹੋਇਆ।

ਇਸੇ ਤਰ੍ਹਾਂ ਹੀ ਮੁਹੰਮਦ ਗੌਰੀ ਨੇ 1175 ਤੋਂ ਲੈ ਕੇ 1205 ਤਕ 7 ਹਮਲੇ ਕੀਤੇ ਅਤੇ ਭਾਰਤ ਨੂੰ ਲੁਟਿਆ। ਦੁਸ਼ਮਣਾਂ ਦੇ ਹਮਲਿਆਂ ਨੂੰ ਰੋਕਣ ਲਈ ਵੀ ਬ੍ਰਾਹਮਣਾਂ ਨੇ ਪਾਠ ਪੂਜਾ ਨੂੰ ਤਰਜੀਹ ਦਿੱਤੀ ਕਿਉਂਕਿ ਇਹ ਉਨ੍ਹਾਂ ਦੀ ਕਮਾਈ ਦਾ ਵਸੀਲਾ ਸੀ। ਇਕ ਵਾਰ ਜਦ ਪਤਾ ਲੱਗ ਚੁੱਕਾ ਸੀ ਕਿ ਗਜ਼ਨੀ ਨੇ ਹਮਲਾ ਕਰਨਾ ਹੈ, ਬ੍ਰਾਹਮਣਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਐਸੀ ਪਾਠ ਪੂਜਾ ਕਰਨਗੇ ਕਿ ਗਜ਼ਨੀ ਭਗਵਾਨ ਦੇ ਘਰ ਅੰਦਰ ਨਹੀਂ ਆ ਸਕੇਗਾ। ਲੋਕ ਸੋਮਨਾਥ ਮੰਦਰ ਵਿਚ ਜਾ ਵੜੇ। ਬ੍ਰਾਹਮਣ ਜਿੰਦਾ ਕੁੰਡਾ ਲਾ ਕੇ ਮੰਦਰ ਅੰਦਰ ਪਾਠ ਪੂਜਾ ਕਰਨ ਲੱਗ ਪਏ। ਗਜ਼ਨੀ ਆਇਆ, ਜਿੰਦਾ ਤੋੜਿਆ, 50 ਹਜ਼ਾਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਸੁਹਣੀਆਂ ਅਤੇ ਮੁਟਿਆਰ ਕੁੜੀਆਂ ਨੂੰ ਅਗਵਾ ਕੀਤਾ ਅਤੇ ਮੰਦਰ ਤੋਂ ਸੋਨਾ ਅਤੇ ਧਨ ਲੁੱਟ ਕੇ ਚਲੇ ਗਿਆ। ਕੋਈ ਵੀ ਗਜ਼ਨੀ ਨੂੰ ਰੋਕ ਨਾ ਸਕਿਆ।

ਗਜ਼ਨੀ, ਜਿਸ ਨੇ ਉੱਤਰੀ ਭਾਰਤ ਦੀ ਅੰਨ੍ਹੇਵਾਹ ਤਬਾਹੀ ਕੀਤੀ ਅਤੇ ਹਿੰਦੂ ਧਰਮ ਅਤੇ ਮੰਦਰਾਂ ਦਾ ਮਖੌਲ ਉਡਾਇਆ, ਉਸ ਨੇ ਭਾਰਤ ਵਿਚ ਆਪਣੇ ਲਈ ਹਿੰਦੂਆਂ ਦੀ ਫੌਜ ਬਣਾਈ ਅਤੇ ਇਕ ਹਿੰਦੂ ਨਾਮੀ ਤਿਲਕ ਨੂੰ ਜਰਨੈਲ ਬਣਾਇਆ। ਜਦ ਮੁਸਲਮਾਨਾਂ ਨੇ ਗਜ਼ਨੀ ਵਿਚ ਉਸ ਦੇ ਵਿਰੁੱਧ ਬਗਾਵਤ ਕੀਤੀ, ਤਦ ਇਹ ਤਿਲਕ ਹੀ ਸੀ ਜਿਸ ਨੇ ਬਗਾਵਤ ਨੂੰ ਦਬਾਇਆ। ਕਹਿਣ ਲਈ ਬ੍ਰਾਹਮਣਵਾਦ ਵਿਦੇਸ਼ੀ ਹਾਕਮਾਂ ਨੂੰ ਨਫ਼ਰਤ ਕਰਦਾ ਸੀ ਪਰ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਸਿੱਖ ਕੇ ਵਿਦੇਸ਼ੀ ਹਾਕਮਾਂ ਦੀਆਂ ਨੌਕਰੀਆਂ ਕਰਨ ਵਿਚ ਮੋਹਰਲੀਆਂ ਕਤਾਰਾਂ ਵਿਚ ਸੀ। ਸੱਚ ਇਹ ਹੈ ਕਿ ਇਸ ਨੇ ਵਿਦੇਸ਼ੀ ਰਾਜਿਆਂ ਦੇ, ਆਪਣੇ ਸੌੜੇ ਹਿੱਤਾਂ ਖ਼ਾਤਰ, ਰਾਜ ਚਲਾਉਣ ਵਿਚ ਮਦਦ ਕੀਤੀ।

ਬ੍ਰਾਹਮਣਵਾਦ ਨੇ ਨਾ ਤਾਂ ਮੁਸਲਮਾਨਾਂ ਅਤੇ ਨਾ ਹੀ ਅੰਗਰੇਜ਼ਾਂ ਦੇ ਰਾਜ ਸਮੇਂ ਕਿਸੇ ਵੀ ਅਜ਼ਾਦੀ ਦੀ ਲਹਿਰ ਵਿਚ ਹਿੱਸਾ ਨਹੀਂ ਪਾਇਆ।

ਗਜ਼ਨੀ ਤੋਂ ਰਾਜਪੂਤ ਇਸ ਲਈ ਹਾਰੇ ਸਨ ਕਿ ਉਹ ਮਹੂਰਤ ਕਢਾਉਣ ਵਿਚ ਰੁੱਝੇ ਹੋਏ ਸਨ ਜਦ ਗਜ਼ਨੀ ਨੇ ਉਨ੍ਹਾਂ 'ਤੇ ਹਮਲਾ ਕੀਤਾ। ਇਹ ਹੈ ਬ੍ਰਾਹਮਣਵਾਦ ਦਾ ਭਾਰਤੀ ਜੀਵਨ ਦੇ ਹਰ ਪਹਿਲੂ 'ਤੇ ਭਾਰੂ ਹੋਣ ਦਾ ਨਤੀਜਾ।

ਭਾਰਤ ਦੇ ਹਿੰਦੂ ਸਮਾਜ ਵਿਚ ਪੁਰੋਹਿਤ ਵਰਗ ਹੈ ਜੋ ਘੁੰਮ ਫਿਰ ਕੇ ਜਨਤਾ ਨੂੰ ਅੰਧ ਵਿਸ਼ਵਾਸ, ਪਖੰਡ, ਪੂਜਾ ਪਾਠ, ਦਾਨ, ਯੱਗ ਦਾ ਢਕੌਂਸਲਾ ਰਚਦਾ ਅਤੇ ਫੈਲਾਉਂਦਾ ਹੈ ਅਤੇ ਭੋਲੀ ਭਾਲੀ ਜਨਤਾ ਨਾਲ ਠੱਗੀ ਮਾਰਦਾ ਹੈ। ਇਸ ਪੁਰੋਹਿਤ ਵਰਗ ਵਿਚ ਜੋਤਸ਼ੀ, ਪੁਜਾਰੀ ਮਹੰਤ, ਪਾਂਡੇ, ਸਾਧੂ ਆਦਿ ਸ਼ਾਮਲ ਹੁੰਦੇ ਹਨ। ਇਹ ਦਿਨ ਦੇਖਦੇ ਹਨ, ਭਵਿੱਖ ਦੱਸਦੇ ਹਨ, ਗ੍ਰਹਿ ਸੰਕਟ ਅਤੇ ਲਗਨ ਦੇਖਦੇ ਹਨ, ਇਸ ਦੇ ਬਦਲੇ ਭੋਲੇ ਭਾਲੇ ਵਰਗ ਨੂੰ ਠੱਗਦੇ ਹਨ। ਇਹ ਪੁੰਨ-ਦਾਨ, ਸਵਰਗ-ਨਰਕ, ਭਵਸਾਗਰ, ਅਵਤਾਰਵਾਦ, ਪੁਨਰਜਨਮ ਵਰਗੀਆਂ ਕੋਰੀਆਂ ਕਲਪਨਾਵਾਂ ਫੈਲਾਉਂਦੇ ਹਨ। ਇਹ ਵਰਗ ਸਮਾਜ ਵਿਚ ਫੁੱਟ ਪਾਉਂਦੇ ਹਨ ਅਤੇ ਕਿਰਤੀਆਂ ਦੀ ਕਮਾਈ ਹੜੱਪਦੇ ਹਨ। ਝੂਠੀਆਂ ਪੁਸਤਕਾਂ ਲਿਖਣੀਆਂ, ਦੂਸਰੇ ਧਰਮਾਂ ਦੇ ਇਤਿਹਾਸ ਨੂੰ ਵਿਗਾੜਨਾ ਇਨ੍ਹਾਂ ਦੀ ਨੀਤੀ ਹੈ। ਆਪਣੀ ਸ਼ਕਤੀ ਅਤੇ ਗਿਆਨ ਦਾ ਸਵਾਰਥ ਲਈ ਪ੍ਰਯੋਗ ਕਰਨਾ ਇਸ ਵਰਗ ਦਾ ਮੁੱਖ ਲੱਛਣ ਹੈ। ਅਸਲ ਵਿਚ ਇਹੀ ਵਰਗ ਹੈ ਜੋ ਬ੍ਰਾਹਮਣਵਾਦ ਦੀ ਸ਼ਕਤੀ ਦਾ ਮੁੱਖ ਆਧਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬ੍ਰਾਹਮਣਾਂ ਦੇ ਪਖੰਡਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਾਹਮਣੇ ਸਾਲਗਰਾਮ ਰੱਖ ਕੇ ਅਨੇਕਾਂ ਵਿਧੀ ਵਿਧਾਨਾਂ ਨਾਲ ਉਪਾਸਨਾ ਕਰਨ ਵਾਲੇ ਅੰਦਰੋਂ ਧੋਖੇਬਾਜ਼ ਅਤੇ ਦੁਰਾਚਾਰੀ ਸਨ :

ਆਗੈ ਰਾਖਿਓ ਸਾਲ ਗਿਰਾਮੁ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ॥
ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧ ਕਮਾਇ॥
ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੮੮)

ਬ੍ਰਾਹਮਣਵਾਦ ਦਾ ਬਹੁਤ ਵਿਸ਼ਾਲ ਨੈਟਵਰਕ ਹੈ, ਜਿਸ ਦੇ ਤੇਂਦੂਏ ਜਾਲ ਵਿਚ ਭਾਰਤੀ ਸਮਾਜ ਫਸਿਆ ਹੋਇਆ ਹੈ। ਪੁਰੋਹਿਤ ਬ੍ਰਾਹਮਣ ਪਿੰਡ ਅਤੇ ਸ਼ਹਿਰ ਹਰ ਜਗ੍ਹਾਂ ਆਪਣਾ ਘਰ ਬਣਾ ਕੇ ਰਹਿੰਦਾ ਹੈ। ਪ੍ਰੋਹਿਤ ਦੀ ਜਜਮਾਨੀ ਵਿਚ ਕਈ ਕਈ ਪਿੰਡ ਆਉਂਦੇ ਹਨ ਅਤੇ ਸ਼ਹਿਰ ਦੇ ਹਿੱਸਿਆਂ ਨੂੰ ਵੀ ਵੰਡਿਆ ਹੁੰਦਾ ਹੈ। ਇਕ ਇਕ ਸ਼ਹਿਰ ਵਿਚ ਕਈ ਕਈ ਪ੍ਰੋਹਿਤ ਹੁੰਦੇ ਹਨ। ਇਹ ਪ੍ਰੋਹਿਤ ਆਪਣੇ ਜਜਮਾਨਾਂ ਦੇ ਘਰ ਘਰ ਜਾ ਕੇ ਪੂਜਾ ਪਾਠ, ਹੋਮ ਯੱਗ ਜਾਪ ਕਰਾਉਂਦੇ, ਜਨਮ ਉਤਸਵ, ਵਿਆਹ ਅਤੇ ਮੌਤ ਸੰਸਕਾਰ ਦੀ ਰਸਮ ਅਦਾ ਕਰਦੇ ਹਨ। ਇਹ ਪ੍ਰੋਹਿਤ ਵਰਗ ਗ੍ਰਹਿਸਥੀ ਵਰਗ 'ਤੇ ਆਪਣੀ ਮਾਲਕੀ ਜਮਾਈ ਰੱਖਣ ਲਈ ਉਨ੍ਹਾਂ ਤੋਂ ਕਈ ਪ੍ਰਕਾਰ ਨਾਲ ਟੈਕਸ ਵਸੂਲ ਕਰਨ ਦੀ ਨੀਤੀ ਨਾਲ ਅਜਿਹੇ ਢੰਗਾਂ ਦੀ ਖੋਜ ਕਰਦਾ ਰਹਿੰਦਾ ਹੈ, ਜਿਸ ਨਾਲ ਸਮਾਜ ਉਸ ਦੇ ਤੇਂਦੂਆ ਜਾਲ ਵਿਚ ਜਕੜਿਆ ਰਹੇ। ਦਰਅਸਲ ਭਾਰਤ ਵਿਚ ਜਿੰਨੇ ਵੀ ਧਾਰਮਿਕ ਸੰਸਕਾਰ ਹਨ, ਉਨ੍ਹਾਂ ਨੂੰ ਕਰਾਉਣ ਦਾ ਠੇਕਾ ਪ੍ਰੋਹਿਤ ਦੇ ਜਿੰਮੇ ਹੈ, ਇਸ ਵਿਚ ਉਹ ਨੈਤਿਕਤਾ, ਪਵਿੱਤਰਤਾ ਅਤੇ ਸਾਦਗੀ ਦਾ ਧਿਆਨ ਰੱਖੇ ਬਿਨਾ ਅਨੈਤਿਕਤਾ, ਪਖੰਡ ਅਤੇ ਭੈਅ ਦਿਖਾ ਕੇ ਜਜਮਾਨਾਂ ਨੂੰ ਲੁੱਟਦਾ ਰਹਿੰਦਾ ਹੈ। ਸ਼ਾਸਤਰਾਂ ਵਿਚ ਬ੍ਰਾਹਮਣਵਾਦ ਦੀ ਸਰਵਉੱਚਤਾ ਤੇ ਕਰਮਕਾਂਡਾਂ ਦੀ ਹਮਾਇਤ ਕੀਤੀ ਗਈ ਹੈ। ਬ੍ਰਾਹਮਣਵਾਦ ਦੀ ਲੁੱਟ ਦਾ ਪੂਰਾ ਰਸਤਾ ਖੋਲ੍ਹਿਆ ਹੋਇਆ ਹੈ। ਮਨੂੰ ਸਿਮਰਤੀ (1,99-100): ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ। ਉਹ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ ਤੇ ਧਰਮ ਦੇ ਖਜਾਨੇ ਦਾ ਰੱਖਿਅਕ ਹੈ। ਇਸ ਸੰਸਾਰ ਵਿਚ ਜੋ ਵੀ ਸੰਪਤੀ ਹੈ, ਉਹ ਸਾਰੀ ਬ੍ਰਾਹਮਣ ਦੀ ਨਿੱਜੀ ਹੈ। ਆਪਣੇ ਉੱਤਮ ਜਨਮ ਦੇ ਕਾਰਨ ਹੀ ਬ੍ਰਾਹਮਣ ਸਾਰੀਆਂ ਸੰਪਤੀਆਂ ਗ੍ਰਹਿਣ ਕਰਨ ਦੇ ਯੋਗ ਹੈ। ਬ੍ਰਾਹਮਣ ਜਦੋਂ ਪਰਾਇਆ ਅੰਨ ਖਾਂਦਾ ਹੈ, ਪਰਾਇਆ ਵਸਤਰ ਪਹਿਨਦਾ ਹੈ ਤੇ ਪਰਾਇਆ ਧਨ ਲੈ ਕੇ ਦੂਜਿਆਂ ਨੂੰ ਲੈ ਕੇ ਦਿੰਦਾ ਹਾਂ ਤਾਂ ਉਹ ਸਭ ਉਸੇ ਦੇ ਹੀ ਰਿਣੀ ਹਨ, ਕਿਉਂਕਿ ਸਾਰੇ ਲੋਕ ਬ੍ਰਾਹਮਣ ਦੀ ਦਇਆ ਤੋਂ ਹੀ ਭੋਜਨ ਪ੍ਰਾਪਤ ਕਰਦੇ ਹਨ।

ਹਿੰਦੂ ਸਮਾਜ ਦੇ ਵਿਅਕਤੀ ਦਾ ਜੀਵਨ ਸੋਲਾਂ ਸੰਸਕਾਰਾਂ ਵਿਚੋਂ ਹੋ ਕੇ ਗੁਜਰਦਾ ਹੈ, ਸਭ ਤੋਂ ਪਹਿਲਾਂ ਗਰਭਧਾਨ ਸੰਸਕਾਰ। ਅੰਤਮ ਹੈ ਮੌਤ ਸੰਸਕਾਰ। ਇਨ੍ਹਾਂ ਵਿਚੋਂ ਇਕ ਵੀ ਸੰਸਕਾਰ ਪ੍ਰੋਹਿਤ ਤੋਂ ਬਿਨਾ ਨਹੀਂ ਹੁੰਦਾ। ਵੈਸੇ ਕੁਛ ਸੰਸਕਾਰ ਤਾਂ ਖੁਸ਼ੀ ਦੇ ਹੋਣੇ ਚਾਹੀਦੇ ਹਨ ਅਤੇ ਕੁਛ ਗਮ ਦੇ, ਪਰ ਪ੍ਰੋਹਿਤ ਨੇ ਹਰ ਸੰਸਕਾਰ 'ਤੇ ਆਪਣੀ ਝੋਲੀ ਭਰਨ ਦੇ ਇਰਾਦੇ ਨਾਲ ਗਮ ਦੇ ਸੰਸਕਾਰਾਂ ਦੇ ਮੌਕਿਆਂ 'ਤੇ ਵੀ ਦਾਨ ਲੈਣ ਦੀ ਵਿਉਂਤਬੰਦੀ ਕੀਤੀ ਹੋਈ ਹੈ। ਮਨੂੰ ਸਿਮਰਤੀ ਸਲੋਕ (95-96, 98-101 ਅਧਿਆਏ 1) : ਬ੍ਰਾਹਮਣ ਦੇ ਮੂੰਹ ਰਾਹੀਂ ਦੇਵਤਾ ਲੋਕ ਆਪਣਾ ਹਿੱਸਾ ਅਤੇ ਪਿਤਰ ਲੋਕ ਆਪਣਾ ਹਿੱਸਾ ਖਾਂਦੇ ਹਨ। ਬ੍ਰਾਹਮਣ ਤੋਂ ਸ੍ਰੇਸ਼ਟ ਕੌਣ ਹੋ ਸਕਦਾ ਹੈ? (3/209) ਸ਼ਰਾਧਾਂ ਵਿਚ ਬ੍ਰਾਹਮਣ ਨੂੰ ਆਸਣ 'ਤੇ ਬਿਠਾ ਕੇ ਉਸ ਦੀ ਪੂਜਾ ਕਰੋ (3/237) ਜੋ ਵਸਤੂ ਉਸ ਨੂੰ ਪਸੰਦ ਹੈ, ਉਸ ਨੂੰ ਖੁਸ਼ੀ ਨਾਲ ਪਰੋਸੋ।

ਇਹੋ ਜਿਹੋ ਸੰਸਕਾਰ ਸਿੱਖ ਕੌਮ ਵਿਚ ਬ੍ਰਾਹਮਣਵਾਦ ਤੋਂ ਪ੍ਰੇਰਣਾ ਲੈ ਕੇ ਭਾਈਆਂ, ਗ੍ਰੰਥੀਆਂ, ਸਾਧਾਂ ਨੇ ਪ੍ਰਸਾਰ ਦਿੱਤੇ ਹਨ, ਜਿਸ ਕਰਕੇ ਸਿੱਖ ਰੀਤੀ ਰਿਵਾਜ ਗੁਰੂਆਂ ਅਨੁਸਾਰ ਸਾਧਾਰਨ ਨਾ ਹੋ ਕੇ ਮਨੁੱਖੀ ਉਜਾੜੇ ਦਾ ਢੰਗ ਬਣ ਗਏ ਹਨ। ਕਹਿਣ ਤੋਂ ਭਾਵ ਸਿੱਖਾਂ ਦਾ ਜੀਉਣਾ ਮਰਨਾ, ਵਿਆਹ ਹਿੰਦੂਆਂ ਵਾਂਗ ਮਹਿੰਗਾ ਹੋ ਗਿਆ ਹੈ। ਇਹ ਪ੍ਰੋਹਿਤ ਨਾ ਭੂਗੋਲ ਸ਼ਾਸ਼ਤਰੀ ਹਨ, ਨਾ ਖਗੋਲ ਸ਼ਾਸ਼ਤਰੀ, ਨਾ ਇੱਟ ਸੀਮਿੰਟ ਦੀ ਪਰਖ ਜਾਣਦੇ ਹਨ, ਨਾ ਮਕਾਨ ਬਣਾਉਣ ਸਮੇਂ ਇਨ੍ਹਾਂ ਨੇ ਮਕਾਨ ਦੀਆਂ ਦੀਵਾਰਾਂ ਦੀ ਅਤੇ ਲੈਂਟਰ ਦੀ ਮਜਬੂਤੀ ਦੇਖੀ, ਫਿਰ ਵੀ ਗ੍ਰਹਿ ਪ੍ਰਵੇਸ਼ ਦੇ ਸਮੇਂ ਹਵਨ ਯੱਗ ਕਰਦੇ ਅਤੇ ਸ਼ੁਭ ਲਗਨ ਦੱਸਦੇ ਹਨ, ਜਿਸ ਨਾਲ ਮਕਾਨ ਨਾ ਟੁੱਟੇ, ਨਾ ਡਿੱਗੇ, ਨਾ ਕਿਸੇ ਤਰ੍ਹਾਂ ਦੀ ਹਾਨੀ ਹੋਵੇ। ਅਜਿਹੇ ਕਾਰਜ ਨੂੰ ਆਰੰਭ ਕਰਨ 'ਤੇ ਸ਼ੁਭ ਕਰਮਨ ਦੇ ਨਾਂ ਤੇ ਗ੍ਰਹਿ ਉਤਾਰਨ ਲਈ ਇਨ੍ਹਾਂ ਪ੍ਰੋਹਿਤਾਂ ਨੂੰ ਬੁਲਾਇਆ ਜਾਂਦਾ ਹੈ। ਇਸ ਤਰ੍ਹਾਂ ਪ੍ਰੋਹਿਤ ਅਨੁਸ਼ਠਾਨਾਂ ਰਾਹੀਂ ਖੂਬ ਪਖੰਡ ਫੈਲਾਉਂਦੇ ਹਨ ਅਤੇ ਅੰਧ ਵਿਸ਼ਵਾਸ ਫੈਲਾ ਕੇ ਠੱਗੀ ਮਾਰਦੇ ਹਨ। ਹਿੰਦੂ ਧਰਮ ਗ੍ਰੰਥ ਰਿਗਵੇਦ ਅਨੁਸਾਰ ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ। ਦੇਵਤੇ ਮੰਤਰਾਂ ਦੇ ਅਧੀਨ। ਮੰਤਰ ਬ੍ਰਾਹਮਣਾਂ ਦੇ ਅਧੀਨ ਹਨ। ਇਸ ਲਈ ਬ੍ਰਾਹਮਣਾਂ ਨੂੰ ਪੂਜੋ ਅਤੇ ਇਨ੍ਹਾਂ ਦਾ ਹੁਕਮ ਮੰਨੋ। ਪਰ ਸ੍ਰੀ ਗੁਰੂ ਅਮਰਦਾਸ ਜੀ ਵੇਦਾਂ ਦੇ ਹੁਕਮਨਾਮੇ ਨੂੰ ਰੱਦ ਕਰਦੇ ਹੋਏ ਫੁਰਮਾਉਂਦੇ ਹਨ ਕਿ ਇਨ੍ਹਾਂ ਪ੍ਰੋਹਿਤਾਂ ਨੂੰ ਦਾਨ ਦੇਣ ਦਾ ਕੋਈ ਅਰਥ ਨਹੀਂ, ਕਿਉਂਕਿ ਇਹ ਵਿਹਲੜ ਲੋਕ ਇਸ ਦੇ ਯੋਗ ਪਾਤਰ ਨਹੀਂ।

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੯)

ਕੁਛ ਪੇਸ਼ਾਵਰ ਪਾਂਡੇ ਮੱਠ ਮੰਦਰਾਂ ਅਤੇ ਤੀਰਥ ਅਸਥਾਨਾਂ 'ਤੇ ਰਹਿੰਦੇ ਹਨ ਅਤੇ ਮਹੰਤਗਿਰੀ ਕਰਦੇ ਹਨ। ਇਹ ਮੱਠ ਮੰਦਰ, ਤੀਰਥ ਅਸਥਾਨ ਇਨ੍ਹਾਂ ਦੀਆਂ ਧਾਰਮਿਕ ਦੁਕਾਨਾਂ ਹਨ। ਇਹ ਪੇਸ਼ਾਵਰ ਪਾਂਡੇ ਪੁਰੋਹਿਤ ਧਰਮ ਦੇ ਨਾਮ 'ਤੇ ਪਖੰਡ ਵੇਚਦੇ ਹਨ। ਪੁੰਨ, ਮੁਕਤੀ ਦਾ ਸੌਦਾ ਵੇਚਣ ਦਾ ਦਾਅਵਾ ਕਰਦੇ ਹਨ ਅਤੇ ਸਵਰਗ ਦੀ ਸਿੱਧੀ ਟਿਕਟ ਵੀ ਵੇਚਦੇ ਹਨ। ਪਰਾਸ਼ਰ ਸਿਮਰਤੀ (2/17) : ਬ੍ਰਾਹਮਣ ਤੋਂ ਜਪ-ਤਪ ਕਰਵਾਉਂਦਾ ਹੈ, ਉਨ੍ਹਾਂ ਨੂੰ ਦਾਨ-ਦਕਸ਼ਣਾ ਦਿੰਦਾ ਹੈ, ਉਸ ਨੂੰ ਜਪ-ਤਪ ਦਾ ਪੂਰਾ ਫਲ ਮਿਲਦਾ ਹੈ। ਮਨੂੰ ਸਿਮਰਤੀ (7/85) : ਗੈਰ ਬ੍ਰਾਹਮਣ ਨੂੰ ਦਾਨ ਦੇਣ ਨਾਲ ਸਾਧਾਰਨ ਫਲ ਮਿਲਦਾ ਹੈ, ਬ੍ਰਾਹਮਣ ਵਾਲੇ ਕੰਮ ਕਰਨ ਵਾਲੇ, ਜਾਤ-ਮਾਤਰ ਬ੍ਰਾਹਮਣ ਨੂੰ ਦਾਨ ਦੇ ਕੇ ਦੁੱਗਣਾ ਫਲ ਮਿਲਦਾ ਹੈ। ਵਿਦਵਾਨ ਬ੍ਰਾਹਮਣ ਨੂੰ ਦਾਨ ਦੇਣ ਨਾਲ 10 ਲੱਖ ਗੁਣਾਂ ਫਲ ਮਿਲਦਾ ਹੈ। ਵੇਦਾਂ ਦੇ ਗਿਆਤਾ ਬ੍ਰਾਹਮਣ ਨੂੰ ਦਾਨ ਦੇਣ ਨਾਲ ਏਨਾ ਫਲ ਮਿਲਦਾ ਹੈ ਕਿ ਇਸ ਦਾ ਹਿਸਾਬ ਨਹੀਂ ਕੀਤਾ ਜਾ ਸਕਦਾ।

ਇਹ ਸੌਦਾ ਏਨਾ ਮਹਿੰਗਾ ਹੁੰਦਾ ਹੈ ਕਿ ਇਹ ਪਾਂਡੇ ਸ਼ਰਧਾਲੂਆਂ ਦੇ ਗਹਿਣੇ, ਜੇਵਰ, ਰੁਪਇਆ, ਕੱਪੜੇ ਸਭ ਖੋਹ ਲੈਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪੁਜਾਰੀ ਸ਼੍ਰੇਣੀ ਦਾ ਪਰਦਾਫਾਸ਼ ਕਰਦੇ ਹੋਏ ਆਖਦੇ ਹਨ ਕਿ ਇਹ ਪੂਜਾ, ਤਿਲਕ, ਇਸ਼ਨਾਨ ਸਭ ਪ੍ਰਕਾਰ ਦਾ ਅਡੰਬਰ ਕਰਦੇ ਹਨ ਅਤੇ ਜ਼ਬਰੀ ਦਾਨ ਵੀ ਮੰਗਦੇ ਹਨ। ਵੇਦਾਂ ਦਾ ਗਿਆਤਾ ਅਤੇ ਬਾਹਰੀ ਸੁਭਾਅ ਪੱਖੋਂ ਡਰਾਮਾ ਰਚ ਕੇ ਲੋਕਾਂ ਦਾ ਸ਼ੋਸ਼ਣ ਕਰਨ ਤੋਂ ਗੁਰੇਜ਼ ਨਹੀਂ ਕਰਦੇ ;

ਪੂਜਾ ਤਿਲਕ ਕਰਤ ਇਸਨਾਨਾਂ॥ ਛੁਰੀ ਕਾਢਿ ਲੇਵੈ ਹਥਿ ਦਾਨਾ॥
ਬੇਦੁ ਪੜੈ ਮੁਖਿ ਮੀਠੀ ਬਾਣੀ॥ ਜੀਆਂ ਕੁਹਤ ਨ ਸੰਗੈ ਪਰਾਣੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੦੧)

ਬ੍ਰਾਹਮਣਵਾਦ ਦੇ ਪਾਸਾਰੇ ਵਿਚ ਮਹੰਤ ਸ਼੍ਰੇਣੀ ਵੀ ਆਪਣਾ ਕਾਰਜ ਨਿਭਾਉਂਦੀ ਹੈ। ਮਹੰਤ ਇਕ ਵੱਡੇ ਜ਼ਿਮੀਂਦਾਰ ਦੀ ਤਰ੍ਹਾਂ ਹੁੰਦਾ। ਉਹ ਰਾਜਿਆਂ ਵਾਂਗ ਉਚੇ ਸਿੰਘਾਸਨ 'ਤੇ ਬੈਠਦਾ ਹੈ, ਜਿਸ ਨੂੰ ਮਹੰਤ ਦੀ ਗੱਦੀ ਕਹਿੰਦੇ ਹਨ। ਇਹ ਮਹੰਤ ਇਕ ਜ਼ਿਮੀਂਦਾਰ ਦੀ ਤਰ੍ਹਾਂ ਪਾਪੀ, ਅਤਿਆਚਾਰੀ, ਨਸ਼ਈ ਅਤੇ ਕਾਮੀ ਹੁੰਦਾ ਹੈ। ਇਹ ਮਹੰਤ ਸੁੰਦਰ ਗੱਦੇਦਾਰ ਪਲੰਘਾਂ 'ਤੇ ਸੌਂਦਾ ਹੈ, ਦੇਵ ਦਾਸੀਆਂ ਅਤੇ ਯੋਗਨਾਂ ਦੇ ਨਾਲ ਭੋਗ ਵਿਲਾਸ ਕਰਦਾ ਹੈ। ਸੋਮਰਸ ਦੇ ਨਾਮ ਤੇ ਹਰੇਕ ਤਰ੍ਹਾਂ ਦੇ ਨਸ਼ਿਆਂ ਦਾ ਪ੍ਰਯੋਗ ਕਰਦਾ ਹੈ। ਇਹੋ ਜਿਹੀ ਸ਼੍ਰੇਣੀ ਸਿੱਖ ਧਰਮ ਵਿਚ ਵੀ ਪ੍ਰਵੇਸ਼ ਕਰ ਚੁੱਕੀ ਹੈ, ਜਿਸ ਨੂੰ ਸਾਧ-ਸੰਤ ਕਹਿੰਦੇ ਹਨ। ਸਿੱਖ ਸੰਤਾਂ ਦੇ ਡੇਰਿਆਂ ਵਿਚ ਵਾਪਰ ਰਹੀਆਂ ਅਸ਼ਲੀਲ ਘਟਨਾਵਾਂ ਇਸ ਗੱਲ ਦੀ ਗਵਾਹ ਹਨ। ਸ੍ਰੀ ਗੁਰੂ ਨਾਨਕ ਸਾਹਿਬ ਇਸ ਬ੍ਰਾਹਮਣ ਸ਼੍ਰੇਣੀ ਤੇ ਸਖਤ ਟਿੱਪਣੀ ਕਰਦੇ ਹੋਏ ਲੋਕਾਂ ਨੂੰ ਸੁਚੇਤ ਕਰਦੇ ਹਨ ਕਿ ਅਜਿਹੇ ਲੋਕਾਂ ਕੋਲ ਕੋਈ ਬ੍ਰਹਮ ਗਿਆਨ ਨਹੀਂ, ਨਾ ਹੀ ਇਹ ਪ੍ਰਭੂ ਨੂੰ ਪੁੱਜੇ ਹੋਏ ਹਨ। ਇਹ ਮਾਇਆ ਦੇ ਵਪਾਰੀ ਸ਼ਰਾਬਾਂ ਪੀਂਦੇ ਹਨ, ਹੱਥਾਂ ਵਿਚ ਇਨ੍ਹਾਂ ਦੇ ਕਮੰਡਲ ਹਨ, ਪਰ ਮਨ ਤ੍ਰਿਸ਼ਨਾ ਰਹਿਤ ਨਹੀਂ। ਪਰਾਈ ਇਸਤਰੀ ਨੂੰ ਦੇਖ ਕੇ ਇਨ੍ਹਾਂ ਉਪਰ ਕਾਮ ਸਵਾਰ ਹੋ ਜਾਂਦਾ ਹੈ ਤੇ ਫੇਰ ਉਹ ਪਰਾਈ ਇਸਤਰੀ ਨਾਲ ਚਿੱਤ ਲਾ ਲੈਂਦੇ ਹਨ ;

ਮਨੂਆ ਡੋਲੈ ਦਹਿ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੧੩)

ਸਾਧੂ-ਸੰਨਿਆਸੀ ਵੀ ਬ੍ਰਾਹਮਣਵਾਦੀ ਨੈਟਵਰਕ ਦਾ ਹਿੱਸਾ ਹਨ ਅਤੇ ਇਹ ਘੁੰਮ ਫਿਰ ਕੇ ਪੈਸੇ ਮੰਗਦੇ ਹਨ ਅਤੇ ਆਪਣੇ ਆਪ ਨੂੰ ਤਿਆਗੀ ਸਦਵਾਉਂਦੇ ਹਨ। ਗੁਰਬਾਣੀ ਵਿਚ ਅਜਿਹੇ ਲੋਕਾਂ ਨੂੰ ਝੂਠਾ ਅਤੇ ਪਖੰਡੀ ਦੱਸਿਆ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਅਜਿਹੇ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ, ਕਿਉਂਕਿ ਇਹ ਮੋਹ ਮਾਇਆ ਵਿਚ ਗ੍ਰਸੇ ਹੁੰਦੇ ਹਨ;

ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੇ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥ ਓਹੁ ਤਪਾ ਕੈਸੇ ਪਰਮਗਤਿ ਲਹੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੮)

ਧੰਦੇਕਾਰੀ ਪ੍ਰੋਹਿਤ ਜੋ ਕਿ ਬ੍ਰਾਹਮਣਵਾਦੀ ਨੈਟਵਰਕ ਦਾ ਹਿੱਸਾ ਹਨ, ਉਸ ਵਿਚ ਜੋਤਸ਼ੀ, ਭਗਤ ਆ ਜਾਂਦੇ ਹਨ ਜੋ ਕਿ ਗ੍ਰਹਿਾਂ, ਸ਼ਗਨ, ਅਪਸ਼ਗਨ, ਮਹੂਰਤ ਦੇ ਚੱਕਰ ਵਿਚ ਫਸਾ ਕੇ ਜਨਤਾ ਦੀ ਲੁੱਟ ਕਰਦੇ ਹਨ। ਇਹ ਮਨ ਘੜਤ ਗੱਲਾਂ ਦੱਸ ਕੇ ਮਨੁੱਖ ਦੀ ਸੋਚਣ ਸ਼ਕਤੀ ਨੂੰ ਬਰਬਾਦ ਕਰਦੇ ਹਨ। ਰਾਜਨੀਤੀਵਾਨ, ਕਰਮਚਾਰੀ, ਅਧਿਕਾਰੀ, ਅਮੀਰ, ਗਰੀਬ ਸਭ ਇਨ੍ਹਾਂ ਦੇ ਚੱਕਰਾਂ ਵਿਚ ਫਸੇ ਹੋਏ ਹਨ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪੰਡਤਾਂ, ਜੋਤਸ਼ੀਆਂ ਨੂੰ ਭਵਿੱਖ ਬਾਰੇ ਕੋਈ ਗਿਆਨ ਨਹੀਂ ਹੁੰਦਾ। ਅਕਾਲ ਪੁਰਖ ਹੀ ਇਸ ਖੇਡ ਬਾਰੇ ਜਾਣ ਸਕਦਾ ਹੈ, ਕਿਉਂਕਿ ਇਹ ਉਸ ਦੀ ਹੀ ਖੇਡ ਹੈ;

ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ॥
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੮)

ਬ੍ਰਾਹਮਣਵਾਦੀ ਨੈਟਵਰਕ ਦਾ ਦੂਸਰਾ ਹਿੱਸਾ ਬ੍ਰਾਹਮਣਵਾਦੀ ਸੰਸਥਾਵਾਂ ਦਾ ਹੈ, ਜਿਥੋਂ ਨਿਯਮਤ ਰੂਪ ਵਿਚ ਹਿੰਦੂਤਵ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਸ਼ਰਧਾਲੂਆਂ ਦੇ ਮਨਾਂ ਵਿਚ ਦੂਸਰੀਆਂ ਕੌਮਾਂ ਦੇ ਖਿਲਾਫ ਜ਼ਹਿਰ ਭਰੀ ਜਾਂਦੀ ਹੈ। ਇਨ੍ਹਾਂ ਸੰਸਥਾਵਾਂ ਵਿਚ ਆਰ.ਐਸ.ਐਸ., ਸ਼ਿਵ ਸੈਨਾ, ਹਿੰਦੂ ਪ੍ਰੀਸ਼ਦ, ਬਜਰੰਗ ਬ੍ਰਿਗੇਡ, ਹਿੰਦੂ ਮਹਾਂ ਸਭਾ ਆਦਿ ਹਿੰਦੂਤਵ ਦਾ ਪ੍ਰਚਾਰ ਕਰਦੀਆਂ ਹਨ। ਇਹ ਸੰਸਥਾਵਾਂ ਵਿਗਿਆਨ, ਤਰਕ, ਵਿਚਾਰਾਂ ਨੂੰ ਤਿਲਾਂਜਲੀ ਦੇ ਕੇ ਅੰਧ ਵਿਸ਼ਵਾਸਾਂ ਦਾ ਪ੍ਰਚਾਰ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਮਨੁੱਖੀ ਅਧਿਕਾਰਾਂ, ਸਮਾਨਤਾ, ਰਾਸ਼ਟਰੀਅਤਾ ਦਾ ਕੋਈ ਸਥਾਨ ਨਹੀਂ। ਇਹ ਸੰਸਥਾਵਾਂ ਮਨੁੱਖ ਦਾ ਤਨ, ਮਨ, ਧਨ ਇਥੋਂ ਸ਼ੋਸ਼ਣ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਰਾਹੀਂ ਬ੍ਰਾਹਮਣਵਾਦੀ ਪ੍ਰਸਾਰ ਦੀਆਂ ਯੋਜਨਾਵਾਂ ਬਣਦੀਆਂ ਹਨ। ਇਨ੍ਹਾਂ ਦਾ ਨਿਸ਼ਾਨਾ ਦੇਸ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ ਅਤੇ ਘੱਟ ਗਿਣਤੀਆਂ ਕੌਮਾਂ ਦੀ ਨਸਲਕੁਸ਼ੀ ਕਰਨਾ ਅਤੇ ਗੁਲਾਮੀ ਦਾ ਅਹਿਸਾਸ ਕਰਵਾਉਣਾ ਹੈ। ਦਲਿਤਾਂ ਪ੍ਰਤੀ ਇਨ੍ਹਾਂ ਸੰਸਥਾਵਾਂ ਦਾ ਵਿਹਾਰ ਪਸ਼ੂਆਂ ਨਾਲੋਂ ਵੀ ਮਾੜਾ ਹੈ। ਬ੍ਰਾਹਮਣਵਾਦੀ ਨੈਟਵਰਕ ਦਾ ਤੀਸਰਾ ਹਿੱਸਾ ਹੈ ਸੰਸਕਾਰ ਅਤੇ ਰੀਤੀ ਰਿਵਾਜ। ਅੱਜ ਭਾਰਤ ਵਿਚ ਜੋ ਵੀ ਵਰਤ, ਪੁਰਬ, ਤਿਉਹਾਰਾਂ ਦੀਆਂ ਪਰੰਪਰਾਵਾਂ ਮੌਜੂਦ ਹਨ, ਉਹ ਬ੍ਰਾਹਮਣਵਾਦੀ ਮਾਨਸਿਕਤਾ ਦੀ ਉਪਜ ਹਨ। ਇਨ੍ਹਾਂ ਪਰੰਪਰਾਵਾਂ ਨਾਲ ਮਿਥਿਆਸ, ਮਨਘੜਤ ਕਿੱਸੇ ਜੁੜੇ ਹੋਏ ਹਨ। ਜਦ ਬ੍ਰਾਹਮਣਵਾਦੀ ਪਰੰਪਰਾ ਅਨੁਸਾਰ ਤਿਉਹਾਰ ਮਨਾਏ ਜਾਣ ਦਾ ਦਿਨ ਆਉਂਦਾ ਹੈ ਤਾਂ ਵੱਡੇ ਵੱਡੇ ਜਲੂਸ ਕੱਢੇ ਜਾਂਦੇ ਹਨ ਅਤੇ ਲੋਕਾਂ ਨੂੰ ਸ਼ਰਧਾ ਦੇ ਨਾਂ 'ਤੇ ਚੰਦਾ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਹ ਸੰਸਕਾਰ ਤੇ ਰੀਤੀ ਰਿਵਾਜ਼ ਬ੍ਰਾਹਮਣਵਾਦ ਦਾ ਆਧਾਰ ਹਨ, ਜਿਸ ਦੇ ਸਦਕਾ ਜਨਤਾ ਇਨ੍ਹਾਂ ਦੇ ਚੁੰਗਲ ਵਿਚ ਫਸੀ ਰਹਿੰਦੀ ਹੈ।



ਖਾਣ ਪੀਣ, ਵਿਆਹ, ਰੀਤੀ ਰਿਵਾਜ ਵਰਗੀਆਂ ਪਰੰਪਰਾਵਾਂ ਨੂੰ ਜਾਤੀ ਤੱਕ ਸੀਮਤ ਕਰਨਾ ਬ੍ਰਾਹਮਣਵਾਦ ਦੀ ਖੇਡ ਹੈ। ਬ੍ਰਾਹਮਣਵਾਦੀ ਵਿਆਹ ਦੀ ਪਰੰਪਰਾ ਵਿਚ ਵਰ-ਵਹੁਟੀ ਬਰਾਬਰੀ ਦਾ ਨਹੀਂ, ਬਰਾਦਰੀ ਦਾ ਮਾਪਦੰਡ ਮੰਨਿਆ ਜਾਂਦਾ ਹੈ। ਜਾਤੀ ਅਤੇ ਵਰਨ ਬ੍ਰਾਹਮਣਵਾਦੀ ਜ਼ਹਿਰੀਲੀ ਪ੍ਰਥਾ ਹੈ। ਇਨ੍ਹਾਂ ਪਰੰਪਰਾਵਾਂ ਅਤੇ ਰਿਵਾਜਾਂ ਨੂੰ ਪ੍ਰੋਹਿਤ ਅਤੇ ਬਿਪਰਨੀ ਪੁਸਤਕਾਂ ਬਲ ਦਿੰਦੀਆਂ ਹਨ। ਵਰਨ ਅਤੇ ਜਾਤੀ ਨੂੰ ਜੀਵਤ ਰੱਖਣਾ ਬ੍ਰਾਹਮਣਵਾਦ ਦੀ ਹੀ ਖੇਡ ਹੈ।

ਬ੍ਰਾਹਮਣਵਾਦ ਵਿਚ ਨਾਰੀ ਨੂੰ ਨੀਵਾਂ ਮੰਨਣ ਦੀ ਪਰੰਪਰਾ ਹੈ। ਉਸ ਦੀ ਸਿੱਖਿਆ ਅਤੇ ਅਜ਼ਾਦੀ 'ਤੇ ਨਿਖੇਧਾਤਮਕ ਪਾਬੰਦੀ ਬ੍ਰਾਹਮਣਵਾਦ ਦੀ ਦੇਣ ਹੈ। ਇਹ ਬ੍ਰਾਹਮਣਵਾਦ ਦੀ ਪ੍ਰਥਾ ਸੀ ਕਿ ਹਜ਼ਾਰਾਂ ਸਾਲ ਤੱਕ ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਅਤੇ ਦੇਸ ਵਿਦੇਸ਼ ਨੂੰ ਜਾਣ 'ਤੇ ਪਾਬੰਦੀ ਰਹੀ ਹੈ। ਨਾਰੀ ਦਾ ਬਾਲ ਵਿਆਹ ਕਰਨਾ, ਪੁਰਸ਼ ਦਾ ਬਹੁਵਿਆਹ ਕਰਨਾ ਬ੍ਰਾਹਮਣਵਾਦੀ ਪ੍ਰਥਾਵਾਂ ਹਨ। ਇਸ ਵਿਚ ਪੁਰਸ਼ ਨੂੰ ਅਸੀਮਤ ਅਧਿਕਾਰ ਹਨ। ਪੁਰਸ਼ ਬਹੁਵਿਆਹ ਕਰ ਸਕਦਾ ਹੈ, ਵਹੁਟੀ ਮਰਨ 'ਤੇ ਜਦ ਚਾਹੇ ਵਿਆਹ ਰਚਾ ਸਕਦਾ ਹੈ, ਪ੍ਰੰਤੂ ਨਾਰੀ ਦਾ ਦੁਬਾਰਾ ਵਿਆਹ ਕਰਨ 'ਤੇ ਪਾਬੰਦੀ ਹੈ। ਜੇਕਰ ਕਿਸੇ ਦੰਪਤੀ ਦੇ ਬੱਚਾ ਨਹੀਂ ਹੁੰਦਾ ਤਾਂ ਮਰਦ ਨੂੰ ਦੂਸਰਾ ਵਿਆਹ ਕਰਨ ਦਾ ਅਧਿਕਾਰ ਹੈ, ਔਰਤ ਨੂੰ ਨਹੀਂ। ਵਿਆਹ ਦੇ ਮੌਕੇ 'ਤੇ ਦਾਜ ਵਰਗੀਆਂ ਘਟੀਆ ਪਰੰਪਰਾਵਾਂ ਵੀ ਬ੍ਰਾਹਮਣਵਾਦ ਦੀ ਦੇਣ ਹਨ। ਇਸ ਸਭ ਕੁਝ ਦਾ ਜਿਕਰ ਅਸੀਂ ਅਗਲੇ ਅਧਿਆਇ ਗੁਰਬਾਣੀ ਤੇ ਨਾਰੀ ਚੇਤਨਾ ਵਿਚ ਕਰਾਂਗੇ।

ਗ੍ਰਹਿ ਦਿਖਾਉਣਾ, ਜਨਮ ਕੁੰਡਲੀ ਬਨਵਾਉਣਾ ਬ੍ਰਾਹਮਣਵਾਦੀ ਪ੍ਰਥਾਵਾਂ ਹਨ। ਹੱਥ ਦੀ ਰੇਖਾ ਦਿਖਾਉਣਾ ਇਕ ਬ੍ਰਾਹਮਣਵਾਦੀ ਪਰੰਪਰਾ ਹੈ। ਹੱਥ ਦੀ ਰੇਖਾ ਕੋਈ ਪ੍ਰਮਾਣਿਕ ਨਹੀਂ, ਪਖੰਡੀਆਂ ਦਾ ਫੈਲਾਇਆ ਭਰਮਜਾਲ ਹੈ ਅਤੇ ਬ੍ਰਾਹਮਣਾਂ ਵਲੋਂ ਲੋਕਾਂ ਨੂੰ ਲੁੱਟਣ ਦਾ ਢੰਗ ਕੱਢਿਆ ਹੈ। ਹਿੰਦੂ ਸਮਾਜ ਵਿਚ ਸਵਰਗ ਅਤੇ ਨਰਕ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਬ੍ਰਾਹਮਣਵਾਦੀ ਪਰੰਪਰਾ ਅਨੁਸਾਰ ਕਿ ਮਰਨ ਦੇ ਬਾਅਦ ਮਨੁੱਖ ਨੂੰ ਸਵਰਗ ਜਾਂ ਨਰਕ ਮਿਲਦਾ ਹੈ। ਇਹ ਸਵਰਗ-ਨਰਕ ਕਰਮਾਂ ਅਨੁਸਾਰ ਨਿਸਚਿਤ ਕੀਤਾ ਜਾਂਦਾ ਹੈ। ਹਿੰਦੂ ਸਮਾਜ ਵਿਚ ਇਕ ਪ੍ਰਾਣੀ 16 ਸੰਸਕਾਰਾਂ ਤੋਂ ਹੋ ਕੇ ਗੁਜ਼ਰਦਾ ਹੈ। ਗਰਭਧਾਨ ਤੋਂ ਹੋ ਕੇ ਜਨਮ, ਵਿਦਿਆ, ਵਿਆਹ, ਵਾਨਪ੍ਰਸਤ, ਸੰਨਿਆਸ, ਮੌਤ ਆਦਿ 16 ਸੰਸਕਾਰਾਂ ਤੋਂ ਲੈ ਕੇ ਇਕ ਹਿੰਦੂ ਦਾ ਜੀਵਨ ਗੁਜ਼ਰਦਾ ਹੈ। 16 ਸੰਸਕਾਰਾਂ 'ਤੇ ਵਿਧੀਗਤ ਸਮਾਗਮਾਂ ਦਾ ਆਯੋਜਨ ਹੁੰਦਾ ਹੈ। ਹਵਨ, ਯੱਗ, ਕੀਰਤਨ ਅਤੇ ਬ੍ਰਾਹਮਣਾਂ ਨੂੰ ਦਾਨ ਦਖਸ਼ਣਾ ਦਾ ਕਾਰਜ ਕੀਤਾ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣਵਾਦੀ ਸੰਸਕਾਰਾਂ ਨੂੰ ਸਾਫ ਰੱਦ ਕੀਤਾ ਹੈ, ਉਨ੍ਹਾਂ ਦਾ ਫੁਰਮਾਨ ਹੈ ਕਿ ਪੂਜਾ, ਵਰਤ, ਤਿਲਕ, ਇਸ਼ਨਾਨ, ਪੁੰਨ ਦਾਨ ਕਰਨ ਨਾਲ ਮਨੁੱਖ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ :

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੭੪)

ਇਹ 16 ਸੰਸਕਾਰ ਅੰਧ ਵਿਸ਼ਵਾਸ, ਪਖੰਡ ਦੇ ਆਧਾਰ ਹਨ ਜੋ ਬ੍ਰਾਹਮਣਵਾਦ ਦੇ ਅੰਗ ਹਨ। ਇਨ੍ਹਾਂ ਰਾਹੀਂ ਬ੍ਰਾਹਮਣਵਾਦ ਵੱਧ ਫੁੱਲ ਰਿਹਾ ਹੈ ਅਤੇ ਸਾਧਾਰਨ ਮਨੁੱਖ ਉਸ ਦੀ ਜਕੜ ਵਿਚ ਜਕੜਿਆ ਤ੍ਰਾਹ-ਤ੍ਰਾਹ ਕਰ ਰਿਹਾ ਹੈ, ਕਿਉਂਕਿ ਬ੍ਰਾਹਮਣਵਾਦ ਦੀ ਲੁੱਟ ਏਨੀ ਭਿਆਨਕ ਹੈ ਕਿ ਗਰੀਬ ਵਿਅਕਤੀ ਉਸ ਨੂੰ ਦਾਨ ਦੇ ਕੇ ਉਜਾੜੇ ਦੇ ਰਾਹੇ ਪੈਂਦਾ ਹੈ। ਵੇਦ ਸ਼ਾਸਤਰ, ਪੁਰਾਣ, ਧਰਮ ਸੂਤਰ, ਸ੍ਰਿਮਰਤੀਆਂ, ਮਹਾਂਭਾਰਤ, ਤੁਲਸੀ ਰਮਾਇਣ ਆਦਿ ਸਭ ਦੇ ਸਭ ਬ੍ਰਾਹਮਣਵਾਦੀ ਸ਼ਸਤਰ ਹਨ। ਇਨ੍ਹਾਂ ਸ਼ਾਸਤਰਾਂ ਵਿਚ ਬ੍ਰਾਹਮਣਵਾਦ ਦੇ ਸੂਤਰ ਲਿਖੇ ਗਏ ਹਨ ਅਤੇ ਜਦ ਕਈ ਕਿਸੇ ਬ੍ਰਾਹਮਣਵਾਦੀ ਪਰੰਪਰਾ, ਪ੍ਰਥਾ, ਸੰਸਕਾਰ, ਵਰਤ, ਪੁਰਬ, ਤਿਉਹਾਰ 'ਤੇ ਸ਼ੰਕਾ ਖੜੀ ਹੋ ਜਾਂਦੀ ਹੈ ਤਾਂ ਇਨ੍ਹਾਂ ਸ਼ਾਸਤਰਾਂ ਨੂੰ ਅਥਾਰਟੀ ਦੇ ਰੂਪ ਵਿਚ ਪ੍ਰਮਾਣ ਸਰੂਪ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਸ਼ਾਸਤਰਾਂ ਵਿਚ ਹਰ ਵਾਕ ਨੂੰ ਈਸ਼ਵਰ ਦੀ ਕਿਰਤ ਅਤੇ ਈਸ਼ਵਰ ਦੀ ਬਾਣੀ ਮੰਨਿਆ ਜਾਂਦਾ ਹੈ। ਬ੍ਰਾਹਮਣਵਾਦ ਨੇ ਲੋਕਾਂ ਵਿਚ ਇਹ ਭਾਵਨਾ ਭਰੀ ਕਿ ਇਨ੍ਹਾਂ ਗ੍ਰੰਥਾਂ ਨੂੰ ਮੰਨਣ 'ਚ ਹੀ ਮਨੁੱਖ ਦਾ ਕਲਿਆਣ ਹੈ।

ਇਨ੍ਹਾਂ ਸ਼ਾਸਤਰਾਂ ਵਿਚ ਪ੍ਰਮੁੱਖ ਤੌਰ 'ਤੇ ਬ੍ਰਾਹਮਣ ਦੀ ਉਤਮਤਾ, ਦਲਿਤ ਦੀ ਨਿੰਦਾ, ਨਾਰੀ ਦਾ ਅਪਮਾਨ, ਪਖੰਡ, ਛੂਆ-ਛਾਤ, ਅੰਧ-ਵਿਸ਼ਵਾਸ, ਭ੍ਰਿਸ਼ਟਾਚਾਰ, ਵਿਭਚਾਰ, ਜਾਦੂਈ ਕ੍ਰਿਸ਼ਮਿਆਂ ਨੂੰ ਬੜਾਵਾ ਦਿੱਤਾ ਜਾਂਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਇਹ ਲਿਖਿਆ ਗਿਆ ਹੈ ਕਿ ਜੇਕਰ ਧਰਮ ਕਰਮ ਕਰਨਾ ਹੈ ਅਤੇ ਪਾਪ ਤੋਂ ਛੁਟਕਾਰਾ ਪਾਉਣਾ ਹੈ ਤਾਂ ਬ੍ਰਾਹਮਣ ਨੂੰ ਦਾਨ ਦੇਣਾ ਚਾਹੀਦਾ। ਇਨ੍ਹਾਂ ਸ਼ਾਸਤਰਾਂ ਵਿਚ ਆਤਮਾ-ਪਰਮਾਤਮਾ, ਬ੍ਰਾਹਮਣ ਦੀ ਸਤਾ ਨੂੰ ਸਵੀਕਾਰਿਆ ਗਿਆ ਹੈ, ਸਵਰਗ, ਨਰਕ ਦਾ ਭੈਅ ਦਿਖਾਇਆ ਗਿਆ ਹੈ। ਇਨ੍ਹਾਂ ਸ਼ਾਸਤਰਾਂ ਦੀ ਭਾਸ਼ਾ ਸੰਸਕ੍ਰਿਤ ਹੈ, ਜਿਸ ਨੂੰ ਕੇਵਲ ਪ੍ਰੋਹਿਤ ਪੜ੍ਹ ਸਕਦੇ ਹਨ, ਆਮ ਜਨਤਾ ਨਹੀਂ ਪੜ੍ਹ ਸਕਦੀ। ਕੋਈ ਵੀ ਗ੍ਰੰਥ ਕਿਸ ਸੰਨ ਵਿਚ ਲਿਖਿਆ ਗਿਆ ਅਤੇ ਪਹਿਲੀ ਵਾਰ ਕਿਸ ਪ੍ਰਕਾਸ਼ਕ ਨੇ ਪ੍ਰਕਾਸ਼ਿਤ ਕੀਤਾ ਇਹ ਕਿਸੇ ਵੀ ਸ਼ਾਸਤਰ ਵਿਚ ਨਹੀਂ ਲਿਖਿਆ ਗਿਆ। ਇਸ ਪਿੱਛੇ ਇਹੀ ਆਧਾਰ ਰਿਹਾ ਹੈ ਕਿ ਥੋੜੇ ਸਮੇਂ ਬਾਅਦ ਇਨ੍ਹਾਂ ਹਜ਼ਾਰਾਂ ਸਾਲ ਪੁਰਾਣਾ ਦੱਸਿਆ ਜਾ ਸਕਦਾ ਹੈ। ਕਿਸ ਸ਼ਾਸਤਰ ਦਾ ਕੌਣ ਰਚਨਹਾਰ ਹੈ, ਇਹ ਵੀ ਉਲੇਖ ਨਹੀਂ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਵੇਦ, ਕਤੇਬ, ਸਿਮਰਤੀਆਂ, ਸ਼ਾਸਤਰਾਂ ਨੂੰ ਮਨੁੱਖਤਾ ਵਿਰੋਧੀ ਦੱਸਦਿਆਂ ਕਿਹਾ ਹੈ ਕਿ ਇਸ ਨੂੰ ਪੜ੍ਹਨ ਨਾਲ ਮੁਕਤੀ ਨਹੀਂ ਮਿਲ ਸਕਦੀ। ਸਿਰਫ ਮੁਕਤੀ ਅਕਾਲ ਪੁਰਖ ਦੇ ਨਾਮ ਨਾਲ ਜੁੜ ਕੇ ਆਪਣਾ ਹਿਰਦਾ ਸ਼ੁਧ ਕਰਕੇ ਹੀ ਹੋ ਸਕਦੀ ਹੈ ;

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨਾ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੪੭)

ਇਹੀ ਸ਼ਾਸਤਰ ਵਿਹਲੜ, ਪਖੰਡੀ ਬ੍ਰਾਹਮਣਾਂ ਨੂੰ ਉਤਮ ਅਤੇ ਕਿਰਤੀ, ਮਿਹਨਤਕਸ਼ ਦਲਿਤ ਨੂੰ ਨੀਚ ਕਮੀਨ, ਛੋਟਾ ਹੋਣ ਦਾ ਹੁਕਮ ਦੇਂਦੇ ਹਨ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਖਤਮ ਕਰਕੇ ਉਨ੍ਹਾਂ ਦੇ ਗਲ ਵਿਚ ਗੁਲਾਮੀ ਪਾਉਂਦੇ ਹਨ ਜੋ ਕਿ ਹੁਣ ਤੱਕ ਚਲਿਆ ਆ ਰਿਹਾ ਹੈ ਅਤੇ ਦਲਿਤ ਇਸ ਜੂਲੇ ਤੋਂ ਕਦੇ ਵੀ ਅਜ਼ਾਦ ਨਹੀਂ ਹੋ ਸਕੇ। ਸੱਚ ਤਾਂ ਇਹ ਹੈ ਕਿ ਇਹ ਸ਼ਾਸ਼ਤਰ ਭਾਰਤੀ ਸੰਵਿਧਾਨ ਵਿਰੋਧੀ ਵੀ ਹਨ। ਉਦਾਹਰਣ ਵਜੋਂ ਇਨ੍ਹਾਂ ਸ਼ਾਸ਼ਤਰਾਂ ਦੇ ਹੁਕਮਨਾਮੇ ਦੇਖਣ ਯੋਗ ਹਨ। ਮਨੂੰ ਸਿਮਰਤੀ (8/313) ਜੇਕਰ ਇਹ ਨੀਚ ਵਰਗ ਆਪਣੇ ਕੰਮ (ਸੇਵਾ ਭਾਵ ਗੁਲਾਮੀ) ਨਹੀਂ ਕਰਨਗੇ ਤਾਂ ਸਾਰੇ ਜਗਤ ਨੂੰ ਦੁਖੀ ਬਣਾ ਦੇਣਗੇ। (10/15) ਚੰਡਾਲ, ਭੰਗੀ, ਚਮਿਆਰ ਆਦਿ ਜਾਤੀਆਂ ਪਿੰਡਾਂ ਤੋਂ ਬਾਹਰ ਰਹਿਣ ਜਾਂ ਵੱਸਣ। ਇਨ੍ਹਾਂ ਦੇ ਬਰਤਨ ਬਹੁਤ ਘਟੀਆ ਹੋਣ। ਇਨ੍ਹਾਂ ਦੀ ਸੰਪਤੀ ਕੁੱਤੇ, ਗਧੇ ਤੇ ਸੂਰ ਆਦਿ ਹੋਣਗੇ। ਮੈਤਰਯਾਨੀ ਸੰਹਿਤਾ (4/113, 8) ਗੋਤਮ ਰਿਸ਼ੀ (ਅਧਿ. 12) ਵਸਿਸ਼ਠ ਸਿਮਰਤੀ (ਅਧਿ.18) ਜੇਕਰ ਸ਼ੂਦਰ ਸਵਰਨ ਇਸਤਰੀ ਨਾਲ ਭੋਗ ਕਰੇ ਤਾਂ ਰਾਜਾ ਉਸ ਦਾ ਲਿੰਗ ਕਟਵਾ ਦੇਵੇ। ਜੇਕਰ ਉਹ ਵੇਦ ਮੰਤਰ ਦਾ ਉਚਾਰਨ ਕਰੇ ਤਾਂ ਉਸ ਦੀ ਜੀਭ ਕਟਵਾ ਦੇਵੇ।

ਭਾਰਤ ਦੇ ਮਹਾਨ ਆਗੂ ਤੇ ਦਲਿਤਾਂ ਦੇ ਮਸੀਹਾ ਡਾ. ਅੰਬੇਡਕਰ ਨੇ ਇਨ੍ਹਾਂ ਸ਼ਾਸ਼ਤਰਾਂ ਦੇ ਹੁਕਮਨਾਮਿਆਂ ਨੂੰ ਰੱਦ ਵੀ ਕੀਤਾ ਹੈ। ਡਾਕਟਰ ਅੰਬੇਡਕਰ ਆਪਣੀ ਪੁਸਤਕ ਜਾਤ-ਪਾਤ ਦੀ ਬੀਜ ਨਾਸ਼ ਵਿਚ ਆਖਦੇ ਹਨ, "ਜੇ ਤੁਸੀਂ ਜਾਤ-ਪਾਤ ਸਿਸਟਮ ਵਿਚ ਪਾੜ ਲਗਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਦੇ ਵੇਦਾਂ ਅਤੇ ਸ਼ਾਸਤਰਾਂ ਨੂੰ ਬਰੂਦ ਦੇ ਗੋਲੇ ਨਾਲ ਉਡਾ ਦੇਣਾ ਹੋਵੇਗਾ, ਜੋ ਦਲੀਲ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਉਨ੍ਹਾਂ ਵੇਦਾਂ ਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਸਦਾਚਾਰ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਤੁਹਾਨੂੰ ਸ਼ੁਰੂਤੀਆਂ ਅਤੇ ਸਿਮਰਤੀਆਂ ਦਾ ਧਰਮ ਤਬਾਹ ਕਰਨਾ ਹੋਵੇਗਾ, ਕੋਈ ਹੋਰ ਗੱਲ ਬੇਫਾਇਦਾ ਹੋਵੇਗੀ। ਇਸ ਮਾਮਲੇ ਬਾਰੇ ਮੇਰਾ ਇਹੀ ਚੰਗੀ ਤਰ੍ਹਾਂ ਸੋਚਿਆ ਹੋਇਆ ਦ੍ਰਿਸ਼ਟੀਕੋਣ ਹੈ .....ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ ਉਹ ਹੁਕਮਨਾਮਿਆਂ ਤੇ ਪਾਬੰਦੀਆਂ ਦੀ ਵੰਡ ਤੋਂ ਛੁਟ ਹੋਰ ਕੁਝ ਨਹੀਂ। (ਹਵਾਲਾ ਲਾਹੌਰੀ ਰਾਮ ਬਾਲੀ, ਯੁੱਗ ਪੁਰਸ਼ ਡਾ. ਅੰਬੇਡਕਰ, ਪੰਨਾ 91)

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਜੇਕਰ ਦਲਿਤਾਂ ਨੇ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੁੜਨਾ ਪਵੇਗਾ, ਜੋ ਉਹਨਾਂ ਨੂੰ ਅਜ਼ਾਦੀ ਦਾ ਰਾਹ ਦਿਖਾਉਂਦੇ ਹਨ। ਸ਼ਾਸਤਰਾਂ ਦੇ ਹਰੇਕ ਹੁਕਮਨਾਮੇ ਨੂੰ ਰੱਦ ਕਰਦੇ ਹਨ ਅਤੇ ਮਨੁੱਖਤਾ ਦਾ ਸਬਕ ਪੜ੍ਹਾਉਂਦੇ ਹੋਏ ਬ੍ਰਾਹਮਣਵਾਦ ਨਾਲ ਜੂਝਣਾ ਸਿਖਾਉਂਦੇ ਹਨ। ਜੇਕਰ ਅਜਿਹੀ ਵਿਧੀ ਜਾਰੀ ਰਹੀ ਤਾਂ ਦੇਸ ਆਰਥਿਕ, ਸਾਮਾਜਿਕ, ਰਾਜਨੀਤਕ, ਗਿਆਨ, ਸਭਿਆਚਾਰਕ ਪੱਖੋਂ ਖਿੰਡ ਜਾਵੇਗਾ, ਕਿਉਂਕਿ ਬ੍ਰਾਹਮਣਵਾਦ ਦੇ ਬੋਲ ਬਾਲੇ ਕਾਰਣ ਹੀ ਹਿੰਦੋਸਤਾਨ, ਭੇਦ-ਭਾਵ, ਅਸਮਾਨਤਾ, ਗਰੀਬੀ, ਅਨਪੜ੍ਹਤਾ, ਅੰਧ-ਵਿਸ਼ਵਾਸਾਂ, ਪਖੰਡਾਂ, ਭ੍ਰਿਸ਼ਟਾਚਾਰ, ਹਿੰਸਾ, ਘਪਲਿਆਂ ਦਾ ਸ਼ਿਕਾਰ ਹੈ। ਇਥੇ ਇਹ ਕਹਿਣਾ ਵਾਜਬ ਹੈ ਕਿ ਬ੍ਰਾਹਮਣਵਾਦ ਦਾ ਮਾਇਆਵਾਦ ਦੇਸ, ਸਮਾਜ ਅਤੇ ਵਿਅਕਤੀ ਦੀ ਪ੍ਰਗਤੀ ਵਿਚ ਰੁਕਾਵਟ ਹੈ। ਬ੍ਰਾਹਮਣਵਾਦ ਦਾ ਮਾਇਆਵਾਦ ਦਾ ਮਾਨਵਵਾਦੀ ਧਰਮਾਂ ਦੇ ਬ੍ਰਹਿਮੰਡੀਕਰਨ ਨਾਲ ਲਗਾਤਾਰ ਟਕਰਾਓ ਹੈ, ਕਿਉਂਕਿ ਬ੍ਰਹਿਮੰਡਵਾਦ ਨਵੀਨਤਾ, ਪ੍ਰਗਤੀ, ਮੌਲਿਕਤਾ, ਸਚਾਈ, ਬਰਾਬਰੀ, ਸਰਬੱਤ ਹਿੱਤ, ਸਰਬੱਤ ਅਜ਼ਾਦੀ, ਗਿਆਨ ਦਾ ਹਿੱਤੂ ਹੈ। 'ਫੁੱਟ ਪਾਓ, ਰਾਜ ਕਰੋ', 'ਖਾਓ, ਪੀਓ ਭੋਗ ਕਰੋ ਬ੍ਰਾਹਮਣਵਾਦ ਦਾ ਮਾਇਆਵਾਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਜੇਕਰ ਅਮਲ ਵਿਚ ਲਿਆ ਕੇ ਇਸ ਵਿਰੁੱਧ ਜਮਹੂਰੀ ਢੰਗ ਨਾਲ ਸੰਘਰਸ਼ ਨਹੀਂ ਕੀਤਾ ਜਾਂਦਾ, ਉਨ੍ਹਾਂ ਚਿਰ ਮਨੁੱਖਤਾ ਦਾ ਭਲਾ ਨਹੀਂ ਹੋ ਸਕਦਾ, ਸਰਬੱਤ ਹਿੱਤ ਸੁਰੱਖਿਅਤ ਨਹੀਂ ਰਹਿ ਸਕਦੇ, ਜਾਤ-ਪਾਤ ਦਾ ਬੀਜ ਨਾਸ਼ ਨਹੀਂ ਹੋ ਸਕਦਾ, ਮਨੁੱਖੀ ਅਧਿਕਾਰਾਂ ਦਾ ਬੋਲਬਾਲਾ ਨਹੀਂ ਹੋ ਸਕਦਾ। ਲੋੜ ਹੈ ਬਾਬੇ ਗੁਰੂ ਨਾਨਕ ਦੇ ਸਿੱਖਾਂ ਨੂੰ ਜਾਗਣ ਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਰਧਾਰਾ ਨੂੰ ਅਮਲੀ ਤੌਰ 'ਤੇ ਪ੍ਰਚਾਰਨ ਅਤੇ ਪ੍ਰਸਾਰਨ ਦੀ।

Star Alliance BROKERAGE

# Indianapolis, Indiana...

ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247



We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੰਜਾਬੀ ਕਲਚਰਲ ਸੈਂਟਰ ਯੂਐੱਸਏ, ਫਰਿਜ਼ਨੋਂ ਦਾ ਸ਼ਾਨਦਾਰ ਉਦਘਾਟਨ

## ਪ੍ਰੋਗਰਾਮ ਮੌਕੇ ਪੇਸ਼ਕਾਰੀਆਂ ਦਾ ਆਨੰਦ ਮਾਣ ਰਹੇ ਲੋਕਾਂ ਦੀ ਭਰਵੀਂ ਸ਼ਮੂਲੀਅਤ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ






















ਫੋਟੋਆਂ : ਰਾਮਾ ਵੀਡੀਓ ਸੈਕਰਾਮੈਂਟੋ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot
Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।



**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।**

### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੈਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1 844 REM 1984**


Sandhu Herbals™
ਸੰਧੂ ਹਰਬਲਜ਼
ਤੰਦਰੁਸਤ ਸਿਹਤ
VEGETARIAN
SanGluco®
ਸੂਗਰ ਲਈ
ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
Supports blood sugar levels already within optimal range*
Promotes healthy weight management*
Bitter Melon also known as karela, it helps regulate normal glucose tolerance*
Bitter Melon
Price : $ 30
Buy Sugar Destroyer Tea
Get Karela Capsules Free
SanPhala
ਕਬਜ਼ ਅਤੇ ਪੇਟ ਸਾਫ਼ ਲਈ
ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
Helps relieve occasional constipation*
Provides a gentle colon cleanse and detox action. *
Supports colon health, regulates intestines to remove stagnant waste.
Buy now : $ 14.99
FREE SHIPPING
SanLipid
ਕਲੈਸਟਰੋਲ ਲਈ
ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
Helps maintain cholesterol levels already within normal range*
Supports heart health.*
Buy now : $ 19.99
SanAshwa
ਤਣਾਅ, ਚਿੰਤਾ ਅਤੇ ਤਾਕਤ ਲਈ
ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
SanAshwa® is a cutting-edge scientific formula rooted in the ancient wisdom of herbs to help you live a happier, healthier life*.
Designed by pharmacists and herbal experts, SanAshwa® has undergone rigorous scientific testing to ensure it is safe and effective.*
Price : $ 49.99
SANDHU HERBALS
Livermore, CA 94551 U.S.A.
ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849
www.sandhuherbals,com | Toll Free : 1 800 570 8849 | MON-SAT 9 AM TO 6 PM

# ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

**ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।**

## ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info


# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons
open 6am to midnight

Phone: 765-478-6300

# ਸ੍ਰੀਲੰਕਾ ਵਿਚ 290 ਬੇਦੋਸ਼ਿਆਂ ਦੇ ਕਤਲ ਦਾ ਕਸੂਰਵਾਰ ਕੌਣ ?

**ਨਿਮਰਤ ਕੌਰ**

ਇਨਸਾਨੀਅਤ ਉਤੇ ਖ਼ਤਰੇ ਦੇ ਸੰਕੇਤ ਸ੍ਰੀਲੰਕਾ ਦੇ ਅਤਿਵਾਦੀ ਹਮਲੇ ਨੇ ਮੁੜ ਦਿੱਤੇ ਹਨ। ਤਾਜ਼ਾ ਹਮਲੇ 'ਚ ਆਈ.ਐਸ.ਆਈ.ਐਸ. ਦੀ ਛਾਪ ਦਿਖਦੀ ਹੈ। ਖ਼ੁਦਕੁਸ਼ੀ ਨੂੰ ਗਲ ਲਾਉਣ ਵਾਲੇ ਜੇਹਾਦੀ ਆਪਣੇ ਕਿਸੇ ਵੀ ਵਾਰ ਵਿਚ ਜ਼ਰਾ ਜਿੰਨੀ ਹਮਦਰਦੀ ਵੀ ਨਹੀਂ ਵਿਖਾਉਂਦੇ। ਅਤਿਵਾਦ ਧਰਮ ਨਾਲ ਸਬੰਧਤ ਨਹੀਂ ਹੁੰਦਾ ਪਰ ਆਈ.ਐਸ.ਆਈ.ਐਸ. ਦੀ ਸ਼ੁਰੂਆਤ ਧਾਰਮਕ ਉਦਾਸੀਨਤਾ ਵਿਚੋਂ ਨਿਕਲਦੀ ਹੈ। ਅੱਜ ਜਦ ਅਮਰੀਕਾ ਆਈ.ਐਸ.ਆਈ.ਐਸ. ਦੇ ਖ਼ਾਤਮੇ ਦਾ ਜਸ਼ਨ ਮਨਾ ਰਿਹਾ ਹੈ, ਪਹਿਲਾਂ ਨਿਊਜ਼ੀਲੈਂਡ ਅਤੇ ਹੁਣ ਸ੍ਰੀਲੰਕਾ ਦੇ ਸ਼ਾਂਤ ਟਾਪੂਆਂ



ਉਤੇ ਹਮਲੇ ਨਾਲ ਸਿੱਧ ਹੋ ਗਿਆ ਹੈ ਕਿ ਅਜੇ ਉਨ੍ਹਾਂ ਵਿਚ ਜਾਨ ਬਾਕੀ ਹੈ—ਜਾਨ ਬਾਕੀ ਹੈ ਜਾਂ ਉਨ੍ਹਾਂ ਵਿਚ ਜਾਨ ਸਾਡੇ ਸਿਆਸਤਦਾਨ ਵਕਤ-ਬੇਵਕਤ ਹੋਰ ਪਾਈ ਜਾ ਰਹੇ ਹਨ। ਆਈ.ਐਸ.ਆਈ.ਐਸ. ਦੇ ਖ਼ਾਤਮੇ ਲਈ ਮੁਸਲਮਾਨ ਕੌਮ ਵਿਰੁਧ ਨਫ਼ਰਤ ਦੀ ਜਿਸ ਲਹਿਰ ਦੀ ਸ਼ੁਰੂਆਤ ਕਰ ਦਿਤੀ ਗਈ ਹੈ, ਉਸ ਨੂੰ ਬੰਦ ਕਰਨਾ ਪਵੇਗਾ। 9/11 ਤੋਂ ਬਾਅਦ ਅਮਰੀਕਾ ਨੇ ਆਪਣੀ ਸੁਰੱਖਿਆ ਤੇਜ਼ ਕਰ ਲਈ, ਪਰ ਨਫ਼ਰਤ ਨਹੀਂ ਬੰਦ ਕੀਤੀ। ਅੱਜ ਇਹ ਗੁੱਸਾ ਵੱਡੇ ਦੇਸ਼ਾਂ ਵੱਲ ਹੈ, ਜਿਨ੍ਹਾਂ ਨੂੰ ਮੁਸਲਮਾਨ ਅਤਿਵਾਦੀ ਸੀਰੀਆ, ਅਫ਼ਗ਼ਾਨਿਸਤਾਨ ਵਰਗੇ ਮੁਸਲਮਾਨ ਦੇਸ਼ਾਂ ਦੀ ਤਬਾਹੀ ਲਈ ਜ਼ਿੰਮੇਵਾਰ ਮੰਨਦੇ ਹਨ। ਉਨ੍ਹਾਂ ਦੇ ਗੁੱਸੇ ਦਾ ਫੱਟ ਸ੍ਰੀਲੰਕਾ ਨੂੰ ਸਹਿਣਾ ਪਿਆ ਹੈ। ਸਿਆਸੀ ਲੋਕ ਅਪਣੇ ਨਿੱਜੀ ਸਵਾਰਥ ਵਾਸਤੇ ਕੁੱਝ ਵੀ ਕਰ ਸਕਦੇ ਹਨ ਤੇ ਕਿਧਰੇ ਵੀ ਮੌਤ ਦਾ ਨਾਚ ਨੱਚ ਸਕਦੇ ਹਨ ਪਰ ਉਸ ਗੁੱਸੇ ਦੀ ਪੀੜਾ ਇਨਸਾਨਾਂ ਨੂੰ ਚੁਕਾਉਣੀ ਪੈਂਦੀ ਹੈ। ਅੱਜ ਭਾਰਤ ਵਿਚ ਵੀ ਸਿਆਸੀ ਜ਼ੁਬਾਨ ਜਿਹੜੀ ਨਫ਼ਰਤ ਉਗਲ ਰਹੀ ਹੈ, ਕੀ ਇਸ ਦਾ ਅਸਰ ਭਾਰਤ ਦੇ ਵਾਤਾਵਰਣ ਉਤੇ ਨਹੀਂ ਪਵੇਗਾ ? ਜਦੋਂ ਇਕ ਅਤਿਵਾਦ ਦੀ ਮੁਲਜ਼ਮ ਔਰਤ ਨੂੰ ਭਾਰਤੀ ਸੰਸਦ ਦਾ ਉਮੀਦਵਾਰ ਐਲਾਨਿਆ ਜਾਂਦਾ ਹੈ ਤਾਂ ਭਾਵੇਂ ਉਹ ਜਿੱਤੇ ਜਾਂ ਹਾਰੇ, ਸਿਸਟਮ ਦੀ ਹਾਰ ਤਾਂ ਪਹਿਲਾਂ ਹੀ ਹੋ ਚੁੱਕੀ ਹੈ। ਉਸ ਨੂੰ ਇਸ ਕਰ ਕੇ ਉਤਾਰਿਆ ਗਿਆ ਹੈ ਕਿਉਂਕਿ ਉਸ ਉਤੇ ਮੁਸਲਮਾਨ ਕੌਮ ਉਤੇ ਕਾਤਲਾਨਾ ਵਾਰ ਕਰਨ ਦੇ ਦੋਸ਼ ਹਨ। ਇਸ ਦੋਸ਼ ਨੂੰ ਹੁਣ ਜਿੱਤ ਦਾ ਮੈਡਲ ਮੰਨਿਆ ਜਾ ਰਿਹਾ ਹੈ। ਜਦੋਂ ਚੋਣ ਮੰਚ ਉਤੇ ਭਾਰਤ ਦਾ ਪ੍ਰਧਾਨ ਮੰਤਰੀ ਭਾਰਤ ਦੀ ਪ੍ਰਮਾਣੂ ਤਾਕਤ ਨੂੰ ਗੁਆਂਢੀ ਦੇਸ਼ਾਂ ਉਤੇ ਵਰਤਣ ਦੀ ਗੱਲ ਕਰਦਾ ਹੈ ਤਾਂ ਇਹ ਖ਼ਿਆਲੀ ਪ੍ਰਦੂਸ਼ਣ ਭਾਰਤੀ ਸਮਾਜ ਉਤੇ ਵੀ ਆਪਣਾ ਅਸਰ ਛੱਡੇਗਾ। ਅੱਜ ਸਿਆਸਤ ਧਰਤੀ ਉਤੇ, ਇਨਸਾਨਾਂ ਦੇ ਦਿਲ 'ਚ, ਕੁਦਰਤ ਦੇ ਹਰ ਵਾਸੀ ਉਤੇ ਅਪਣੀਆਂ ਲਾਲਸਾਵਾਂ ਦਾ ਪ੍ਰਦੂਸ਼ਣ ਖਿਲਾਰ ਰਹੀ ਹੈ। ਜਿਸ ਤਰ੍ਹਾਂ ਧਰਤੀ ਉਤੇ ਸੂਰਜ ਦੀ ਅੱਗ ਮਹਿਸੂਸ ਹੋ ਰਹੀ ਹੈ, ਇਸ ਨਫ਼ਰਤ ਦੀ ਅੱਗ ਵੀ ਹਰ ਆਮ ਗ਼ਰੀਬ ਇਨਸਾਨ ਮਹਿਸੂਸ ਕਰੇਗਾ। ਸ੍ਰੀਲੰਕਾ ਵਿਚ ਜਾਨਾਂ ਗਵਾਉਣ ਵਾਲੇ ਉਨ੍ਹਾਂ ਆਮ 290 ਇਨਸਾਨਾਂ ਦਾ ਅਸਲ ਕਸੂਰਵਾਰ ਸਿਆਸਤਦਾਨ ਹੀ ਹੈ।

# ਖਾਲਸਾ ਕੇਅਰ ਫਾਊਂਡੇਸ਼ਨ ਵੱਲੋਂ ਵਿਸਾਖੀ ਨੂੰ ਸਮਰਪਿਤ ਸਮਾਗਮ







**ਪਿਕੋਇਮਾ/ਏਟੀ ਨਿਊਜ਼ :** ਖਾਲਸਾ ਕੇਅਰ ਫਾਊਂਡੇਸ਼ਨ (ਕੇਸੀਐਫ) ਵੱਲੋਂ ਪਿਕੋਇਮਾ (ਕੈਲੀਫੋਰਨੀਆ) ਵਿਚ ਵਿਸ਼ਾਲ ਸਮਾਰੋਹ ਕਰ ਕੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿਚ ਸਿੱਖ ਸੰਗਤਾਂ ਦੂਰ ਦੁਰਾਡੇ ਤੋਂ ਆ ਕੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੀਆਂ ਤਿਆਰੀਆਂ ਕਾਫੀ ਸਮੇਂ ਤੋਂ ਸ਼ੁਰੂ ਹੋ ਗਈਆਂ ਸਨ ਅਤੇ 15 ਅਪ੍ਰੈਲ ਨੂੰ ਸ਼ਾਮ 6:30 ਵਜੇ ਤੋਂ 8:30 ਵਜੇ ਤਕ ਵਿਸਾਖੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸਿੱਖ ਸੰਗਤਾਂ ਨੇ ਇਸ ਦੇ ਹਰ ਪਲ ਦਾ ਬਾਖੂਬੀ ਆਨੰਦ ਮਾਣਿਆ। ਇਨ੍ਹਾਂ ਸਮਾਗਮਾਂ ਵਿਚ ਹਜ਼ੂਰੀ ਰਾਗੀ ਭਾਈ ਵਰਿੰਦਰ ਸਿੰਘ, ਸੰਤ ਅਨੂਪ ਸਿੰਘ, ਭਾਈ ਸੰਦੀਪ ਸਿੰਘ ਅਤੇ ਭਾਈ ਗੁਰਜੋਤ ਸਿੰਘ ਨੇ ਸ਼ਾਮਲ ਹੋ ਕੇ ਸੰਗਤਾਂ ਨੂੰ ਅਨੰਦਮਈ ਕੀਰਤਨ ਨਾਲ ਨਿਹਾਲ ਕੀਤਾ। ਸੰਗਤ ਲਈ ਸੌਖੇ ਸ਼ਬਦਾਂ ਵਿਚ ਗੁਰਬਾਣੀ ਦੀ ਵਿਆਖਿਆ ਕਰਨ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਭਾਵ-ਅਰਥ ਦੱਸਿਆ ਜਾ ਗਿਆ। ਸੰਗਤਾਂ ਦੀ ਮੰਗ ਉਤੇ ਸੰਤ ਅਨੂਪ ਸਿੰਘ ਅਤੇ ਸਮੁੱਚੀ ਪਾਰਟੀ ਵੱਲੋਂ ਸ਼ਾਮ ਨੂੰ ਸੁਰੀਲੇ ਕੀਰਤਨ ਦੀ ਸੇਵਾ ਕੀਤੀ ਗਈ ਹੈ। ਐਤਵਾਰ ਸਵੇਰੇ ਕਰੀਬ 10:00 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਨਿਭਾਈ ਗਈ। ਗੁਰੂ ਕਾ ਲੰਗਰ ਹਮੇਸ਼ਾ ਵਾਗ ਖੁੱਲ੍ਹਾ ਵਰਤਾਇਆ ਗਿਆ। ਲੰਗਰ ਦੀ ਸੇਵਾ ਭਾਈ ਕਨ੍ਹਈਆ ਜੀ ਲੰਗਰ ਸੇਵਾ ਦਲ ਦੁਆਰਾ ਕੀਤੀ ਗਈ, ਜੋ ਸਰਾਹੁਣਯੋਗ ਸੀ। ਸੰਗਤ ਨੂੰ ਦੱਸਿਆ ਜਾਂਦਾ ਹੈ ਕਿ 1 ਮਈ ਤੋਂ ਜੂਨ 9 ਤਕ 40 ਦਿਨਾਂ ਦੇ ਗੁਰਮਤਿ ਸਮਾਗਮ ਦੌਰਾਨ ਰੋਜ਼ਾਨਾ ਸ਼ਾਮੀਂ 6:30 ਵਜੇ ਤੋਂ 7:30 ਵਜੇ ਤਕ ਅਤੇ ਐਤਵਾਰ ਸਵੇਰੇ 10:00 ਵਜੇ ਤੋਂ 11:30 ਵਜੇ ਤਕ ਸੁਖਮਨੀ ਸਾਹਿਬ ਦੇ ਪਾਠ ਹੋਇਆ ਕਰਨਗੇ।

# ਨੌਜਵਾਨਾਂ ਨੂੰ ਸਿੱਖ-ਇਤਿਹਾਸ ਬਾਰੇ ਜਾਨਣ ਲਈ ਸੈਮੀਨਾਰ

**ਸਾਇਨਾ(ਫਲੋਰਿਡਾ)/ਏਟੀ ਨਿਊਜ਼ :** ਸਿੱਖ ਯੂਥ ਸਿੰਪੋਜ਼ੀਅਮ ਵੱਲੋਂ ਸ਼ਨੀਵਾਰ 20 ਅਪਰੈਲ, 2019 ਨੂੰ ਸਥਾਨਕ ਗੁਰਦੁਆਰਾ ਗੁਰੂ ਅੰਗਦ ਦਰਬਾਰ ਸਾਹਿਬ ਵਿਖੇ ਇਕ ਸੈਮੀਨਾਰ ਦਾ ਆਯੋਜਨ ਸਵੇਰੇ 9 ਤੋਂ ਸ਼ਾਮ 1 ਵਜੇ ਤੱਕ ਕੀਤਾ ਗਿਆ। ਇਸ ਸੈਮੀਨਾਰ ਵਿਚ 6 ਤੋਂ 22 ਸਾਲ ਦੀ ਉਮਰ ਵਰਗ ਦੇ ਤਕਰੀਬਨ 58 ਨੌਜਵਾਨਾਂ ਨੇ ਨਾਮ ਦਰਜ ਕਰਵਾਏ ਅਤੇ 40 ਨੌਜਵਾਨਾਂ ਨੇ ਸਿੱਖ-ਇਤਿਹਾਸ ਬਾਰੇ ਸੈਮੀਨਾਰ ਵਿਚ ਹਾਜ਼ਰੀ ਭਰੀ। ਸਿੱਖ-ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪਹਿਲੇ ਗਰੁੱਪ ਨੇ ਸਾਕਾ ਚਮਕੌਰ ਸਾਹਿਬ ਬਾਰੇ, ਦੂਜੇ ਨੇ ਸਿੱਖ ਸਾਖੀਆਂ ਬਾਰੇ, ਤੀਜੇ ਨੇ ਦਸਤਾਰ ਬਾਰੇ, ਚੌਥੇ ਨੇ ਗੁਰਬਾਣੀ ਦੇ ਸੰਦੇਸ਼ ਬਾਰੇ ਅਤੇ ਪੰਜਵੇਂ ਗਰੁੱਪ ਨੇ 1984 ਦੀ ਸਿੱਖ ਨਸਲਕੁਸ਼ੀ ਬਾਰੇ ਚਰਚਾ ਕੀਤੀ। ਹਰ ਵਰਗ ਵਿਚ ਤਿੰਨ ਸਵਾਲ ਸਨ। ਆਖਰੀ ਗਰੁੱਪ ਵਿਚ ਸਿੱਖਾਂ ਨੂੰ ਹੀ ਹਮੇਸ਼ਾ ਕਿਉਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ, ਭਾਰਤ ਵਿਚ ਦਰਬਾਰ ਸਾਹਿਬ ਉਤੇ ਹਮਲੇ ਦੇ ਕਾਰਨ ਤੇ ਸਿੱਖਾਂ ਦੇ ਭਵਿੱਖ ਬਾਰੇ ਚਰਚਾ ਕਰਨਾ ਬਹੁਤ ਦੁਖਦਾਈ ਸੀ। ਪ੍ਰੋਗਰਾਮ ਦੇ ਸਥਾਨਕ ਕਨਵੀਨਰ ਡਾ. ਮਨਬੀਰ ਸਿੰਘ ਵੱਲੋਂ ਪਿਛਲੇ 20 ਸਾਲਾਂ ਤੋਂ ਇਸ ਪ੍ਰੋਗਰਾਮ ਲਈ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਇਸ ਸੈਮੀਨਾਰ ਦੇ ਜੇਤੂਆਂ ਨੂੰ ਅਗਲੇ ਪੱਧਰ ਤਕ ਲਿਜਾਇਆ ਜਾ ਰਿਹਾ ਹੈ ਅਤੇ ਆਖਰੀ ਪੜਾਅ ਵਿਚ ਅੰਤਰਰਾਸ਼ਟਰੀ ਪ੍ਰੋਗਰਾਮ ਇਸ



ਸਾਲ ਅਗਸਤ ਦੇ ਪਹਿਲੇ ਹਫਤੇ ਵਿੱਚ ਓਹਾਈਓ ਸਟੇਟ ਵਿਚ ਹੋਵੇਗਾ। ਵਲੰਟੀਅਰਾਂ ਦੀ ਟੀਮ ਵਿਚ ਸਤਨਾਮ ਸਿੰਘ ਜੀ, ਅਜੀਤ ਸਿੰਘ ਜੀ, ਸੰਧੂ ਸਾਹਿਬ, ਜਗਦੀਸ਼ ਕੌਰ, ਰਣਦੀਪ ਸਿੰਘ, ਧੀਰਜ ਕੌਰ, ਭੁਪਿੰਦਰ ਸਿੰਘ, ਨਵਤੇਜ ਸਿੰਘ, ਬਲਮੀਤ ਸਿੰਘ, ਸਿਮਰਨ ਸਿੰਘ, ਅਮਨਦੀਪ ਕੌਰ, ਤਰਨਜੀਤ ਕੌਰ, ਮਨਦੀਪ ਕੌਰ, ਅਮਨੀਤ ਕੌਰ ਅਤੇ ਜਸਪ੍ਰੀਤ ਕੌਰ ਸ਼ਾਮਲ ਸਨ। ਗੁਰਦੁਆਰਾ ਸਾਹਿਬ ਦੇ ਮੁਖ ਗ੍ਰੰਥੀ ਭਾਈ ਜਸਮੇਸ਼ ਸਿੰਘ ਜੀ ਨੇ ਇਨਾਮ ਵੰਡਣ ਵਿਚ ਮਦਦ ਕੀਤੀ ਅਤੇ ਅਰਦਾਸ ਕੀਤੀ। ਇਸ ਖੇਤਰ ਦੇ ਸਿੱਖ ਯੂਥ ਨੂੰ ਸਿੱਖ ਇਤਿਹਾਸ ਬਾਰੇ ਜਾਨਣ ਲਈ ਯਤਨ ਜਾਰੀ ਰੱਖਣ ਉਤੇ ਡਾ. ਮਨਬੀਰ ਸਿੰਘ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਗੌਰਤਲਬ ਹੈ ਕਿ ਇਹ ਸਿੰਪੋਜ਼ੀਅਮ ਸਿੱਖ ਯੂਥ ਅਲਾਇੰਸ ਫਲੋਰੀਡਾ (ਉੱਤਰੀ ਅਮਰੀਕਾ) ਦਾ ਹਿੱਸਾ ਹੈ।

# ਅਮਰੀਕਾ ਦਾ ਵਿਕਲਾਂਗ ਸਹੂਲਤਾਂ ਵਾਲਾ ਮਾਡਲ ਪੰਜਾਬ 'ਚ ਲਾਗੂ ਕਰਨਗੇ ਐੱਸਪੀ. ਸਿੰਘ ਉਬਰਾਏ

**ਮੈਰੀਲੈਂਡ/ਗਿੱਲ :** ਸੰਸਾਰ ਦੀ ਜਾਣੀ—ਪਹਿਚਾਣੀ ਸ਼ਖਸੀਅਤ ਤੇ ਸਰਬੱਤ ਦਾ ਭਲਾ ਸੰਸਥਾ ਦੇ ਫਾਊਂਡਰ ਐੱਸਪੀ. ਸਿੰਘ ਉਬਰਾਏ ਵਿਸ਼ੇਸ ਤੌਰ 'ਤੇ ਅਮਰੀਕਾ ਦਾ ਵਿਕਲਾਂਗ ਮਾਡਲ ਦੇਖਣ ਸੈਂਟਰ ਫਾਰ ਸ਼ੋਸ਼ਲ ਚੇਂਜ਼ ਦੇ ਕਾਰਪੋਰੇਟ ਆਫਿਸ ਪਹੁੰਚੇ। ਇਥੇ ਉਨ੍ਹਾਂ ਸੈਂਟਰ ਫਾਰ ਸ਼ੋਸ਼ਲ ਚੇਂਜ ਦੇ ਸੀਈਓ ਜਸਦੀਪ ਸਿੰਘ ਜੱਸੀ ਨਾਲ ਮੁਲਾਕਾਤ ਕੀਤੀ। ਵਿਕਲਾਂਗਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਰਿਕਾਰਡ ਅਤੇ ਉਨਾਂ ਦੀ ਰਿਹਾਇਸ਼ ਆਦਿ ਨੂੰ ਬਹੁਤ ਹੀ ਕਰੀਬ ਤੋਂ ਵਾਚਿਆ ਗਿਆ। ਜਸਦੀਪ ਸਿੰਘ ਜੱਸੀ ਨੇ ਸੈਂਟਰ ਫਾਰ ਸ਼ੋਸ਼ਲ ਚੇਂਜ ਦੀ ਕਾਰਗੁਜ਼ਾਰੀ, ਵਿਕਲਾਗਾਂ ਨੂੰ ਦਿੱਤੀ ਜਾਂਦੀ ਟਰੇਨਿੰਗ ,ਉਪਲਬਧੀਆਂ ਅਤੇ ਉਨਾਂ ਦੀ ਸਾਂਭ ਸੰਭਾਲ ਦੇ ਪੂਰੇ ਮਾਡਲ ਨੂੰ ਦਿਲ ਖੋਲ੍ਹ ਕੇ ਐੱਸ.ਪੀ. ਸਿੰਘ ਉਬਰਾਏ ਨਾਲ



ਸਾਂਝਿਆਂ ਕੀਤਾ ਜੋ ਇਸ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਉਨਾਂ ਦਾ ਕਹਿਣਾ ਹੈ ਕਿ ਅਜਿਹਾ ਵਿਕਲਾਂਗ ਮਾਡਲ ਉਹ ਪੰਜਾਬ ਵਿਚ ਵੀ ਸ਼ੁਰੂ ਕਰਨਗੇ, ਜਿਸ ਲਈ ਪੰਜਾਬ ਸਰਕਾਰ ਨੂੰ ਪਹਿਲ ਕਦਮੀ ਕਰਨੀ ਹੋਵੇਗੀ। ਐੱਸ.ਪੀ ਸਿੰਘ ਉਬਰਾਏ ਦਾ ਕਹਿਣਾ ਸੀ ਕਿ ਭਾਰਤ ਵਿੱਚ ਅਜਿਹੀਆਂ ਸਹੂਲਤਾਂ ਲਈ ਸਰਕਾਰ ਦਾ ਕੋਈ ਪ੍ਰੋਗਰਾਮ ਨਹੀਂ ਹੈ, ਜਿਸ ਲਈ ਵਿਕਲਾਂਗ ਯੂਨੀਵਰਸਿਟੀ ਸਮੇਂ ਦੀ ਲੋੜ ਹੈ, ਜਿੱਥੇ ਅਮਰੀਕਾ ਦਾ ਵਿਕਲਾਂਗ ਮਾਡਲ ਲਾਗੂ ਕੀਤਾ ਜਾਵੇ। ਉਨਾਂ ਕਿਹਾ ਕਿ ਮਾਨਵਤਾ ਦੀ ਸੇਵਾ ਦਾ ਸੰਕਲਪ ਤਾਂ ਹੀ ਪੂਰਾ ਹੋਵੇਗਾ, ਜੇਕਰ ਅਜਿਹੀਆਂ ਸਹੂਲਤਾਂ ਵਾਲਾ ਕੋਈ ਕੇਂਦਰ ਸ਼ੁਰੂ ਕੀਤਾ ਜਾਵੇ। ਸੋ ਵਿਕਲਾਂਗ ਯੂਨੀਵਰਸਿਟੀ ਨੂੰ ਹੋਂਦ ਵਿਚ ਲਿਆਉਣਾ ਉਨ੍ਹਾਂ ਦਾ ਪਹਿਲਾਂ ਕਦਮ ਹੈ। ਜਸਦੀਪ ਸਿੰਘ ਜੱਸੀ ਸੀਈਓ ਨੇ ਵੀ ਇਸ ਵਾਸਤੇ ਪੂਰਨ ਤੌਰ 'ਤੇ ਸਹਿਮਤੀ ਦਿੰਦਿਆਂ ਮਦਦ ਦੇਣ ਦਾ ਵਾਅਦਾ ਕੀਤਾ। ਇਸ ਮੀਟਿੰਗ ਵਿੱਚ ਡਾਕਟਰ ਸੁਰਿੰਦਰ ਸਿੰਘ ਗਿੱਲ ਅਤੇ ਡਾ. ਸੁਖਪਾਲ ਸਿੰਘ ਧਨੋਆ ਵੀ ਸ਼ਾਮਿਲ ਸਨ। ਉਨਾਂ ਕਿਹਾ ਕਿ ਵਿਕਲਾਂਗ ਯੂਨਵਿਰਸਿਟੀ ਸਬੰਧੀ ਸਹਿਯੋਗ ਦੇ ਨਾਲ ਨਾਲ ਉਨ੍ਹਾਂ ਆਪਣੀਆਂ ਸੇਵਾਵਾਂ ਦੇਣ ਦੀ ਵੀ ਪੇਸ਼ਕਸ਼ ਕੀਤੀ ਹੈ। ਸਿੱਖਸ ਆਫ ਅਮਰੀਕਾ ਵੱਲੋਂ ਐੱਸਪੀ. ਸਿੰਘ ਉਬਰਾਏ ਨੂੰ ਉਨ੍ਹਾਂ ਵੱਲੋਂ ਮਾਨਵਤਾ ਦੀ ਸੇਵਾ ਅਤੇ ਸਹੂਲਤਾਂ ਸਦਕਾ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ ਜੋ ਜਸਦੀਪ ਸਿੰਘ ਜੱਸੀ ਚੇਅਰਮੈਨ ਅਤੇ ਡਾਕਟਰ ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਵੱਲੋਂ ਦਿੱਤਾ ਗਿਆ। ਉਨ੍ਹਾ ਕਿਹਾ ਕਿ ਆਸ ਹੈ ਕਿ ਅਮਰੀਕਾ ਦਾ ਵਿਕਲਾਂਗ ਸਹੂਲਤਾਂ ਵਾਲਾ ਮਾਡਲ ਅਤੇ ਵਿਕਲਾਂਗ ਯੂਨੀਵਰਸਿਟੀ ਪੰਜਾਬ ਵਿਚ ਵੀ ਜਲਦੀ ਹੀ ਹੋਂਦ ਵਿੱਚ ਆ ਜਾਵੇਗੀ ਜੋ ਵਿਕਲਾਂਗ ਕਮਿਊਨਿਟੀ ਲਈ ਵਰਦਾਨ ਸਾਬਤ ਹੋਵੇਗੀ।

# ਦੁਨੀਆ 'ਚ ਮਸ਼ਹੂਰ ਹੋਇਆ ਪੰਜਾਬ ਪੁਲਿਸ ਦਾ ਮੁਲਾਜ਼ਮ ਜਗਦੀਪ ਸਿੰਘ

ਪੰਜਾਬ ਦੀ ਗੁਰੂ ਨਗਰੀ ਤਰਨ ਤਾਰਨ ਦੇ ਰਹਿਣ ਵਾਲੇ ਜਗਦੀਪ ਸਿੰਘ 7 ਫ਼ੁਟ 6 ਇੰਚ ਭਾਰ 190 ਕਿਲੋ ਪੂਰੀ ਦੁਨੀਆ ਦੇ ਸਭ ਤੋਂ ਲੰਬੇ ਪੁਲਿਸ ਮੁਲਾਜ਼ਮ ਵਜੋਂ ਛਾਏ ਹੋਏ ਹਨ। ਉਸ ਦਾ ਕੱਦ ਰੈਸਲਰ ਦਲੀਪ ਸਿੰਘ ਰਾਣਾ ਉਰਫ਼ ਦ ਗਰੇਟ ਖਲੀ ਤੋਂ ਵੀ ਪੰਜ ਇੰਚ ਜ਼ਿਆਦਾ ਹੈ। ਜਗਦੀਪ ਸਿੰਘ ਪੰਜਾਬ ਪੁਲਿਸ ਵਿਚ ਟ੍ਰੈਫ਼ਿਕ ਪੁਲਿਸ ਦੇ ਮੁਲਾਜ਼ਮ ਹਨ। ਉਨ੍ਹਾਂ ਦਾ ਹੈ। ਜਗਦੀਪ ਸਿੰਘ ਦੀ ਉਚਾਈ ਬੇਹੱਦ ਲੰਬੀ ਹੋਣ ਕਾਰਨ ਉਨ੍ਹਾਂ ਦੀ ਪੁਲਿਸ ਦੀ ਵਰਦੀ ਖਾਸ ਤੌਰ 'ਤੇ ਸਿਲਵਾਈ ਜਾਂਦੀ ਹੈ। ਉਨ੍ਹਾਂ ਦੇ ਜੁੱਤੀਆਂ ਦਾ ਨੰਬਰ ਵੀ 19 ਹੈ, ਜਿਨ੍ਹਾਂ ਨੂੰ ਵਿਦੇਸ਼ ਤੋਂ ਖਾਸ ਆਰਡਰ ਤੇ ਮੰਗਵਾਇਆ ਜਾਂਦਾ ਹੈ। ਉਸ ਨੇ ਦੱਸਿਆ ਕਿ ਉਹ ਸਪੋਰਟ ਲਈ ਆਪਣੀ ਕੁਰਸੀ ਨੂੰ ਕੰਧ ਨਾਲ ਢੋਹ ਲਾ ਕੇ ਰੱਖਦਾ ਹੈ ਤੇ ਫਿਰ ਉਸ 'ਤੇ ਬੈਠਦਾ ਹੈ। ਨਹੀਂ ਤਾਂ ਅਕਸਰ ਕੁਰਸੀ ਟੁੱਟ ਜਾਂਦੀ ਹੈ। ਜੇਕਰ ਤੁਹਾਨੂੰ ਜਗਦੀਪ ਸਿੰਘ ਨਾਲ ਸੈਲਫ਼ੀ ਲੈਣੀ ਹੋਵੇ ਤਾਂ ਤੁਹਾਨੂੰ ਇਸ ਕੰਮ ਵਿਚ ਪੌੜੀਆਂ ਦੀ ਵਰਤੋਂ ਕਰਨੀ ਪਵੇਗੀ।

ਉਹ ਪੁਲਿਸ ਦੇ ਵਾਹਨਾਂ ਦਾ ਇਸਤੇਮਾਲ ਨਹੀਂ ਕਰ ਸਕਦਾ, ਕਿਉਂਕਿ ਗੱਡੀਆਂ ਉਨ੍ਹਾਂ ਲਈ ਛੋਟੀਆਂ ਪੈ ਜਾਂਦੀਆਂ ਹਨ। ਉਹ ਆਪਣੀ ਮੌਡੀਫਾਈਡ ਮਹਿੰਦਰਾ





ਬਲੈਰੋ ਲੈ ਕੇ ਜਾਂਦਾ ਹੈ ਤੇ ਇਹ ਉਸ ਲਈ ਕਾਫੀ ਮਹਿੰਗਾ ਪੈਂਦਾ ਹੈ, ਕਿਉਂਕਿ ਉਸ ਨੂੰ ਆਪਣੀ ਜੇਬ੍ਹ ਵਿਚੋਂ ਤੇਲ ਦਾ ਖਰਚਾ ਕੱਢਣਾ ਪੈਂਦਾ ਹੈ। ਪੰਜਾਬ ਪੁਲਿਸ ਦੀ ਸ਼ਾਨ ਬਣੇ ਜਗਦੀਪ ਸਿੰਘ ਨੂੰ ਦੁਨੀਆ ਦਾ ਸਭ ਤੋਂ ਉੱਚਾ ਪੁਲਿਸ ਮੁਲਾਜ਼ਮ ਕਿਹਾ ਜਾਂਦਾ ਹੈ। ਪੁਲਿਸ ਤੋਂ ਇਲਾਵਾ ਉਹ ਫਿਲਮ ਇੰਡਸਟਰੀ ਵਿਚ ਵੀ ਕਾਫ਼ੀ ਮਸ਼ਹੂਰ ਹਨ। ਫਿਲਮ 'ਰੰਗ ਦੇ ਬਸੰਤੀ', 'ਹੇਰਾਫੇਰੀ', 'ਤਿੰਨ ਥੇ ਭਾਈ' ਅਤੇ 'ਵੈਲਕਮ ਨਿਊਯਾਰਕ' ਦੇ ਵਿਚ ਕੰਮ ਕਰ ਚੁੱਕੇ ਹਨ। ਕੁਝ ਚਿਰ ਪਹਿਲਾਂ ਸਿੱਖੀ ਬਾਣੇ ਵਿਚ ਨਜ਼ਰ ਆਉਣ ਵਾਲੇ ਇਸ ਨੌਜਵਾਨ ਨੇ ਭਾਈ ਵੀਰ ਸਿੰਘ ਗਤਕਾ ਪਾਰਟੀ ਨਾਲ ਮਿਲ ਕੇ ਅਮਰੀਕਾ ਗੌਟ ਟੈਲੇਂਟ ਵਿਚ ਹਿੱਸਾ ਲਿਆ ਸੀ ਤੇ ਗਤਕੇ ਦੇ ਅਜਿਹੇ ਜੌਹਰ ਵਿਖਾਏ ਕਿ ਵੇਖਣ ਵਾਲੇ ਦੰਗ ਰਹਿ ਗਏ। ਜਗਦੀਪ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਭਾਰਤ ਦੇ ਸਭ ਤੋਂ ਲੰਬਾ ਪੁਲਿਸ ਵਾਲਾ ਹੋਣ ਤੇ ਮਾਣ ਹੈ ਜਿਸ ਕਾਰਨ ਉਹ ਆਪਣੀ ਲੰਬਾਈ ਕਾਰਨ ਬੇਹੱਦ ਖੁਸ਼ ਹਨ। ਹਾਲਾਂਕਿ ਜਗਦੀਪ ਦਾ ਕਹਿਣਾ ਹੈ ਕਿ ਉਨ੍ਹਾਂ ਕਦੇ-ਕਦੇ ਨਵੇਂ ਕੱਪੜੇ ਲੱਭਣ, ਲੋਕਸ ਬੱਸ ਵਿਚ ਸਫਰ ਕਰਨ ਦੌਰਾਨ ਕਾਫੀ ਪ੍ਰੇਸ਼ਾਨੀ ਹੁੰਦੀ ਹੈ ਜਿਸ ਕਾਰਨ ਉਨ੍ਹਾਂ ਆਪਣੀ ਹੀ ਕਾਰ ਵਿਚ ਸਫ਼ਰ ਕਰਨਾ ਪੈਂਦਾ ਹੈ।

ਉਨ੍ਹਾਂ ਦਸਿਆ ਕਿ ਲੰਬਾਈ ਮੁਤਾਬਕ ਉਨ੍ਹਾਂ ਨੂੰ ਆਪਣੇ ਵਿਆਹ ਵਾਸਤੇ ਕੋਈ ਕੁੜੀ ਨਹੀਂ ਲੱਭ ਰਹੀ ਸੀ। ਲੰਬਾਈ ਜ਼ਿਆਦਾ ਹੋਣ ਕਾਰਨ ਉਨ੍ਹਾਂ ਨਾਲ ਕੋਈ ਵੀ ਕੁੜੀ ਵਿਆਹ ਕਰਨ ਨੂੰ ਤਿਆਰ ਨਹੀਂ ਸੀ। ਪਰ ਅੱਜ ਜਗਦੀਪ ਸਿੰਘ ਵਿਆਹੇ ਹੋਏ ਹਨ ਤੇ ਉਨ੍ਹਾਂ ਦੀ ਪਤਨੀ ਸੁਖਬੀਰ ਕੌਰ ਦੀ ਲੰਬਾਈ ਵੀ 5 ਫ਼ੁੱਟ 11 ਇੰਚ ਹੈ। ਸੁਖਬੀਰ ਕੌਰ ਆਪਣੇ ਪਤੀ ਜਗਦੀਪ ਸਿੰਘ ਦਾ ਬੇਹੱਦ ਖਿਆਲ ਰੱਖਦੀ ਹਨ। ਇਸ ਸਬੰਧੀ ਉਸ ਦੀ ਪਤਨੀ ਸੁਖਬੀਰ ਨੇ ਕਿਹਾ ਕਿ ਉਸ ਨੂੰ ਇਹ ਜਾਣ ਕੇ ਚੰਗਾ ਲੱਗਦਾ ਹੈ ਕਿ ਉਸ ਦਾ ਪਤੀ ਸਭ ਤੋਂ ਲੰਮਾ ਪੁਲਿਸ ਮੁਲਾਜ਼ਮ ਹੈ। ਉਸ ਨੇ ਦੱਸਿਆ ਕਿ ਉਹ ਜਿੱਥੇ ਵੀ ਜਾਂਦੇ ਹਨ, ਲੋਕ ਉਨ੍ਹਾਂ ਨਾਲ ਕਿਸੇ ਸੈਲਿਬਰਿਟੀ ਵਾਂਗ ਵਿਹਾਰ ਕਰਦੇ ਹਨ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਦੇ ਸਭ ਤੋਂ ਲੰਬੇ ਪੁਲਿਸ ਮੁਲਾਜ਼ਮ ਜਗਦੀਪ ਸਿੰਘ ਤੋਂ ਪਹਿਲਾ ਦੁਨੀਆ ਦੇ ਸਭ ਤੋਂ ਲੰਬੇ ਪੁਲਿਸ ਵਾਲੇ ਵੀ ਭਾਰਤ ਤੋਂ ਹੀ ਹਨ। ਜਿਸਦੀ ਮਿਸਾਲ ਹਰਿਆਣਾ ਦੇ ਰਾਜੇਸ਼ ਕੁਮਾਰ ਹਨ ਜਿਨ੍ਹਾਂ ਦੀ ਉਚਾਈ 7 ਫ਼ੁੱਟ 4 ਇੰਚ ਹੈ।

## ਸ਼ਰਧਾਂਜਲੀ

# ਡਾ. ਜਸਵੀਰ ਸਿੰਘ ਆਹਲੂਵਾਲੀਆ ਵੀ ਚਲਦਾ ਬਣਿਆਂ

**ਡਾ. ਗੁਰੂਮੇਲ ਸਿੱਧੂ**

ਡਾ. ਜਸਵੀਰ ਸਿੰਘ ਆਹਲੂਵਾਲੀਆ 20 ਅਪ੍ਰੈਲ , 2019 ਵਾਲੇ ਦਿਨ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਿਆ ਹੈ। ਉਹ ਇਕ ਮਹਾਨ ਦਾਨਿਸ਼ਮੰਦ, ਫਿਲਾਸਫਰ ਅਤੇ ਬੁੱਧੀਜੀਵੀ ਇਨਸਾਨ ਸੀ। ਡਾ. ਆਹਲੂਵਾਲੀਆ ਪੰਜਾਬੀ ਸਾਹਿਤ ਵਿਚ ਹੰਢ ਵਰਤ ਚੁੱਕੀ ਰੁਮਾਂਸਵਾਦੀ-ਪ੍ਰਗਤੀਵਾਦੀ ਕਾਵਿ ਪ੍ਰੰਪਰਾ ਨੂੰ ਮਾਂਜਣ ਸੁਆਂਰਨ ਲਈ ਪ੍ਰਯੋਗਵਾਦ ਦਾ ਨਾਅਰਾ ਲੈ ਕੇ ਆਇਆ। ਇਹ ਗੱਲ 1960ਵਿਆਂ ਦੀ ਹੈ। ਉਸ ਦੇ ਪ੍ਰਯੋਗਵਾਦ ਨੇ ਪੰਜਾਬੀ ਸਾਹਿਤ ਵਿਚ ਤਹਿਲਕਾ ਮਚਾ ਦਿੱਤਾ। ਪੰਜਾਬੀ ਸਾਹਿਤ ਦੇ ਪ੍ਰੰਪਰਾਵਾਦੀ ਕਵੀਆਂ ਅਤੇ ਆਲੋਚਕਾਂ ਦੇ ਪੈਰ



ਉੱਖੜ ਗਏ। ਉਨ੍ਹਾਂ ਨੇ ਥੋੜ੍ਹਾ ਸੰਭਲ ਕੇ ਪ੍ਰਯੋਗਵਾਦ ਦਾ ਡਟ ਕੇ ਵਿਰੋਧ ਕੀਤਾ, ਲੇਕਿਨ ਸਮਕਾਲੀ ਕਵੀ ਉਸ ਦੇ ਮਗਰ ਲੱਗ ਗਏ ਤੇ ਥੋੜ੍ਹੇ ਸਮੇਂ ਵਿਚ ਇਕ ਵੱਡਾ ਕਾਫਲਾ ਬਣ ਗਿਆ। ਮੁੱਢ ਵਿਚ ਜਸਵੀਰ ਦੇ ਨਾਲ ਤਿੰਨ ਚਾਰ ਹੋਰ ਨਵੇਂ ਕਵੀਆਂ ਜਿਵੇਂ, ਰਵਿੰਦਰ ਰਵੀ, ਅਜਾਇਬ ਕੰਵਲ, ਸੁਖਪਾਲਵੀਰ ਸਿੰਘ ਹਸਰਤ ਅਤੇ ਕੁਝ ਹੱਦ ਤਕ ਡਾ. ਗੁਰੂਮੇਲ ਸਿੱਧੂ ਨੇ ਸਾਥ ਦਿੱਤਾ। "ਪ੍ਰਯੋਗ" ਨੂੰ "ਵਾਦ" ਕਹਿਣਾ ਆਪਣੇ ਆਪ ਵਿਚ ਖੰਡਨੀ ਵਿਚਾਰ (Contradiction) ਸੀ, ਫਲਸਰੂਪ, ਪ੍ਰਯੋਗਵਾਦ ਨੂੰ 'ਪ੍ਰਯੋਗਸ਼ੀਲ' ਦਾ ਨਾਂ ਦਿੱਤਾ। ਜਸਵੀਰ ਨੇ ਇਸ ਤਬਦੀਲੀ ਹੇਠ ਨਿੱਠ ਕੇ ਲਿਖਿਆ ਅਤੇ ਲਹਿਰ ਨੂੰ ਐਨਾ ਮਜ਼ਬੂਤ ਕਰ ਦਿੱਤਾ ਕਿ ਪੁਰਾਣੇ ਕਵੀ ਵੀ ਇਸ ਲਹਿਰ ਨਾਲ ਜੁੜਨ ਲਈ ਉਤਾਵਲੇ ਹੋ ਗਏ। ਉਨ੍ਹਾਂ ਨੇ ਪ੍ਰਯੋਗਸ਼ੀਲ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬੀ ਕਵਿਤਾ ਦੇ ਖੇਤਰ ਵਿਚ ਜਸਵੀਰ ਦੀ ਇਹ ਅਦੁੱਤੀ ਦੇਣ ਹੁਣ ਇਕ ਇਤਿਹਾਸਿਕ ਤੱਥ ਬਣ ਚੁੱਕੀ ਹੈ।

ਜਸਵੀਰ ਦੀ ਦੂਜੀ ਮਹੱਤਵਪੂਰਨ ਦੇਣ ਸਿੱਖ ਦਰਸ਼ਨ ਦੇ ਖੇਤਰ ਵਿਚ ਬੜੇ ਮਾਣ ਨਾਲ ਸਵੀਕਾਰ ਕੀਤੀ ਜਾਂਦੀ ਹੈ। ਉਸ ਨੇ ਸਿੱਖ ਫਿਲਾਸਫੀ ਦੀ ਟਕਸਾਲੀ ਤੇ ਕੱਟੜਵਾਦੀ ਵਿਚਾਰਧਾਰਾ ਨੂੰ ਨਵੀਂਆਂ ਲੀਹਾਂ ਉਤੇ ਤੋਰਿਆ। ਨਵੀਂ ਸੋਚ ਦੀਆਂ ਪੁਸਤਕਾਂ ਜਿਵੇਂ, Sikhism Today: The Crisis Within and Without, The Doctrine and Dynamics of Sikhism, The Sovereignty of the Sikh Doctrine, ਲਿਖੀਆਂ ਜੋ ਅੱਜ ਸੰਸਾਰ ਭਰ ਵਿਚ ਸਤਿਕਾਰੀਆਂ ਜਾਂਦੀਆਂ ਹਨ। ਉਸ ਦੀ ਵਿਚਾਰਧਾਰਾ ਨੂੰ ਸੁਨਣ ਲਈ ਕੈਲੇਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਨੇ ਸੰਨ 2000 ਵਿਚ ਲੈਕਚਰ ਦੇਣ ਲਈ ਸੱਦਿਆ। ਡਾ. ਆਹਲੂਵਾਲੀਆ ਦੀ ਕਾਬਲੀਅਤ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਾਈਸ ਚਾਂਸਲਰ ਬਣਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਰਮ ਨੂੰ ਸੰਸਾਰ ਪੱਧਰ ਤੇ ਵਿਚਾਰਨ ਤੇ ਪਸਾਰਨ ਲਈ 'ਗੁਰੂ ਗ੍ਰੰਥ ਵਰਲਡ ਸਿੱਖ ਯੂਨੀਵਰਸਿਟੀ' ਦਾ ਮੋਢੀ ਵਾਈਸ ਚਾਂਸਲਰ ਥਾਪਿਆ। ਉਹ 'ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ' ਦਾ ਉਮਰ ਭਰ ਲਈ ਪ੍ਰਧਾਨ ਰਿਹਾ। ਪ੍ਰਧਾਨ ਦੀ ਹੈਸੀਅਤ ਵਿਚ ਸੋਢੀ ਪਰਿਵਾਰ ਤੋਂ 'ਗੁਰੂ ਗ੍ਰੰਥ ਸਾਹਿਬ' ਦੀ ਮੌਲਿਕ ਬੀੜ, ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਲਿਖਵਾਈ ਸੀ, ਨੂੰ ਸਿੱਖ ਪੰਥ ਨੂੰ ਸੌਂਪਣ ਲਈ ਅਪੀਲ ਕੀਤੀ। ਇਸ ਬੀੜ ਨੂੰ 'ਆਦਿ ਗ੍ਰੰਥ', 'ਕਰਤਾਰਪੁਰੀ ਬੀੜ' ਅਤੇ 'ਗੁਰੂ ਗ੍ਰੰਥ ਸਾਹਿਬ' ਕਿਹਾ ਜਾਂਦਾ ਹੈ। ਮੇਰੇ ਲਈ ਜਸਵੀਰ ਦਾ ਤੁਰ ਜਾਣਾ ਬੜਾ ਦੁਖਦਾਇਕ ਹੈ, ਪਰ ਵਿਧਾਤਾ ਦਾ ਹੁਕਮ ਟਾਲਿਆ ਨਹੀਂ ਜਾ ਸਕਦਾ ਹੈ। ਮੈਂ ਉਸ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੋਇਆ ਆਪਣੀ ਅਕੀਦਤ ਤੇ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

# ਗੈਰ ਸਿੱਖ ਵੀ ਕਰਵਾ ਸਕਦੇ ਹਨ ਅਕਾਲ ਤਖ਼ਤ 'ਤੇ ਅਰਦਾਸ

**ਅੰਮ੍ਰਿਤਸਰ/ਏਟੀ ਨਿਊਜ਼ :**
ਅਕਾਲ ਤਖ਼ਤ ਦੇ ਬਾਹਰ ਇੱਕ ਨਵਾਂ ਬੋਰਡ ਲਾਇਆ ਗਿਆ ਹੈ, ਜਿਸ ਮੁਤਾਬਕ ਇਥੇ ਪਤਿਤ ਤੇ ਤਨਖਾਹੀਆ ਸਿੱਖਾਂ ਤੋਂ ਇਲਾਵਾ ਹਰ ਇਕ ਪ੍ਰਾਣੀ ਮਾਤਰ, ਸਿੱਖ ਅਤੇ ਗੈਰ ਸਿੱਖ ਦੀ ਵੀ ਅਰਦਾਸ ਹੋ ਸਕਦੀ ਹੈ। ਇਸ ਬੋਰਡ ਮੁਤਾਬਕ ਹੁਣ ਦਰਬਾਰ ਸਾਹਿਬ ਤੋਂ ਇਲਾਵਾ ਅਕਾਲ ਤਖ਼ਤ 'ਤੇ ਕੋਈ ਵੀ ਗੈਰ ਸਿੱਖ ਅਰਦਾਸ ਕਰਵਾ ਸਕੇਗਾ। ਇਹ ਨਵਾਂ ਬੋਰਡ ਰਹਿਤ ਮਰਿਆਦਾ ਅਨੁਸਾਰ ਲਾਇਆ ਗਿਆ ਹੈ। ਰਹਿਤ ਮਰਿਆਦਾ ਦੇ ਪੰਨਾ ਨੰਬਰ 15 'ਤੇ ਇਸ ਬਾਰੇ ਅੰਕਿਤ ਕੀਤਾ ਹੋਇਆ ਹੈ। ਜਿਸ ਵਿੱਚ ਦਰਜ ਹੈ ਕਿ ਤਖ਼ਤਾਂ ਦੇ ਖਾਸ ਅਸਥਾਨ ਉਤੇ ਰਹਿਤਵਾਨ ਅੰਮ੍ਰਿਤਧਾਰੀ ਸਿੰਘ



ਹੀ ਚੜ੍ਹ ਸਕਦੇ ਹਨ। ਪਰ ਤਖ਼ਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖਾਂ ਤੋਂ ਬਿਨਾਂ ਹਰੇਕ ਪ੍ਰਾਣੀ ਦੀ ਅਰਦਾਸ ਹੋ ਸਕਦੀ ਹੈ। ਇਸ ਤੋਂ ਪਹਿਲਾਂ ਇਹ ਧਾਰਨਾ ਬਣੀ ਹੋਈ ਸੀ ਕਿ ਅਕਾਲ ਤਖ਼ਤ ਵਿਖੇ ਸਿਰਫ ਸਿੱਖਾਂ ਦੀ ਹੀ ਅਰਦਾਸ ਹੁੰਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਅਜਿਹਾ ਬੋਰਡ ਤਖ਼ਤ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਸਥਾਪਤ ਕੀਤਾ ਗਿਆ ਹੈ। ਇਸ ਸਬੰਧ ਵਿੱਚ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ, ਜਿਨ੍ਹਾਂ ਦੇ ਪ੍ਰਬੰਧ ਹੇਠ ਹਰਿਮੰਦਰ ਸਾਹਿਬ ਸਮੂਹ ਦੇ ਕੰਮ ਚਲਦੇ ਹਨ, ਨੇ ਆਖਿਆ ਕਿ ਅਜਿਹਾ ਬੋਰਡ ਪਹਿਲਾਂ ਵੀ ਲੱਗਾ ਹੁੰਦਾ ਸੀ, ਸ਼ਾਇਦ ਖਰਾਬ ਹੋਣ ਕਰਕੇ ਉੱਤਰ ਗਿਆ ਹੋਵੇਗਾ।

# ਸਿੱਖੀ ਦੇ ਪ੍ਰਚਾਰ ਲਈ ਅਕਾਲ ਤਖਤ ਸਾਹਿਬ ਨੇ ਵਿਸ਼ਵ ਕਮੇਟੀ ਬਣਾਈ

**ਅੰਮ੍ਰਿਤਸਰ/ਏਟੀ ਨਿਊਜ਼ :** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖੀ ਦੇ ਪ੍ਰਚਾਰ ਪਸਾਰ ਲਈ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਦੀ ਕੌਮਾਂਤਰੀ ਤਾਲਮੇਲ ਕਮੇਟੀ ਬਣਾਈ ਹੈ। ਇਹ ਤਾਲਮੇਲ ਕਮੇਟੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਤਾਲਮੇਲ ਕਮੇਟੀ ਨਾਲ ਜੁੜੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਸਕੱਤਰੇਤ ਵਿਖੇ ਹੀ ਡੈਸਕ ਮੁਹੱਈਆ ਕਰਵਾਇਆ ਜਾਵੇਗਾ, ਤਾਂ ਜੋ ਇਨ੍ਹਾਂ ਦੇ ਸੁਝਾਅ ਤੇ ਮੁਸ਼ਕਲਾਂ ਨੂੰ ਵਿਚਾਰਨ ਲਈ ਯੋਗ ਅਗਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਾਲਮੇਲ ਕਮੇਟੀ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਲਤਾਨਪੁਰ ਲੋਧੀ ਵਿਖੇ ਯੂਥ ਕਾਨਫ਼ਰੰਸ ਕਰਵਾਉਣ ਲਈ ਕਿਹਾ ਗਿਆ ਹੈ। ਜਥੇਦਾਰ ਨੇ ਕਿਹਾ ਕਿ ਇਸ ਕਮੇਟੀ ਵਿਚ ਬੇਸਿਕ ਆਫ ਸਿੱਖੀ ਦਿੱਲੀ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਸਿੱਖ ਕੌਂਸਲ ਆਨ ਰੀਲੀਜ਼ਨ ਐਂਡ ਐਜੂਕੇਸ਼ਨ ਯੂਐੱਸਏ, ਈਕੋ ਸਿੱਖ ਯੂਐੱਸਏ, ਖਾਲਸਾ ਏਡ ਇੰਗਲੈਂਡ, ਸਤਿਨਾਮ ਸਰਬ ਕਲਿਆਣ ਟਰੱਸਟ ਯੂਐੱਸਏ, ਸਰਬ ਰੋਗ ਕਾ ਅਉਖਦ ਨਾਮ ਮਿਸ਼ਨ ਲੁਧਿਆਣਾ, ਸੁਕਿਰਤ ਟਰੱਸਟ ਲੁਧਿਆਣਾ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਲੁਧਿਆਣਾ, ਯੂਨਾਇਟਡ ਸਿੱਖਜ਼ ਯੂਐੱਸਏ ਸ਼ਾਮਲ ਕੀਤਾ ਗਿਆ ਹੈ।

# ਸ਼ਹੀਦ ਗੁਰਜੰਟ ਸਿੰਘ ਬੁੱਧ ਸਿੰਘਵਾਲਾ ਦੀ ਮਾਤਾ ਨੂੰ ਸ਼ਰਧਾਂਜਲੀ

**ਬਾਘਾ ਪੁਰਾਣਾ/ਏਟੀ ਨਿਊਜ਼ :** ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਮੁਖੀ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਮਾਤਾ ਸੁਰਜੀਤ ਕੌਰ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਨਮਿਤ ਅੰਤਿਮ ਅਰਦਾਸ ਪਿੰਡ ਬੁੱਧ ਸਿੰਘਵਾਲਾ ਵਿਖੇ ਹੋਈ। ਸਿੱਖ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚ ਕੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਦਰਸ਼ਨ ਸਿੰਘ ਰੋਡੇ ਵਲੋਂ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਭਾਈ ਗੁਰਜੰਟ ਸਿੰਘ ਵਲੋਂ ਕੀਤੀਆਂ ਕੁਰਬਾਨੀਆਂ 'ਤੇ ਚਾਨਣਾ ਪਾਇਆ ਗਿਆ।



ਇਸ ਮੌਕੇ ਬੋਲਦਿਆਂ ਭਾਈ ਜਸਪਾਲ ਸਿੰਘ ਹੇਰਾਂ, ਸੁਖਜੀਤ ਸਿੰਘ ਖੋਸਾ, ਸੰਤੋਖ ਸਿੰਘ ਯੂ ਐਸ ਏ, ਭਾਈ ਨਰੈਣ ਸਿੰਘ, ਭਾਈ ਸੁਖਵਿੰਦਰ ਸਿੰਘ ਹਰਿਆਣਾ, ਸਮਸ਼ੇਰ ਸਿੰਘ ਡਾਗੀਆ, ਭਾਈ ਧਿਆਨ ਸਿੰਘ ਮੰਡ, ਬਾਬਾ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ, ਹਰਪਾਲ ਸਿੰਘ ਚੀਮਾ, ਪ੍ਰਦੀਪ ਸਿੰਘ ਚਾਦਪੁਰਾ, ਬਾਬਾ ਅਰਵਿੰਦਰ ਸਿੰਘ ਨਾਨਕਸਰ, ਗਿਆਨੀ ਕੁਲਦੀਪ ਸਿੰਘ ਦਮਦਮੀ ਟਕਸਾਲ, ਭਾਈ ਸਤਿਨਾਮ ਸਿੰਘ ਖੰਡਾ, ਕਮਲਜੀਤ ਸਿੰਘ ਬਰਾੜ, ਕਰਨੈਲ ਸਿੰਘ ਪੰਜੋਲੀ, ਬਲਰਾਜ ਸਿੰਘ ਰੋੜਾਂਵਾਲੀ, ਭਾਈ ਗੁਰਸੇਵਕ ਸਿੰਘ, ਭਾਈ ਮਨਧੀਰ ਸਿੰਘ ਸਾਬਕਾ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਆਦਿ ਬੁਲਾਰਿਆਂ ਨੇ ਮਾਤਾ ਜੀ ਦੀਆਂ ਸਿੱਖ ਪੰਥ ਪ੍ਰਤੀ ਘਾਲਣਾਵਾਂ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਨੂੰ ਸਬਰ ਸਿਦਕ ਦੀ ਮੂਰਤ ਦੱਸਿਆ। ਸਟੇਜ ਸਕੱਤਰ ਦੀ ਸੇਵਾ ਭਾਈ ਸਰਬਜੀਤ ਸਿੰਘ ਘੁਮਾਣ ਨੇ ਨਿਭਾਈ। ਇਸ ਮੌਕੇ ਭਾਈ ਦਲਜੀਤ ਸਿੰਘ ਬਿੱਟੂ, ਹਰਦੀਪ ਸਿੰਘ ਮਹਿਰਾਜ, ਮਾਤਾ ਰਣਜੀਤ ਕੌਰ ਸਮਾਲਸਰ, ਭਾਈ ਦਿਆ ਸਿੰਘ ਲਾਹੌਰੀਆ ਤੇ ਹਰਨੇਕ ਸਿੰਘ ਭੱਪ ਦੇ ਪਰਵਾਰ, ਬਲਦੇਵ ਸਿੰਘ ਸਿਰਸਾ, ਸੁਖਪ੍ਰੀਤ ਸਿੰਘ ਰੋਡੇ ਮੈਂਬਰ ਸ਼੍ਰੋਮਣੀ ਕਮੇਟੀ, ਹਰਪਾਲ ਸਿੰਘ ਰੋਡੇ, ਰੁਪਿੰਦਰ ਸਿੰਘ ਪੰਜਗਰਾਈਂ, ਪੰਥਕ ਲੇਖਕ ਮਨਿੰਦਰ ਸਿੰਘ ਬਾਜਾ, ਭਾਈ ਦਵਿੰਦਰ ਸਿੰਘ ਹਰੀਏਵਾਲਾ, ਲੇਖਕ ਲਖਵੀਰ ਸਿੰਘ ਕੋਮਲ, ਬਲਵੰਤ ਸਿੰਘ ਬੁੱਧ ਸਿੰਘਵਾਲਾ, ਮਨਮੋਹਨ ਸਿੰਘ ਘੋਲੀਆ, ਸ਼ਹੀਦ ਪ੍ਰੀਤਮ ਸਿੰਘ ਸੇਖੋਂ ਦੇ ਭੈਣ ਜੀ ਸਮੇਤ ਅਨੇਕਾਂ ਪੰਥਕ ਸ਼ਖ਼ਸੀਅਤਾਂ ਹਾਜ਼ਰ ਸਨ।

# ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਰਹੇ ਹਰਮਿੰਦਰ ਸਿੰਘ ਮਿੰਟੂ ਦੀ ਬਰਸੀ 'ਤੇ ਬ੍ਰਮਿੰਘਮ ਵਿਖੇ ਵਿਸ਼ਾਲ ਸਮਾਗਮ

## *ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਹਿਫਾਜ਼ਤ ਲਈ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਸੰਸਥਾਵਾਂ ਨੂੰ ਯਤਨ ਕਰਨ ਦੀ ਅਪੀਲ*

**ਲੰਡਨ/ਏਟੀ ਨਿਊਜ਼ :**
ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੀ ਖਾਲਿਸਤਾਨ ਦੀ ਜੰਗੇ ਆਜ਼ਾਦੀ ਦੇ ਜੁਝਾਰੂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਪੰਜਵੇਂ ਮੁਖੀ ਜਥੇਦਾਰ ਹਰਮਿੰਦਰ ਸਿੰਘ ਨਿਹੰਗ ਉਰਫ ਮਿੰਟੂ ਦੀ ਯਾਦ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਵੱਡੀ ਪੱਧਰ 'ਤੇ ਸਮਾਗਮ ਕੀਤੇ ਗਏ। ਬਰਤਾਨੀਆ ਵਿੱਚ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਿੱਖ ਯੂਥ ਯੂਕੇ ਅਤੇ ਸਮੂਹ ਸਿੱਖ ਨੌਜਵਾਨਾਂ ਵਲੋਂ 20 ਅਪ੍ਰੈਲ ਸ਼ਨਿਚਰਵਾਰ ਨੂੰ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਥੇਦਾਰ ਹਰਮਿੰਦਰ ਸਿੰਘ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਾਇਆ ਗਿਆ, ਜਿਸ ਵਿੱਚ ਭਾਈ ਸੁਖਵਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਪੰਥ ਪ੍ਰਸਿੱਧ ਜਾਗੋ ਵਾਲੇ ਸਿੰਘਾਂ ਦੇ ਕਵੀਸ਼ਰ ਜਥੇ ਨੇ ਸ਼ਹੀਦ ਸਿੰਘਾਂ ਦੀ ਵਾਰਾਂ ਦਾ ਗਾਇਨ ਕਰਦਿਆਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਬੱਚਿਆਂ ਦੇ ਜਥੇ ਨੇ ਜਥੇਦਾਰ ਹਰਮਿੰਦਰ ਸਿੰਘ ਨੂੰ ਕੁਰਬਾਨੀ ਨੂੰ ਸਮਰਪਤ ਬਹੁਤ ਹੀ ਭਾਵਪੂਰਵਕ ਕਵਿਤਾ ਪੇਸ਼ ਕੀਤੀ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਜਥੇਦਾਰ ਜਥੇਦਾਰ ਹਰਮਿੰਦਰ ਸਿੰਘ ਨਿਹੰਗ ਉਰਫ ਮਿੰਟੂ ਨਾਲ ਗੁਜ਼ਾਰੇ ਵਕਤ ਦੀ ਸਾਂਝ ਪਾਉਂਦਿਆਂ ਉਹਨਾਂ ਦੇ ਜੀਵਨ ਅਤੇ ਸੁਭਾਅ ਤੋਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ ਅਤੇ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ। ਉਨ੍ਹਾਂ ਜਥੇਦਾਰ ਦੀ ਸ਼ਹਾਦਤ ਨੂੰ ਸਰਕਾਰੀ ਕਤਲ ਕਰਾਰ ਦਿੰਦਿਆਂ ਕਿਹਾ ਕਿ ਇਸ ਵਾਸਤੇ ਜੇਲ੍ਹ ਸੁਪਰਡੈਂਟ ਰਾਜਨ ਕਪੂਰ, ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ, ਭਾਰਤੀ ਗ੍ਰਹਿ ਮੰਤਰਾਲਾ ਅਤੇ ਖੁਫੀਆਂ ਏਜੰਸੀਆਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਭਾਈ ਡੱਲੇਵਾਲ ਨੇ ਜਥੇਦਾਰ ਹਰਮਿੰਦਰ ਸਿੰਘ ਦੀਆਂ ਸਿੱਖ ਕੌਮ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਨੂੰ ਕੇਸਰੀ ਪ੍ਰਣਾਮ ਕਰਦਿਆਂ ਅਹਿਦ ਦਾ ਪ੍ਰਗਟਾਵਾ ਕੀਤਾ ਕਿ ਖਾਲਿਸਤਾਨ ਦਾ ਸੰਘਰਸ਼ ਫਤਿਹ ਤੱਕ ਜਾਰੀ ਰਹੇਗਾ। ਭਾਰਤ ਸਰਕਾਰ ਅਤੇ ਉਸ ਦੇ ਏਜੰਟਾਂ ਦੀ ਕੋਝੀਆਂ ਹਰਕਤਾਂ ਅਤੇ ਜਬਰ ਜ਼ੁਲਮ ਖਾਲਿਸਤਾਨ ਦੇ ਸੰਘਰਸ਼ ਦਾ ਰਾਹ ਨਹੀਂ ਰੋਕ ਸਕਦੇ। ਸਿੱਖ ਚਿੰਤਕ ਅਤੇ ਔਕਸਫੋਰਡ ਤੋਂ ਪੀਐੱਚਡੀ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਭਾਈ ਪ੍ਰਭਸ਼ਰਨਦੀਪ ਸਿੰਘ, ਸਿੱਖ ਫੈਡਰੇਸ਼ਨ ਯੂਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ, ਧਰਮ ਯੁੱਧ ਜਥਾ ਦਮਦਮੀ ਟਕਸਾਲ ਦੇ ਮੁਖੀ ਭਾਈ ਚਰਨ ਸਿੰਘ, ਇੰਟਰਨੈਸ਼ਨਲ ਪੰਥਕ ਦਲ ਦੇ



ਆਗੂ ਭਾਈ ਪਰਮਜੀਤ ਸਿੰਘ ਢਾਡੀ, ਨੌਜਵਾਨ ਕਥਾਕਾਰ ਭਾਈ ਗੁਰਕੀਰਤ ਸਿੰਘ ਨੇ ਜਥੇਦਾਰ ਹਰਮਿੰਦਰ ਸਿੰਘ ਨੂੰ ਸ਼ਰਧਾ ਦੇ ਫੁੱਲ ਕਰਦਿਆਂ ਕਿਹਾ ਕਿ ਸਿੱਖ ਸੰਘਰਸ਼ ਵਿੱਚ ਆਈ ਵਕਤੀ ਖੜੋਤ ਨੂੰ ਤੋੜਨ ਅਤੇ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਕਰਨ ਵਾਲੇ ਐਕਸ਼ਨਾਂ ਨੂੰ ਅੰਜਾਮ ਦੇਣ ਵਾਲੇ ਯੋਧੇ ਭਾਈ ਹਰਮਿੰਦਰ ਸਿੰਘ ਦੀ ਕੁਰਬਾਨੀ ਬੇਮਿਸਾਲ ਹੈ। ਸਿੱਖ ਕੌਮ ਨਾਲ ਭਾਰਤ ਸਰਕਾਰ ਵਲੋਂ ਪੈਰ-ਪੈਰ 'ਤੇ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ, ਧੱਕੇਸ਼ਾਹੀਆਂ ਦਾ ਵਿਸਥਾਰ ਸਹਿਤ ਵਰਨਣ ਕਰਦਿਆਂ ਸਮੂਹ ਸਿੱਖ ਜਗਤ ਨੂੰ ਖਾਲਿਸਤਾਨ ਦੇ ਸੰਘਰਸ਼ ਵਿੱਚ ਹਰ ਸੰਭਵ ਤਰੀਕੇ ਨਾਲ ਯੋਗਦਾਨ ਪਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਈਆਂ ਤਿੰਨ ਮਾਤਾਵਾਂ ( ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦੀ ਮਾਤਾ ਸੁਰਜੀਤ ਕੌਰ, ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਹਰਵਿੰਦਰ ਸਿੰਘ ਉਰਫ ਭਾਈ ਮਥਰਾ ਸਿੰਘ ਦੀ ਮਾਤਾ ਗੁਰਮੇਜ ਕੌਰ ਅਤੇ ਭਿੰਡਰਾਂਵਾਲਾ ਟਾਈਗਰਜ਼ ਫੋਰਸ ਦੇ ਜੁਝਾਰੂ ਸ਼ਹੀਦ ਭਾਈ ਦਇਆ ਸਿੰਘ ਦੀ ਮਾਤਾ ਨਿਰੰਜਣ ਕੌਰ ) ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਵਲੋਂ ਸਿੱਖ ਸੰਘਰਸ਼ ਵਿੱਚ ਪਾਏ ਵੱਡਮੁੱਲੇ ਯੋਗਦਾਨ ਨੂੰ ਸਿਜਦਾ ਕੀਤਾ ਗਿਆ। ਸ਼ਹੀਦੀ ਸਮਾਗਮ ਵਿੱਚ ਯੂਕੇ ਭਰ ਦੀਆਂ ਸਿੱਖ ਸੰਗਤਾਂ ਅਤੇ ਜਥੇਬੰਦੀਆਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ। ਯੂਕੇ ਦੇ ਵੱਖ-ਵੱਖ ਸ਼ਹਿਰਾਂ ਤੋਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦਿਆਂ ਕੌਮੀ ਯੋਧੇ ਜਥੇਦਾਰ ਹਰਮਿੰਦਰ ਸਿੰਘ ਮਿੰਟੂ ਨੂੰ ਸ਼ਰਧਾ ਦੇ ਫੁੱਲ ਅਰਪਤ ਕੀਤੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 18 ਅਪਰੈਲ ਵਾਲੇ ਦਿਨ ਜਥੇਦਾਰ ਹਰਮਿੰਦਰ ਸਿੰਘ ਨਿਹੰਗ ਉਰਫ ਮਿੰਟੂ ਦੀ ਪਟਿਆਲਾ ਜੇਲ੍ਹ ਵਿੱਚ ਹੋਈ ਸ਼ਹਾਦਤ ਨਾਲ ਸਿੱਖ ਸੰਘਰਸ਼ ਨੂੰ ਵੱਡਾ ਘਾਟਾ ਪਿਆ ਹੈ। ਜੇਲ੍ਹ ਪ੍ਰਸ਼ਾਸਨ, ਕੇਂਦਰ ਅਤੇ ਪੰਜਾਬ ਸਰਕਾਰ ਅਤੇ ਭਾਰਤ ਦੀਆਂ ਖੁਫੀਆਂ ਏਜੰਸੀਆਂ ਨੇ ਬੜੇ ਹੀ ਸਾਜਿਸ਼ੀ ਢੰਗ ਨਾਲ ਜਥੇਦਾਰ ਭਾਈ ਹਰਮਿੰਦਰ ਸਿੰਘ ਨੂੰ ਜੇਲ੍ਹ ਅੰਦਰ ਸ਼ਹੀਦ ਕਰ ਦਿੱਤਾ ਸੀ। ਇਸ ਕਰ ਕੇ ਅੱਜ ਸਮੁੱਚੀ ਸਿੱਖ ਕੌਮ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਹਿਫਾਜ਼ਤ ਲਈ ਚਿੰਤਤ ਹੈ। ਜਥੇਦਾਰ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰੀ ਏਜੰਸੀਆਂ ਦੀ ਮਿਲੀ ਭੁਗਤ ਨਾਲ ਹੋਈ ਹੈ, ਕਿਉਂਕਿ ਉਨ੍ਹਾਂ ਦਾ ਇਲਾਜ ਹੀ ਨਹੀਂ ਕਰਵਾਇਆ ਗਿਆ। ਇਸੇ ਤਰ੍ਹਾਂ 22 ਸਾਲ ਦੇ ਲੰਬੇ ਸਮੇਂ ਤੋਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਭਾਈ ਦਇਆ ਸਿੰਘ ਲਾਹੌਰੀਆ ਵੀ ਸਿਹਤ ਪੱਖੋਂ ਠੀਕ ਨਹੀਂ ਹਨ, ਉਹਨਾਂ ਨੂੰ ਵੱਖ-ਵੱਖ ਬਿਮਾਰੀਆਂ ਨੇ ਘੇਰ ਰੱਖਿਆ ਹੈ। ਜੇਲ੍ਹ ਅਧਿਕਾਰੀ ਉਹਨਾਂ ਦਾ ਢੁਕਵਾਂ ਇਲਾਜ ਨਹੀਂ ਕਰਵਾ ਰਹੇ ਬਲਕਿ ਅਦਾਲਤੀ ਹੁਕਮਾਂ 'ਤੇ ਵੀ ਅਮਲ ਨਹੀਂ ਕੀਤਾ ਜਾ ਰਿਹਾ। ਇਸ ਕਰਕੇ ਖਾਲਿਸਤਾਨ ਦੀ ਜੰਗੇ ਆਜ਼ਾਦੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਮੂਹ ਬੰਦੀ ਸਿੰਘਾਂ ਦੀ ਹਿਫਾਜ਼ਤ ਲਈ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਨੂੰ ਇੱਕਜੁੱਟ ਹੋ ਕੇ ਸਾਰਥਕ ਉਪਰਾਲਾ ਕਰਨ ਦੀ ਜ਼ਰੂਰਤ ਹੈ।

# ਬਾਬਾਵਾਦ ਦੀ ਪ੍ਰਫੁੱਲਤਾ ਦੇ ਕਾਰਨ ਅਤੇ ਲੋਕ ਮਸਲੇ

**ਡਾ. ਰਣਜੀਤ ਸਿੰਘ ਘੁੰਮਣ**

ਸ਼ਾਇਦ ਹੀ ਕੋਈ ਸਮਾਜ ਹੋਵੇ ਜਿੱਥੇ ਇਹ ਬਾਬੇ ਮੌਜੂਦ ਨਾ ਹੋਣ। ਪੰਜਾਬ ਵਿਚ ਵੀ ਇਨ੍ਹਾਂ ਦੀ ਬਹੁਤਾਤ ਹੈ। ਪੰਜਾਬ ਭਾਰਤ ਦਾ ਇਕ ਨਿੱਕਾ ਜਿਹਾ ਸੂਬਾ ਹੈ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਬਾਬੇ, ਸੰਤ, ਮਹੰਤ, ਮਹਾਤਮਾ, 'ਮਹਾਂਪੁਰਸ਼', ਸਿਆਣੇ ਆਦਿ ਹਰ ਰੋਜ਼ ਲੱਖਾਂ ਦੀਨ-ਦੁਖੀਆਂ ਦਾ 'ਕਲਿਆਣ' ਕਰ ਰਹੇ ਹਨ। ਹਰ ਰੋਜ਼ ਹਜ਼ਾਰਾਂ/ ਲੱਖਾਂ ਦੀ ਗਿਣਤੀ ਵਿਚ ਕਿਸਮਤ ਦੇ ਮਾਰੇ ਇਹ ਲੋਕ ਆਪਣੇ ਕਿਸੇ ਮਸਲੇ, ਬਿਮਾਰੀ, ਕਲੇਸ਼, ਸੰਕਟ, ਡਰ ਆਦਿ ਦੀ ਨਿਵਰਿਤੀ ਲਈ ਬਾਬਿਆਂ ਦੀਆਂ ਚੌਕੀਆਂ ਭਰਦੇ ਹਨ। ਬਹੁਤ ਸਾਰੇ ਅਜਿਹੇ ਵੀ ਹਨ ਜੋ ਕਿਸਮਤ ਦੇ ਧਨੀ ਹੁੰਦੇ ਹਨ ਪਰ ਮਨ ਦੀ ਸ਼ਾਂਤੀ ਇਨ੍ਹਾਂ ਬਾਬਿਆਂ ਦੇ ਡੇਰਿਆਂ ਤੋਂ ਭਾਲਦੇ ਹਨ। ਖਾਸ ਕਰਕੇ ਐਤਵਾਰ ਵਾਲੇ ਦਿਨ ਤਾਂ ਇਨ੍ਹਾਂ ਡੇਰਿਆਂ ਉੱਪਰ ਖਾਸ ਹੀ ਰੌਣਕਾਂ ਹੁੰਦੀਆਂ ਹਨ। ਇੱਥੋਂ ਤਕ ਕਿ ਜੀਟੀ. ਰੋਡ ਵਰਗੀ ਮਹੱਤਵਪੂਰਨ ਸੜਕ ਉੱਤੇ ਵੀ ਇਨ੍ਹਾਂ ਦੇ ਸ਼ਰਧਾਲੂ ਟਰੈਫਿਕ ਰੋਕ ਦਿੰਦੇ ਹਨ ਅਤੇ ਆਪਣੀ ਹੀ 'ਪੁਲੀਸ' ਤਾਇਨਾਤ ਕਰ ਦਿੰਦੇ ਹਨ। ਇਨ੍ਹਾਂ ਬਾਬਿਆਂ ਦੇ ਡੇਰਿਆਂ ਦੀ ਹਾਜ਼ਰੀ ਸਮਾਜ ਦੇ ਹਰ ਵਰਗ ਵਿੱਚੋਂ ਲੋਕ ਹੁਮ-ਹੁਮਾ ਕੇ ਭਰਦੇ ਹਨ। ਕੀ ਰਾਜਸੀ ਨੇਤਾ, ਕੀ ਵੱਡੇ ਛੋਟੇ ਅਫਸਰ ਸਾਹਿਬਾਨ, ਕੀ ਗਰੀਬ, ਕੀ ਅਮੀਰ, ਕੀ ਕਿਸਾਨ, ਕੀ ਮਜ਼ਦੂਰ, ਕੀ ਪੜ੍ਹੇ ਲਿਖੇ, ਕੀ ਅਨਪੜ੍ਹ, ਕੀ ਛੋਟੇ ਦੁਕਾਨਦਾਰ ਅਤੇ ਕੀ ਵੱਡੇ ਵਪਾਰੀ ਤੇ ਉਦਯੋਗਪਤੀ ਸਭ ਦੀ ਪ੍ਰਤਿਨਿਧਤਾ ਉੱਥੇ ਹੁੰਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਸਮਾਜ ਦੇ ਹਰ ਵਰਗ ਦੇ ਲੋਕ ਇਨ੍ਹਾਂ ਬਾਬਿਆਂ ਦੇ ਡੇਰਿਆਂ ਦੀ ਹਾਜ਼ਰੀ ਭਰਦੇ ਹਨ ਤਾਂ ਉੱਥੇ ਕੁਝ ਨਾ ਕੁਝ ਤਾਂ ਅਜਿਹਾ ਹੁੰਦਾ ਹੀ ਹੋਵੇਗਾ ਜਿਸ ਤੋਂ ਪ੍ਰਭਾਵਿਤ ਹੋ ਕੇ ਇਹ ਲੋਕ ਆਪਣੇ 'ਕੀਮਤੀ ਵਕਤ' ਵਿੱਚੋਂ ਵਕਤ ਕੱਢ ਕੇ ਜਾਂਦੇ ਹਨ। ਇਕ ਗੱਲ ਹੋਰ, ਇਹ ਲੋਕ ਕਿਸੇ ਇਕ ਧਰਮ ਦੇ ਪੈਰੋਕਾਰ ਨਹੀਂ ਹੁੰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੇ ਆਪਣੇ ਆਪਣੇ ਧਰਮ ਗ੍ਰੰਥਾਂ ਵਿਚ ਉਨ੍ਹਾਂ ਦੇ ਮਸਲਿਆਂ ਦਾ ਹੱਲ ਮੌਜੂਦ ਹੈ ਅਤੇ ਸਹੀ ਜੀਵਨ ਜਾਚ ਵੀ ਦੱਸੀ ਹੋਈ ਹੁੰਦੀ ਹੈ ਪਰ ਫਿਰ ਵੀ ਇਹ ਲੋਕ ਬਾਬਿਆਂ ਦੇ ਡੇਰਿਆਂ ਤੋਂ ਮਨ ਦੀ ਸੁਖ ਸ਼ਾਂਤੀ ਅਤੇ ਦੁੱਖਾਂ ਕਲੇਸ਼ਾਂ ਦੀ ਨਿਵਰਿਤੀ ਭਾਲਦੇ ਹਨ। ਆਖਰ ਕਿਉਂ? ਇਹ ਪਰੰਪਰਾ ਲੰਬੇ ਸਮੇਂ ਤੋਂ ਸਮਾਜ ਵਿਚ ਮੌਜੂਦ ਹੈ, ਇਸ ਲਈ ਜ਼ਾਹਿਰ ਹੈ ਕਿ ਲੋਕਾਂ ਨੂੰ ਕੁਝ ਨਾ ਕੁਝ ਤਾਂ ਇਨ੍ਹਾਂ ਡੇਰਿਆਂ ਤੋਂ ਜ਼ਰੂਰ ਅਜਿਹਾ ਪ੍ਰਾਪਤ ਹੁੰਦਾ ਹੋਵੇਗਾ, ਜੋ ਉਨ੍ਹਾਂ ਨੂੰ ਆਪਣੇ ਧਰਮ ਜਾਂ ਧਰਮ ਗ੍ਰੰਥਾਂ ਵਿੱਚੋਂ ਨਹੀਂ ਲੱਭਦਾ। ਧਾਰਮਿਕ ਰਹਿਬਰਾਂ ਅਤੇ ਸਮਾਜ ਸ਼ਾਸਤਰੀਆਂ ਨੂੰ ਇਸ ਬਾਰੇ ਨਿਰੰਤਰ ਖੋਜ ਕਰਦੇ ਰਹਿਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ ਪਰ ਇਕ ਗੱਲ ਤਾਂ ਜ਼ਰੂਰ ਹੈ ਕਿ ਜਦੋਂ ਵੀ ਸਮਾਜ ਜਾਂ ਧਰਮ ਵਿਚ ਵਿਗਾੜ ਪੈਦਾ ਹੋਏ ਹਨ ਤਦੋਂ ਹੀ ਕੋਈ ਨਾ ਕੋਈ ਸੁਧਾਰ ਲਹਿਰ ਵੀ ਸ਼ੁਰੂ ਹੁੰਦੀ ਰਹੀ ਹੈ। ਉਮੀਦ ਹੈ ਹੁਣ ਵੀ ਕੋਈ ਨਾ ਕੋਈ ਸੁਧਾਰ ਲਹਿਰ ਜ਼ਰੂਰ ਉੱਠੇਗੀ।

ਪੰਜਾਬ ਅੱਜ ਵੀ ਇਕ ਅਜਿਹੀ ਹੀ ਹਨੇਰੀ ਗਲੀ ਦੇ ਬੰਦ ਮੋੜ 'ਤੇ ਖੜ੍ਹਾ ਹੈ। ਅੱਜ ਵੀ ਜਦੋਂ ਮਰਜ਼ੀ ਕਿਸੇ ਬਾਬੇ ਨੂੰ ਜਗਾ ਕੇ ਕੋਈ ਨਾ ਕੋਈ ਅਜਿਹਾ ਮਸਲਾ ਖੜ੍ਹਾ ਕੀਤਾ ਜਾ ਰਿਹਾ ਹੈ ਜਿਸ ਨਾਲ ਲੋਕਾਂ ਦੇ ਮਹੱਤਵਪੂਰਨ ਮਸਲੇ ਧੁਰ ਪਤਾਲ ਅੰਦਰ ਜਾ ਧਸਦੇ ਹਨ। ਬਾਬਿਆਂ ਦਾ ਮਸਲਾ ਸਾਰੇ ਮਸਲਿਆਂ ਨੂੰ ਸਰਾਲ੍ਹ ਦੀ ਤਰ੍ਹਾਂ ਨਿਗਲ ਜਾਂਦਾ ਹੈ। ਲੋਕ ਮਸਲੇ, ਲੋਕ ਲਹਿਰਾਂ ਅਤੇ ਵਿਚਾਰੇ ਲੋਕ ਫਿਰ ਸਿਫਰ 'ਤੇ ਪਹੁੰਚ ਜਾਂਦੇ ਹਨ। ਆਖਰ ਅਜਿਹਾ ਕਿਉਂ ਹੁੰਦਾ ਹੈ? ਇਹ ਬਾਬਾ ਸਿਆਸਤ ਹੈ ਕੀ? ਇਸ ਦੀ ਲੋੜ ਕੀ ਹੈ? ਕੌਣ ਹੈ ਜੋ ਇਨ੍ਹਾਂ ਬਾਬਿਆਂ ਅਤੇ ਇਨ੍ਹਾਂ ਦੀ ਸਿਆਸਤ ਨੂੰ ਪ੍ਰਫੁੱਲਤ ਕਰਦਾ ਹੈ? ਇਸ ਬਾਬਾ ਸਿਆਸਤ ਦੇ ਸਰਪ੍ਰਸਤ ਇਸ ਨੂੰ ਕਿਵੇਂ ਅਤੇ ਕਦੋਂ ਵਰਤਦੇ ਹਨ? ਇਹ ਬਾਬਾ ਸਿਆਸਤ ਆਖਰ ਸਮਾਜ ਦੇ ਕਿਸ ਧਿਰ ਦੇ ਹਿੱਤ ਵਿਚ ਭੁਗਤਦੀ ਹੈ? ਇਹ ਸਿਆਸਤ, ਧਰਮ, ਸਮਾਜ ਅਤੇ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਾਂ ਫਾਇਦਾ? ਅਜਿਹੇ ਕੁਝ ਸਵਾਲ ਹਨ ਜੋ ਹਰ ਸਹੀ ਸੋਚ ਵਾਲੇ ਵਿਅਕਤੀ ਦੇ ਮਨ ਵਿਚ ਉੱਭਰਦੇ ਹਨ ਪਰ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣਾ ਅਤੇ ਦੱਸਣਾ ਅਤਿ ਮੁਸ਼ਕਿਲ ਜਾਪਦਾ ਹੈ, ਕਿਉਂਕਿ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਅਤੇ ਦੱਸਣ ਲਈ ਹੱਕ, ਸੱਚ, ਇਨਸਾਨੀਅਤ, ਨੇਕੀ, ਇਮਾਨਦਾਰੀ ਅਤੇ ਧਰਮ ਦੇ ਰਾਹ 'ਤੇ ਚੱਲਣਾ ਪਵੇਗਾ ਪਰ ਅੱਜ ਦੇ ਸਿਆਸਤਦਾਨ, ਅਫਸਰਸ਼ਾਹੀ, ਧਾਰਮਿਕ ਨੇਤਾ, ਇੱਥੋਂ ਤਕ ਕਿ ਕੁਝ ਬੁੱਧੀਜੀਵੀ ਵੀ ਇਸ ਬਾਬਾ ਸਿਆਸਤ ਤੋਂ ਆਪਣਾ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਅੱਜ ਹਾਲਾਤ ਇੰਨੇ ਸੰਗੀਨ ਹੋ ਗਏ ਹਨ ਕਿ ਸਮਾਜ ਦਾ ਚੇਤੰਨ ਵਰਗ ਵੀ ਇਸ ਬਿੱਖੜੇ ਰਾਹ ਤੋਂ ਪਾਸਾ ਵੱਟਣ ਲੱਗ ਪਿਆ ਹੈ।

ਗੁਰਬਾਣੀ ਵਿਚ ਜੀਵਨ ਜਿਉਣ ਦੀ ਜਾਚ ਅਤੇ ਸੱਚ 'ਤੇ ਚੱਲਣ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ ਦੇਹਧਾਰੀ ਗੁਰੂਆਂ ਦੀ ਨਿੰਦਿਆ ਕੀਤੀ ਗਈ ਹੈ। ਫਿਰ ਵੀ ਪਤਾ ਨਹੀਂ ਕਿਉਂ ਲੱਖਾਂ/ਕਰੋੜਾਂ ਲੋਕ ਹਜ਼ਾਰਾਂ/ ਲੱਖਾਂ ਬਾਬਿਆਂ ਅਤੇ ਦੇਵੀ ਦੇਵਤਿਆਂ ਦੇ ਪਿੱਛੇ ਲੱਗੇ ਹੋਏ ਹਨ?



ਸੰਗਠਤ ਸਮਾਜ ਵਿਚ ਰਹਿੰਦਿਆਂ ਮਨੁੱਖ ਨੇ ਆਪਣੇ ਜੀਵਨ ਨੂੰ ਨਿਯਮਬੱਧ ਕਰਨ ਲਈ ਹੋਰਨਾਂ ਗੱਲਾਂ ਤੋਂ ਇਲਾਵਾ ਧਰਮ ਦੀ ਉਤਪਤੀ ਕੀਤੀ। ਧਰਮ ਇਕ ਜੀਵਨ ਜਾਚ ਬਣ ਗਿਆ ਪਰ ਸੱਤਾ ਦੀ ਸਿਆਸਤ ਨੇ ਧਰਮ ਨੂੰ ਨਿੱਜ ਤਕ ਸੀਮਤ ਨਹੀਂ ਰਹਿਣ ਦਿੱਤਾ ਸਗੋਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਇਸ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਦੇ ਤੌਰ 'ਤੇ ਵਰਤਣਾ ਸ਼ੁਰੂ ਕਰ ਦਿੱਤਾ। ਕੌਣ ਨਹੀਂ ਜਾਣਦਾ ਕਿ ਰਾਜ ਅਤੇ ਧਰਮ ਦਾ ਮੁੱਢ ਕਦੀਮ ਤੋਂ ਹੀ ਡੂੰਘਾ ਰਿਸ਼ਤਾ ਰਿਹਾ ਹੈ। ਦੋਵੇਂ ਇਕ ਦੂਸਰੇ ਦੀ ਮਦਦ ਕਰਦੇ ਰਹੇ ਹਨ, ਕਰ ਰਹੇ ਹਨ ਅਤੇ ਕਰਦੇ ਰਹਿਣਗੇ ਪਰ ਸਾਡੇ ਗੁਰੂ ਸਾਹਿਬ ਨੇ ਰਾਜ ਨੂੰ ਹਮੇਸ਼ਾ ਧਰਮ ਦੇ ਅਧੀਨ ਰੱਖਣ ਦੀ ਗੱਲ ਕੀਤੀ ਸੀ। ਹੁਣ ਉਲਟ ਵਾਪਰ ਰਿਹਾ ਹੈ, ਜਦ ਰਾਜਾ ਖਤਰੇ ਵਿਚ ਹੈ ਤਾਂ ਉਹ ਕਥਿਤ ਬਾਬਾ-ਧਰਮ ਤੋਂ ਮਦਦ ਲੈਂਦਾ ਹੈ ਜਦ ਬਾਬਿਆਂ ਦਾ ਧਰਮ ਖਤਰੇ ਵਿਚ ਹੁੰਦਾ ਹੈ ਤਾਂ ਉਹ ਰਾਜੇ ਤੋਂ ਮਦਦ ਭਾਲਦਾ ਹੈ। ਇਸ ਤਰ੍ਹਾਂ ਦੋਵੇਂ ਮਿਲ ਕੇ ਬਾਖੂਬੀ ਇਕ ਦੂਜੇ ਦੀ ਸਹਾਇਤਾ ਕਰਦੇ ਰਹਿੰਦੇ ਹਨ। ਅੱਜ ਵੀ ਸੱਤਾ 'ਤੇ ਕਾਬਜ਼ ਹੋਣ ਲਈ ਅਤੇ ਕਾਬਜ਼ ਰਹਿਣ ਲਈ ਇਨ੍ਹਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਕਿਤੇ ਰਾਮ ਜਨਮ ਭੂਮੀ ਅਤੇ ਕਿਧਰੇ ਬਾਬਰੀ ਮਸਜਿਦ ਦੇ ਮਸਲਿਆਂ ਹੇਠ ਲੋਕਾਂ ਦੇ ਅਸਲੀ ਮੁੱਦਿਆਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਆਰਥਿਕ ਪਾੜੇ ਆਦਿ ਨੂੰ ਤਾਂ ਬਿਲਕੁਲ ਹੀ ਲੀਹੋਂ ਲਾਹ ਦਿੱਤਾ ਜਾਂਦਾ ਹੈ।

ਬਾਬਾ ਪ੍ਰਥਾ ਦੀ ਲੋਕ ਪ੍ਰਿਅਤਾ ਦੀ ਜੜ੍ਹ ਆਰਥਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ ਵਿਚ ਪਈ ਹੋਈ ਹੈ। ਨਿੱਤ ਵਧ ਰਹੀ ਬੇਰੁਜ਼ਗਾਰੀ, ਗਰੀਬੀ, ਤੰਗੀ-ਤੁਰਸ਼ੀ, ਆਰਥਿਕ ਨਾ-ਬਰਾਬਰੀ ਅਤੇ ਭੁੱਖ ਮਰੀ ਕਾਰਨ ਲੋਕ ਬਾਬਿਆਂ ਦੇ ਡੇਰਿਆਂ ਤੋਂ ਇਸ ਦਾ ਹੱਲ ਢੂੰਡਦੇ ਹਨ। ਐਲੋਪੈਥੀ ਦੇ ਮਹਿੰਗੇ ਇਲਾਜ ਨਾ ਕਰਵਾ ਸਕਣ ਦੀ ਸੂਰਤ ਵਿਚ ਲੋਕ ਬਾਬਿਆਂ ਦੀ ਸੁਆਹ ਦੀ ਚੁਟਕੀ ਨਾਲ ਸਸਤਾ ਇਲਾਜ ਕਰਵਾਉਣਾ ਚਾਹੁੰਦੇ ਹਨ। ਅਨਪੜ੍ਹਤਾ, ਚੇਤਨਾ ਦਾ ਨੀਵਾਂ ਪੱਧਰ, ਸਿੱਖਿਆ ਦੀ ਘਾਟ, ਸਿੱਖਿਆ ਦਾ ਪਾਠਕ੍ਰਮ ਅਤੇ ਨੀਵਾਂ ਪੱਧਰ, ਪਰਿਵਾਰਕ ਕਲੇਸ਼ ਆਦਿ ਬਾਬਿਆਂ ਦੀ ਹੋਂਦ ਅਤੇ ਪ੍ਰਫੁੱਲਤਾ ਦੇ ਸਮਾਜਕ ਕਾਰਨ ਹਨ। ਕਥਿਤ ਧਾਰਮਿਕ ਸੰਸਕਾਰ, ਅੰਧ-ਵਿਸ਼ਵਾਸ, ਸਵਰਗ ਦੀ ਲਾਲਸਾ, ਨਰਕ ਦਾ ਡਰ, ਅਗਲਾ ਜਨਮ ਸੰਵਾਰਨ ਦਾ ਲਾਰਾ ਅਤੇ ਰਾਸ਼ੀਫਲ ਆਦਿ ਬਾਬਿਆਂ ਦੀ ਮਹਾਨਤਾ ਦੇ ਕੁਝ ਹੋਰ ਕਾਰਨ ਹਨ। ਸਿਆਸੀ ਪਾਰਟੀਆਂ ਅਤੇ ਨੇਤਾਵਾਂ ਵਲੋਂ ਸਮਾਜ ਦੀ ਧਰਮ, ਜਾਤ, ਬੋਲੀ, ਰੰਗ ਰੂਪ ਅਤੇ ਲਿੰਗ ਦੇ ਆਧਾਰ 'ਤੇ ਵੰਡ, ਇਸ ਦੇ ਰਾਜਨੀਤਕ ਕਾਰਨ ਹਨ। ਜੇਕਰ ਕੋਈ ਵਿਅਕਤੀ ਜਾਂ ਜਥੇਬੰਦੀ ਬਾਬਿਆਂ ਦੀਆਂ ਗਤੀਵਿਧੀਆਂ ਉਜਾਗਰ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਆਵਾਜ਼ ਨੂੰ ਵਿੰਗੇ-ਟੇਢੇ ਤਰੀਕੇ ਅਪਣਾ ਕੇ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ। ਇੱਥੋਂ ਤਕ ਕਿ ਮੌਕੇ ਦੀਆਂ ਸਰਕਾਰਾਂ ਵਲੋਂ ਵੀ ਅਜਿਹੀਆਂ ਜਥੇਬੰਦੀਆਂ ਨੂੰ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਦਿੱਤਾ ਜਾਂਦਾ। ਇਨ੍ਹਾਂ ਬਾਬਿਆਂ/ਸਿਆਣਿਆਂ ਖਿਲਾਫ ਆਪਣੀ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਤਾਂ ਹੁੰਦੀ ਆ ਰਹੀ ਹੈ ਪਰ ਰਾਜਨੀਤਕ ਪਾਰਟੀਆਂ ਅਤੇ ਸਰਕਾਰਾਂ ਸੱਚ ਦੀ ਪਿੱਠ ਪੂਰਨ ਦੀ ਬਜਾਏ ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕਰਦੀਆਂ ਹਨ। ਲੋਕ ਲਹਿਰਾਂ ਦੀ ਘਾਟ ਵੀ ਅਜਿਹੇ ਵਰਤਾਰੇ ਲਈ ਜ਼ਿੰਮੇਵਾਰ ਹੈ।

ਲੋਕਾਂ ਦੇ ਮਸਲੇ ਕਿਸੇ ਵੀ ਰਾਜਨੀਤਕ ਪਾਰਟੀ ਦੇ ਏਜੰਡੇ 'ਤੇ ਹੀ ਨਹੀਂ ਹਨ। ਇਨ੍ਹਾਂ ਦਾ ਏਜੰਡਾ ਤਾਂ ਹਰ ਹੀਲੇ ਸੱਤਾ 'ਤੇ ਕਾਬਜ਼ ਰਹਿਣ ਦਾ ਹੈ, ਲੋਕ ਜਾਣ ਢੱਠੇ ਖੂਹ ਵਿਚ। ਹੁਣ ਸਿਆਸਤ ਲੋਕਾਂ ਦੀ ਸੇਵਾ ਲਈ ਨਹੀਂ, ਸਗੋਂ ਲੋਕ ਸਿਆਸਤ ਲਈ ਹਨ। ਪ੍ਰਸ਼ਾਸਨ ਅਤੇ ਸਰਕਾਰਾਂ ਦਾ ਲੋਕਾਂ ਦੀਆਂ ਨਿੱਤ-ਪ੍ਰਤੀ ਦੀਆਂ ਸਮੱਸਿਆਵਾਂ ਅਤੇ ਲੰਬੇ ਸਮੇਂ ਦੀਆਂ ਲੋੜਾਂ ਪ੍ਰਤੀ ਅਵੇਸਲਾਪਨ, ਰਿਸ਼ਵਤਖੋਰੀ, ਸਰਕਾਰ ਦੀ ਬਦ-ਇੰਤਜ਼ਾਮੀ, ਨਾਲਾਇਕੀ ਅਤੇ ਲਾਪ੍ਰਵਾਹੀ ਧਰਮ ਵਿਚ ਵਿਗਾੜ ਅਤੇ ਬਾਬਿਆਂ ਦੀ ਮਾਨਤਾ ਵਧਾਉਣ ਵਿਚ ਉੱਘਾ ਯੋਗਦਾਨ ਪਾਉਂਦੇ ਹਨ।

ਸਮਾਜ ਨੂੰ ਜਾਗਰੂਕ ਅਤੇ ਚੇਤਨ ਕਰਨ ਦੀ ਲੋੜ ਹੈ। ਗਿਆਨ ਰੂਪੀ ਦੀਵੇ ਨਾਲ ਹਨੇਰਾ ਦੂਰ ਕਰਨ ਦੀ ਲੋੜ ਹੈ। ਪਰ ਇਸ ਸਾਰੇ ਵਰਤਾਰੇ ਵਿਚ ਇਹ ਬਿਲਕੁਲ ਨਹੀਂ ਸਮਝ ਲੈਣਾ ਚਾਹੀਦਾ ਕਿ ਧਰਮ ਅਤੇ ਰਾਜਨੀਤੀ ਲੋਕਾਂ ਦੇ ਮਸਲਿਆਂ ਦੇ ਉਲਟ ਹਨ। ਧਰਮ ਅਤੇ ਰਾਜਨੀਤੀ ਨੂੰ ਅੰਨ੍ਹੇਵਾਹ ਨਿੰਦਣਾ, ਕੋਈ ਠੀਕ ਗੱਲ ਨਹੀਂ। ਹਰ ਸਮਾਜ ਲਈ ਧਰਮ ਅਤੇ ਰਾਜਨੀਤੀ ਜ਼ਰੂਰੀ ਹਨ। ਧਰਮ ਜੀਵਨ ਜਾਚ ਸਿਖਾਉਂਦਾ ਹੈ ਅਤੇ ਹਰ ਵਿਅਕਤੀ ਦਾ ਨਿੱਜੀ ਮਸਲਾ ਹੈ ਪਰ ਇਸ ਨੂੰ ਦੂਜੇ ਧਰਮਾਂ ਜਾਂ ਵਿਅਕਤੀਆਂ ਨੂੰ ਨੀਵਾਂ ਵਿਖਾਉਣ ਜਾਂ ਦੂਜੇ ਧਰਮ ਦੇ ਪੈਰੋਕਾਰਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਵਰਤਣਾ ਚਾਹੀਦਾ ਅਤੇ ਨਾ ਹੀ ਧਾਰਮਿਕ ਨੇਤਾਵਾਂ, ਮੁਲਵਾਦੀਆਂ ਅਤੇ ਰਾਜਨੀਤਕ ਨੇਤਾਵਾਂ ਨੂੰ ਧਰਮ ਨੂੰ ਇਕ ਹਥਿਆਰ ਦੇ ਰੂਪ ਵਿਚ ਵਰਤਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਦਰਅਸਲ ਨਾ ਤਾਂ ਧਰਮ ਅਤੇ ਨਾ ਹੀ ਸਿਆਸਤ ਆਪਣੇ ਆਪ ਵਿਚ ਮਾੜੇ ਹਨ। ਜੋ ਮਾੜੇ ਹਨ ਤਾਂ ਉਹ ਧਾਰਮਿਕ ਅਤੇ ਰਾਜਨੀਤਕ ਨੇਤਾ ਜੋ ਧਰਮ ਨੂੰ ਲੋਕਾਂ ਵਿਚ ਵੰਡੀਆਂ ਪਾਉਣ ਅਤੇ ਲੜਾਉਣ ਲਈ ਵਰਤਦੇ ਹਨ ਅਤੇ ਹਮੇਸ਼ਾ ਆਪਣੀ ਚੌਧਰ ਬਣਾਈ ਰੱਖਣ ਦੇ ਚੱਕਰ ਵਿਚ ਧਰਮ ਅਤੇ ਸਿਆਸਤ ਦੀ ਵੇਦੀ 'ਤੇ ਲੋਕਾਂ ਦੀ ਬਲੀ ਚੜ੍ਹਾਉਂਦੇ ਰਹਿੰਦੇ ਹਨ। ਅੱਜ ਅਜਿਹੇ ਅਨਸਰਾਂ ਨੂੰ ਪਛਾਣਨ ਅਤੇ ਨਿਖੇੜਨ ਦੀ ਲੋੜ ਹੈ। ਧਰਮ ਅਤੇ ਰਾਜਨੀਤੀ ਦੀ ਵਾਗਡੋਰ ਉਨ੍ਹਾਂ ਲੋਕਾਂ ਦੇ ਹੱਥ ਵਿਚ ਦੇਣ ਦੀ ਲੋੜ ਹੈ ਜੋ ਲੋਕਾਂ ਨੂੰ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਆਪਣਾ ਧਾਰਮਿਕ ਅਤੇ ਰਾਜਨੀਤਕ ਏਜੰਡਾ ਬਣਾਉਣ ਅਤੇ ਸਮੁੱਚੇ ਦੇਸ਼ ਨੂੰ ਅੱਗੇ ਲਿਜਾਣ।

# ਆਤਮ ਹੱਤਿਆ ਨਹੀਂ ਹੈ ਪੰਜਾਬ ਦੇ ਕਿਸਾਨੀ ਮਸਲਿਆਂ ਦਾ ਹੱਲ

**ਪ੍ਰੋ. ਬਲਜੀਤ ਸਿੰਘ ਗਿੱਲ**

ਸਮੇਂ ਸਮੇਂ ਤੇ ਵਰਤਦੀਆਂ ਕੁਦਰਤੀ ਤੇ ਮਾੜੀਆਂ ਘਟਨਾਵਾਂ ਮਨੁੱਖ ਲਈ ਬੜੀਆਂ ਘਾਤਕ ਸਿੱਧ ਹੋਈਆਂ ਹਨ। ਜਦੋਂ ਜਦੋਂ ਵੀ ਮਨੁੱਖ ਇਨ੍ਹਾਂ ਘਟਨਾਵਾਂ ਦਾ ਸਾਹਮਣਾ ਕਰਨ ਲਈ ਵਿਚਰਿਆ ਹੈ, ਉਦੋਂ ਉਦੋਂ ਹੀ ਕਈ ਮਨੁੱਖਾਂ ਦਾ ਸਾਹਸ ਹਾਰ ਗਿਆ ਤੇ ਹਾਲਾਤ ਨੇ ਮਨੁੱਖ ਨੂੰ ਹਰਾ ਦਿੱਤਾ। ਜਿਹੜੇ ਮਨੁੱਖਾਂ ਦੀ ਇੱਛਾ ਸ਼ਕਤੀ (ਇਰਾਦਾ) ਮਜ਼ਬੂਤ ਸੀ ਉਨ੍ਹਾਂ ਨੇ ਹਾਲਾਤ ਦਾ ਸਾਹਮਣਾ ਕਰਨ ਦੀ ਠਾਣ ਲਈ। ਪੰਜਾਬ ਦੀ ਧਰਤੀ ਹਮੇਸ਼ਾ ਜੰਗਾਂ-ਯੁੱਧਾਂ ਦਾ ਅਖਾੜਾ ਬਣੀ ਰਹੀ ਹੈ। ਜਦੋਂ ਅੰਗਰੇਜ਼ਾਂ ਤੇ ਮੁਗਲਾਂ ਨੇ ਭਾਰਤ 'ਤੇ ਅਤਿਆਚਾਰ ਜਾਂ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬੀਆਂ ਨੇ ਹਰ ਮੋਰਚੇ 'ਤੇ ਡਟ ਕੇ ਪਹਿਰੇਦਾਰੀ ਕੀਤੀ। ਪਰ ਅੱਜ ਸਵਾਲ ਇਹ ਉੱਠਦਾ ਹੈ ਕਿ ਕਿਉਂ ਬਹਾਦਰ ਪੰਜਾਬੀ ਕਿਸਾਨਾਂ ਨੇ ਹਾਲਾਤ ਦੇ ਮੱਦੇਨਜ਼ਰ ਖੁਦਕੁਸ਼ੀਆਂ ਨੂੰ ਪਹਿਲ ਦੇਣੀ ਚਾਲੂ ਕਰ ਦਿੱਤੀ ਹੈ? ਜੈ ਕਿਸਾਨ, ਜੈ ਜਵਾਨ ਦਾ ਨਾਹਰਾ ਅੱਜ ਵੀ ਦੇਸ ਪ੍ਰਦੇਸ ਵਿਚ ਗੂੰਜਦਾ ਹੈ। ਜੇ ਸਾਰੇ ਸੰਸਾਰ ਦੀ ਕਿਸਾਨੀ 'ਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਪੰਜਾਬ ਦਾ ਕਿਸਾਨ ਵਿਕਸਿਤ ਦੇਸ਼ਾਂ ਨੂੰ ਛੱਡ ਕੇ ਬਾਕੀ ਦੇਸ਼ਾਂ ਨਾਲੋਂ ਫਿਰ ਵੀ ਬੇਹਤਰ ਸਥਿਤੀ ਵਿਚ ਹੈ। ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇ ਦੂਜੇ ਦੇਸ਼ਾਂ ਜਿਵੇਂ ਅਫਗਾਨਿਸਤਾਨ, ਪਾਕਿਸਤਾਨ, ਕਜ਼ਾਖਿਸਤਾਨ ਤੇ ਅਰਬ ਦੇਸ਼ਾਂ ਦੇ ਕਿਸਾਨਾਂ ਦੀ ਸਥਿਤੀ ਪੰਜਾਬ ਤੋਂ ਵੀ ਕਿਤੇ ਖਰਾਬ ਹੈ ਪਰ ਇਨ੍ਹਾਂ ਦੇਸ਼ਾਂ ਦੇ ਕਿਸਾਨਾਂ ਨੇ ਕਦੇ ਵੀ ਖੁਦਕੁਸ਼ੀਆਂ ਨੂੰ ਪਹਿਲ ਨਹੀਂ ਦਿੱਤੀ।

ਭਾਰਤ ਖੇਤੀਬਾੜੀ ਪ੍ਰਧਾਨ ਦੇਸ਼ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਦੂਸਰੇ ਧੰਦਿਆਂ ਨੂੰ ਕਰਨ ਵਾਲੇ ਲੋਕਾਂ ਦਾ ਗੁਜ਼ਾਰਾ ਵੀ ਖੇਤੀਬਾੜੀ ਨਾਲ ਜੁੜਿਆ ਹੋਣ ਕਰਕੇ ਉਨ੍ਹਾਂ ਦਾ ਮਨੋਬਲ ਵੀ ਡਿੱਗਦਾ ਹੈ। ਜਿੱਥੋਂ ਤੱਕ ਕਿਸਾਨਾਂ ਦੀ ਆਮਦਨੀ ਦਾ ਸਵਾਲ ਹੈ, ਇਹ ਜ਼ਰੂਰ ਹੈ ਕਿ ਹੁਣ ਇਹ ਮੁਨਾਫੇ ਵਾਲਾ ਧੰਦਾ ਨਹੀਂ ਰਿਹਾ। ਦਰਅਸਲ ਅਜਿਹਾ ਪਹਿਲਾਂ ਵੀ ਕਦੇ ਸ਼ਾਇਦ ਹੀ ਹੋਵੇ। ਪਰ ਕੀ ਕਿਸੇ ਚੀਜ਼ ਦੇ ਘਾਟੇ ਵੱਸ ਕਿਸਾਨ ਹੁਣ ਆਪਣੀ ਜਾਨ ਦੇਣ ਨੂੰ ਪਹਿਲ ਦੇਵੇਗਾ? ਜ਼ਿੰਦਗੀ ਇਕ ਵਾਰ ਹੀ ਮਿਲਦੀ ਹੈ। ਕਿਸਾਨੀ ਘਾਟੇਵੰਦ ਹੋਣ ਕਾਰਨ ਇਸ ਦੇ ਬਦਲ ਦੇ ਰਸਤੇ ਕਿਸਾਨ ਨੂੰ ਆਪ ਹੀ ਲੱਭਣੇ ਪੈਣੇ ਹਨ। ਸਰਕਾਰ 'ਤੇ ਝਾਕ ਰੱਖਣ ਵਾਲੇ ਕਿਸਾਨ ਹਮੇਸ਼ਾ ਹੀ ਜ਼ਿੰਦਗੀ ਵਿਚ ਫੇਲ੍ਹ ਰਹਿਣਗੇ, ਕਿਉਂਕਿ ਰਾਜਨੇਤਾਵਾਂ ਨੂੰ ਆਪਣੀ ਕੁਰਸੀ ਬਚਾਉਣ ਅਤੇ ਗਲਤ ਕੰਮਾਂ ਵਿਚ ਪੈਸੇ ਕਮਾਉਣ 'ਤੇ ਹੀ ਬਹੁਤ ਸਮਾਂ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਜੋ ਉਨ੍ਹਾਂ ਨੂੰ ਸਮਾਂ ਬਚਦਾ ਹੈ ਤਾਂ ਉਹ ਵੱਡੇ ਲੋਕਾਂ ਨੂੰ ਫਾਇਦਾ ਪਹੁੰਚਾ ਦਿੰਦੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੇ ਚੰਦਾ ਲਿਆ ਹੁੰਦਾ ਹੈ ਤੇ ਕਿਸਾਨ 'ਤੇ ਤਾਂ ਕਿਸੇ ਵੀ ਸਰਕਾਰ ਦੀ ਨਜ਼ਰ ਹੀ ਨਹੀਂ ਪੈਂਦੀ।



ਸਮਾਜ ਦਾ ਧਨਾਢ ਵਰਗ ਹਮੇਸ਼ਾ ਹੀ ਕਿਸਾਨ ਨੂੰ ਲੁੱਟ ਦਾ ਅੱਡਾ ਸਮਝਦਾ ਹੈ। ਸਮਾਜ ਦਾ ਹੋਰ ਵਰਗ ਜਿਸ ਤਰ੍ਹਾਂ ਲੁੱਟਿਆ ਜਾਣ ਵਾਲਾ ਹੁੰਦਾ ਹੀ ਨਹੀਂ ਤਾਂ ਸਰਕਾਰ ਅਤੇ ਧਨਾਢ ਵਰਗ ਹੋਰ ਕਿਸ ਨੂੰ ਲੁੱਟੇਗਾ? ਜੇਕਰ ਉਹ ਲੁੱਟੇਗਾ ਹੀ ਨਹੀਂ ਤਾਂ ਅਮੀਰ ਨਹੀਂ ਬਣ ਸਕੇਗਾ। ਇਨ੍ਹਾਂ ਲੁਟੇਰਿਆਂ ਤੋਂ ਬਚਣ ਲਈ ਕਿਸਾਨਾਂ ਲਈ ਆਪਣੇ ਧੀਆਂ-ਪੁੱਤਰਾਂ ਨੂੰ ਪੜ੍ਹਾਉਣਾ ਬਹੁਤ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਲੁਟੇਰਿਆਂ ਦਾ ਅਸਲੀ ਚਿਹਰਾ ਉਹ ਪਛਾਣ ਸਕਣ। ਕੋਈ ਵੀ ਸੱਤਾ ਨਹੀਂ ਚਾਹੁੰਦੀ ਕਿ ਗਰੀਬ ਪਰਿਵਾਰ ਦਾ ਧੀ-ਪੁੱਤਰ ਪੜ੍ਹੇ। ਦੂਜੇ ਪਾਸੇ ਅੱਜ ਖੇਤੀਬਾੜੀ ਵੀ ਪੜ੍ਹੇ ਲਿਖੇ ਆਦਮੀ ਦਾ ਧੰਦਾ ਬਣ ਕੇ ਰਹਿ ਗਈ ਹੈ। ਖੇਤੀ ਛੋਟੀ ਹੋਣ ਕਰਕੇ ਬਹੁਤ ਵੱਡੇ ਟੱਬਰਾਂ ਦਾ ਪੇਟ ਨਹੀਂ ਪਾਲ ਸਕੇਗੀ ਕਿਉਂਕਿ ਭੂਮੀ ਦੇ ਟੁਕੜੇ ਛੋਟੇ ਹੋਣ ਕਰਕੇ ਸਾਧਨ ਉਨੇ ਹੀ ਚਾਹੀਦੇ ਹਨ ਤਾਂ ਫਿਰ ਇਹ ਕਿਵੇਂ ਸੰਭਵ ਮੁਨਾਫਾ ਦੇ ਸਕੇਗ।

ਜੇਕਰ ਅੱਜ ਸਵਾਮੀਨਾਥਨ ਦੀ ਰਿਪੋਰਟ ਨੂੰ ਵੀ ਲਾਗੂ ਕਰ ਦਿੱਤਾ ਜਾਵੇ ਤਾਂ ਵੀ ਕਿਸਾਨਾਂ ਦੀ ਹਾਲਤ ਨਹੀਂ ਸੁਧਰੇਗੀ। ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਖੇਤੀ ਸਬਸਿਡੀਆਂ ਬਹੁਤ ਘੱਟ ਹਨ। ਕਿਸਾਨ ਦੀ ਮਾਨਸਿਕ ਦਸ਼ਾ ਤੇ ਦਿਸ਼ਾ ਵੀ ਗਲਤ ਪਾਸੇ ਨੂੰ ਜਾ ਰਹੀ ਹੈ। ਸਾਡੇ ਪੁਰਖਿਆਂ ਦਾ ਪੁਰਖਿਆਂ ਰਾਹ ਹੈ ਕਿ ਸਬਰ ਸੰਤੋਖ ਨਾਲ ਜੀਊਣਾ ਹੀ ਠੀਕ ਹੁੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਕਿਸਾਨ ਅਮੀਰ ਹੀ ਨਾ ਬਣੇ, ਸਗੋਂ ਇਸ ਦਾ ਭਾਵਚਾਦਰ ਦੇਖ ਕੇ ਪੈਰ ਪਸਾਰਨ ਤੋਂ ਹੈ। ਇਹ ਵੀ ਸੱਚ ਹੈ ਕਿ ਖੇਤੀ ਦੇ ਧੰਦੇ ਨਾਲ ਅਮੀਰ ਬਣਨ ਦੇ ਸੁਪਨੇ ਨਹੀਂ ਲਏ ਜਾ ਸਕਦੇ। ਸਮਾਜ ਵਿਚ ਜੋ ਬਹੁਤੇ ਅਮੀਰ ਆਦਮੀ ਦਿਸਦੇ ਹਨ, ਉਹ ਬਹੁਤੇ ਧੋਖਾਧੜੀ ਕਰਕੇ ਵੀ ਅਜਿਹਾ ਬਣਦੇ ਹਨ। ਖੇਤੀਬਾੜੀ ਵਿਚ ਅਜਿਹੀ ਮਾੜੀ ਕਿਰਤ ਦੀ ਸਹੂਲਤ ਹੀ ਨਹੀਂ ਹੁੰਦੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਖੇਤੀਬਾੜੀ ਤੋਂ ਮਨ ਉਚਾਟ ਨਾ ਕਰੇ, ਇਹ ਸੱਚਾ-ਸੁੱਚਾ ਧੰਦਾ ਹੈ। ਅਜਿਹਾ ਕਰਨ ਨਾਲ ਦੂਸਰੇ ਲੋਕ, ਜੋ ਇਸ ਨਾਲ ਜੁੜੇ ਹੋਏ ਹਨ, ਉਨ੍ਹਾਂ ਦੀ ਆਰਥਿਕਤਾ ਨੂੰ ਵੀ ਸੱਟ ਵੱਜੇਗੀ। ਗੁਰੂ ਨਾਨਕ ਸਾਹਿਬ ਨੇ ਵੀ ਖੇਤੀ ਨੂੰ ਉੱਤਮ ਕਰਕੇ ਜਾਣਿਆ ਹੈ, ਇਹ ਜ਼ਰੂਰ ਹੀ ਉੱਤਮ ਰਹੇਗੀ।

ਖੁਦਕੁਸ਼ੀ ਕਰਨਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਕੀ ਆਪ ਮਰਨ ਨਾਲ ਬਾਕੀ ਪਰਿਵਾਰ ਸੁਖੀ ਵਸੇਗਾ। ਤੁਸੀਂ ਉਨ੍ਹਾਂ ਨੂੰ ਹੋਰ ਵੀ ਦੁਖੀ ਕਰੋਗੇ। ਅਫ਼ਗਾਨਿਸਤਾਨ ਦੇ ਕਿਸਾਨ ਦੀ ਹਾਲਤ ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਦਾ ਕਿਸਾਨ ਕਦੇ ਵੀ ਖੁਦਕੁਸ਼ੀ ਨਾ ਕਰੇ। ਗੁਰੂਆਂ, ਪੀਰਾਂ ਦੇ ਜੀਵਨ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਨੇ ਸਾਨੂੰ ਔਖੇ ਸਮੇਂ ਵਿਚ ਜਿਊਣਾ ਸਿਖਾਇਆ ਹੈ। ਸਮੇਂ ਦੀ ਨਬਜ਼ ਮੁਤਾਬਕ ਸਾਡੇ ਕਿਸਾਨਾਂ ਨੂੰ ਹਾਲ ਦੀ ਘੜੀ ਲੋੜਾਂ ਸੀਮਤ ਕਰ ਲੈਣੀਆਂ ਚਾਹੀਦੀਆਂ ਹਨ। ਇੱਛਾ ਸੀਮਤ ਹੋਵੇਗੀ ਤਾਂ ਕੋਈ ਤੁਹਾਡੀ ਮਜਬੂਰੀ ਦਾ ਫਾਇਦਾ ਨਹੀਂ ਲੈ ਸਕੇਗਾ। ਜਿੱਥੋਂ ਤੱਕ ਕਿਸਾਨ ਜਥੇਬੰਦੀਆਂ ਦਾ ਕਿਸਾਨ ਪੱਖੀ ਹੋਣ ਦਾ ਦਾਅਵਾ ਹੈ, ਇਸ ਵਿਚ ਬਹੁਤਾ ਦਮ ਨਹੀਂ। ਸਰਕਾਰ ਵੱਲੋਂ ਕਿਸਾਨਾਂ ਦੇ ਆਗੂਆਂ ਨੂੰ ਲੁਭਾਉਣ ਲਈ ਅਹੁਦੇ ਦਿੱਤੇ ਜਾਂਦੇ ਹਨ। ਅਜਿਹੀ ਸੋਚ ਨਾਲ ਸਰਕਾਰ ਵੱਲੋਂ ਲਈ ਕੁਰਸੀ ਕਦੇ ਕਿਸਾਨੀ ਦਾ ਭਲਾ ਨਹੀਂ ਕਰ ਸਕਦੀ। ਇਸ ਲਈ ਕਿਸਾਨ ਨੂੰ ਕਿਤੇ ਨਾ ਕਿਤੇ ਉਸ ਜਥੇਬੰਦੀ ਨਾਲ ਜੁੜਨਾ ਚਾਹੀਦਾ ਹੈ ਜੋ ਵਿਕਾਊ ਨਾ ਹੋਵੇ। ਸਾਰੀਆਂ ਜਥੇਬੰਦੀਆਂ ਮਾੜੀਆਂ ਨਹੀਂ ਹਨ। ਜੇਕਰ ਅੱਜ ਇਹ ਜਥੇਬੰਦੀਆਂ ਹੋਂਦ ਵਿਚ ਨਾ ਆਉਂਦੀਆਂ ਤਾਂ ਰਾਜਨੀਤੀਵਾਨਾਂ ਅਤੇ ਧਨਾਢ ਲੋਕਾਂ ਨੇ ਕਿਸਾਨ ਦੀ ਜ਼ਮੀਨ ਹੀ ਹੜੱਪ ਲੈਣੀ ਸੀ। ਜਿਹੜਾ ਵੀ ਕਿਸਾਨ ਇਨ੍ਹਾਂ ਦੇ ਨਾਲ ਰਲ ਕੇ ਚਲਦਾ ਹੈ, ਉਹ ਖੁਦਕੁਸ਼ੀ ਵਾਲੇ ਪਾਸੇ ਵੱਲ ਨਹੀਂ ਸੋਚਦਾ ਹੈ ਕਿਉਂਕਿ ਯੂਨੀਅਨਾਂ ਦੇ ਨੁਮਾਇੰਦੇ ਉਹਨਾਂ ਨੂੰ ਲੁਟੇਰਿਆਂ ਦੀਆਂ ਚਾਲਾਂ ਤੋਂ ਵਾਕਿਫ਼ ਕਰਵਾਉਂਦੇ ਰਹਿੰਦੇ ਹਨ। ਕਿਸਾਨਾਂ ਨੂੰ ਇਹ ਹੀ ਸਲਾਹ ਹੈ ਕਿ ਜੀਵਨ ਨੂੰ ਸਮਾਜ ਦੇ ਸਹੀ ਲੇਖੇ ਲਾਈਏ, ਖੁਦਕੁਸ਼ੀਆਂ ਦੀ ਪਿਰਤ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰੂ ਸਾਬਤ ਹੋਵੇਗੀ।

### ਸ਼ਹੀਦੀ ਦਿਵਸ ਮੌਕੇ

# ਸਰਦਾਰ ਹਰੀ ਸਿੰਘ ਨਲੂਆ ਦੀ ਸ਼ਹਾਦਤ

**ਸੁਰਿੰਦਰ ਕੋਛੜ**



ਹਰੀ ਸਿੰਘ ਨਲੂਆ ਨੇ 17 ਅਕਤੂਬਰ 1836 ਨੂੰ ਜਮਰੌਦ ਕਿਲ੍ਹੇ ਦੀ ਨੀਂਹ ਰੱਖ ਕੇ ਨੇੜੇ ਹੋਰ ਛੋਟੇ ਕਿਲ੍ਹਿਆਂ-ਬੁਰਜ ਹਰੀ ਸਿੰਘ, ਕਿਲ੍ਹਾ ਬਾੜਾ ਅਤੇ ਕਿਲ੍ਹਾ ਮਿਚਨੀ ਆਦਿ ਦਾ ਨਿਰਮਾਣ ਸ਼ੁਰੂ ਕਰਵਾਇਆ। ਜਦੋਂ ਇਨ੍ਹਾਂ ਕਿਲ੍ਹਿਆਂ ਦੇ ਨਿਰਮਾਣ ਦੀ ਖ਼ਬਰ ਕਾਬਲ ਅਫ਼ਗ਼ਾਨਾਂ ਕੋਲ ਪੁੱਜੀ ਤਾਂ ਉਹ ਸਮਝ ਗਏ ਕਿ ਹਰੀ ਸਿੰਘ ਪਿਸ਼ਾਵਰ ਤੋਂ ਬਾਅਦ ਜਲਾਲਾਬਾਦ ਅਤੇ ਕਾਬਲ ਨੂੰ ਖ਼ਾਲਸਾ ਰਾਜ ਵਿੱਚ ਮਿਲਾਉਣ ਦੀ ਤਿਆਰੀ ਵਿੱਚ ਹੈ। ਇਸ 'ਤੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਪੰਜਾਂ ਪੁੱਤਰਾਂ ਨੂੰ ਗ਼ਾਜ਼ੀਆਂ ਦੇ ਭਾਰੀ ਲਸ਼ਕਰ ਸਹਿਤ ਮਿਰਜ਼ਾ ਸਮੀ ਖ਼ਾਨ ਨੂੰ ਆਪਣਾ ਲਾਇਬੁਲ ਸਲਤਨਤ ਮੁਕੱਰਰ ਕਰ ਕੇ 15 ਅਪਰੈਲ 1837 ਨੂੰ ਖ਼ਾਲਸੇ ਉੱਤੇ ਚੜ੍ਹਾਈ ਕਰਨ ਲਈ ਤੋਰ ਦਿੱਤਾ।

ਉੱਧਰ ਸਰਹੱਦ ਦੀ ਸੁਰੱਖਿਆ ਦੀਆਂ ਤਿਆਰੀਆਂ ਲਈ ਕਿਲ੍ਹਿਆਂ ਦੇ ਨਿਰਮਾਣ ਵਿੱਚ ਦਿਨ-ਰਾਤ ਜੁਟੇ ਰਹਿਣ ਕਰਕੇ ਹਰੀ ਸਿੰਘ ਨਲੂਆ ਥਕੇਵੇਂ ਕਾਰਨ ਪਿਸ਼ਾਵਰ ਦੇ ਕਿਲ੍ਹੇ ਵਿਚ ਬੀਮਾਰ ਪਏ ਸਨ। ਦੂਜੇ ਪਾਸੇ ਲਾਹੌਰ ਵਿਚ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਸਮਾਰੋਹ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਅੰਗਰੇਜ਼ ਅਫ਼ਸਰਾਂ, ਰਾਜਿਆਂ, ਮਹਾਰਾਜਿਆਂ ਤੇ ਨਵਾਬਾਂ ਨੂੰ ਪ੍ਰਭਾਵਿਤ ਕਰਨ ਲਈ ਪਿਸ਼ਾਵਰ ਤੋਂ ਵੱਡੀ ਗਿਣਤੀ ਵਿਚ ਫ਼ੌਜ ਮੰਗਵਾਈ ਗਈ ਸੀ।

ਹਰੀ ਸਿੰਘ ਨਲੂਆ ਦੁਆਰਾ ਨਿਯੁਕਤ ਕੀਤੇ ਕਿਲ੍ਹਾ ਜਮਰੌਦ ਦੇ ਕਿਲ੍ਹੇਦਾਰ ਅਤੇ ਉਨ੍ਹਾਂ ਦੇ ਪਾਲਿਤ ਪੁੱਤਰ ਮਹਾਂ ਸਿੰਘ ਮੀਰਪੁਰੀਏ ਵੱਲੋਂ ਰੋਜ਼ਾਨਾ ਅਫ਼ਗ਼ਾਨੀਆਂ ਵੱਲੋਂ ਜੰਗੀ ਤਿਆਰੀਆਂ ਦੀਆਂ ਖ਼ਬਰਾਂ ਪੁੱਜ ਰਹੀਆਂ ਸਨ। ਮਹਾਂ ਸਿੰਘ ਨੇ ਕਿਲ੍ਹੇ ਵਿੱਚੋਂ ਸ. ਨਲੂਆ ਨੂੰ ਲਿਖਤੀ ਸੁਨੇਹਾ ਭੇਜ ਕੇ ਫ਼ੌਜ ਦੀ ਮੰਗ ਕੀਤੀ। ਹਰੀ ਸਿੰਘ ਨਲੂਆ ਨੇ ਉਸ ਦੇ ਖ਼ਤ ਸਮੇਤ ਆਪਣੇ ਵੱਲੋਂ ਇੱਕ ਅਰਜ਼ੀ ਲਿਖਵਾ ਕੇ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਭਿਜਵਾ ਦਿੱਤੀ, ਜਿਸ ਵਿੱਚ ਉਨ੍ਹਾਂ ਪਿਸ਼ਾਵਰ ਦੀ ਫ਼ੌਜ ਜਲਦੀ ਵਾਪਸ ਭੇਜਣ ਦੀ ਮੰਗ ਕੀਤੀ। ਇਹ ਸੁਨੇਹਾ 26 ਅਪਰੈਲ ਦੀ ਦੁਪਹਿਰ ਰਾਜਾ ਧਿਆਨ ਸਿੰਘ ਕੋਲ ਪੁੱਜਿਆ ਪਰ ਉਸ ਨੇ ਇਸ ਬਾਰੇ ਮਹਾਰਾਜੇ ਨੂੰ ਜਾਣਕਾਰੀ ਨਾ ਦਿੱਤੀ, ਜਿਸ ਕਾਰਨ 30 ਅਪਰੈਲ ਤੱਕ ਵੀ ਲਾਹੌਰ ਦਰਬਾਰ ਵੱਲੋਂ ਪਿਸ਼ਾਵਰ ਕੋਈ ਜਵਾਬ ਨਾ ਪੁੱਜਿਆ।

ਉੱਧਰ, 27 ਅਪਰੈਲ ਨੂੰ ਅਫ਼ਗਾਨ ਦੱਰਾ ਖ਼ੈਬਰ ਦੇ ਪੂਰਬੀ ਸਿਰੇ 'ਤੇ ਪੁੱਜ ਚੁੱਕੇ ਸਨ। ਜਦੋਂ ਉਨ੍ਹਾਂ ਨੂੰ ਸ.ਨਲੂਆ ਦੇ ਕਿਲ੍ਹੇ ਵਿੱਚ ਮੌਜੂਦ ਨਾ ਹੋਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਅਤੇ ਅਗਲੇ ਦਿਨ 28 ਅਪਰੈਲ ਨੂੰ ਉਨ੍ਹਾਂ ਨੇ ਕਿਲ੍ਹੇ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਗੋਲਾਬਾਰੀ ਦੇ ਜਵਾਬ ਵਿੱਚ ਮਹਾਂ ਸਿੰਘ ਨੇ ਵੀ ਕਿਲ੍ਹੇ ਵਿੱਚੋਂ ਅਫ਼ਗ਼ਾਨੀਆਂ ਉੱਤੇ ਗੋਲਾਬਾਰੀ ਸ਼ੁਰੂ ਕਰਵਾ ਦਿੱਤੀ। ਇਹ ਸਿਲਸਿਲਾ ਰਾਤ ਦਾ ਹਨੇਰਾ ਹੋਣ ਤਕ ਚੱਲਦਾ ਰਿਹਾ।

ਦੂਜੇ ਦਿਨ ਵੀ ਅਫ਼ਗ਼ਾਨੀਆਂ ਨੇ ਦਿਨ ਚੜ੍ਹਦਿਆਂ ਹੀ ਕਿਲ੍ਹੇ ਉੱਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਕਿਲ੍ਹੇ ਵਿੱਚ ਮੌਜੂਦ ਇੱਕ ਹਜ਼ਾਰ ਖ਼ਾਲਸਾ ਫ਼ੌਜ ਦਾ ਅਫ਼ਗ਼ਾਨੀਆਂ ਦੇ 30,000 ਲਸ਼ਕਰ ਅੱਗੇ ਜ਼ਿਆਦਾ ਦੇਰ ਤੱਕ ਡਟੇ ਰਹਿਣਾ ਅਸੰਭਵ ਸੀ ਪਰ ਫਿਰ ਵੀ ਖ਼ਾਲਸਾ ਫ਼ੌਜ ਦੇ ਹੌਂਸਲੇ ਬੁਲੰਦ ਰਹੇ ਅਤੇ ਉਹ ਅਫ਼ਗ਼ਾਨੀਆਂ ਉੱਤੇ ਲਗਾਤਾਰ ਜਵਾਬੀ ਹਮਲੇ ਕਰਦੇ ਰਹੇ। 30 ਅਪਰੈਲ ਨੂੰ ਅਫ਼ਗ਼ਾਨੀ, ਕਿਲ੍ਹੇ ਦੀ ਬਾਹਰੀ ਬਾਹੀ ਨੂੰ ਤੋਪਾਂ ਦੇ ਗੋਲਿਆਂ ਨਾਲ ਡੇਗਣ ਵਿੱਚ ਕਾਮਯਾਬ ਹੋ ਗਏ। ਇਸ ਦੇ ਬਾਵਜੂਦ ਉਨ੍ਹਾਂ ਦਾ ਕਿਲ੍ਹੇ ਅੰਦਰ ਵੜਨ ਦਾ ਹੌਸਲਾ ਨਾ ਹੋਇਆ। ਜਦੋਂ ਰਾਤ ਹੋਈ ਤਾਂ ਖ਼ਾਲਸਾ ਫ਼ੌਜ ਨੇ ਕਿਲ੍ਹੇ ਦੀ ਫ਼ਸੀਲ ਦਾ ਪਾੜ ਰੇਤ ਦੀਆਂ ਬੋਰੀਆਂ ਰੱਖ ਕੇ ਬੰਦ ਕਰ ਦਿੱਤਾ। ਕਿਲ੍ਹੇ ਦੀ ਅੰਦਰੂਨੀ ਹਾਲਤ ਅਤੇ ਬਾਹਰੋਂ ਫ਼ੌਜੀ ਮਦਦ ਬਾਰੇ ਸ. ਨਲੂਆ ਨੂੰ ਸੂਚਿਤ ਕਰਨਾ ਜ਼ਰੂਰੀ ਸੀ। ਖ਼ਾਲਸੇ ਦਾ ਅੰਤਿਮ ਸੰਦੇਸ਼ ਉਨ੍ਹਾਂ ਤਕ ਪਹੁੰਚਾਉਣ ਲਈ ਬੀਬੀ ਹਰਸ਼ਰਨ ਕੌਰ ਪਠਾਣੀ ਦਾ ਭੇਸ ਬਣਾ ਕੇ ਰਾਤ ਕਿਲ੍ਹੇ ਵਿੱਚੋਂ ਨਿਕਲ ਕੇ 30 ਅਪਰੈਲ ਨੂੰ ਪਿਸ਼ਾਵਰ ਪੁੱਜ ਗਈ।

ਜਦੋਂ ਮਹਾਂ ਸਿੰਘ ਦਾ ਖ਼ਤ ਸ. ਨਲੂਆ ਕੋਲ ਪੁੱਜਿਆ ਤਾਂ ਆਪਣੀ ਬੀਮਾਰੀ ਅਤੇ ਪ੍ਰਾਣਾਂ ਦੀ ਪ੍ਰਵਾਹ ਕੀਤੇ ਬਿਨਾ ਉਹ ਉੱਠ ਖੜ੍ਹੇ ਹੋਏ। ਇੱਥੋਂ ਹੀ ਉਨ੍ਹਾਂ ਨੇ ਮਹਾਂ ਸਿੰਘ ਵੱਲੋਂ ਲਿਖੇ ਅੰਤਿਮ ਖ਼ਤ ਦੇ ਨਾਲ ਆਪਣਾ ਇਕ ਖ਼ਤ ਲਿਖ ਕੇ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਭਿਜਵਾ ਦਿੱਤਾ। ਸ. ਨਲੂਆ ਨੇ 15 ਮਾਰਚ ਤੋਂ 21 ਅਪਰੈਲ ਤਕ ਲਗਾਤਾਰ ਫ਼ੌਜੀ ਇਮਦਾਦ ਲਈ ਚਾਰ ਅਰਜ਼ੀਆਂ ਲਾਹੌਰ ਦਰਬਾਰ ਵੱਲ ਭੇਜੀਆਂ। ਭਾਵੇਂ ਕੰਵਰ ਦੀ ਸ਼ਾਦੀ ਹੋ ਚੁੱਕੀ ਸੀ ਪਰ ਮਹਾਰਾਜਾ ਅੰਗਰੇਜ਼ ਮਹਿਮਾਨਾਂ ਨੂੰ ਸੈਰ ਅਤੇ ਸ਼ਿਕਾਰ ਕਰਾਉਣ ਮਗਰੋਂ ਲਾਹੌਰ ਤੋਂ ਵਿਦਾ ਕਰਨ ਵਿਚ ਰੁੱਝੇ ਰਹੇ, ਜਿਸ ਕਾਰਨ ਰਾਜਾ ਧਿਆਨ ਸਿੰਘ ਨੂੰ ਫ਼ੌਜਾਂ ਪਿਸ਼ਾਵਰ ਨਾ ਭੇਜਣ ਦਾ ਬਹਾਨਾ ਮਿਲ ਗਿਆ।

ਫਿਰ ਸਰਦਾਰ ਨਲੂਆ ਨੇ ਪਿਸ਼ਾਵਰ ਕਿਲ੍ਹੇ ਵਿਚਲੀ ਫ਼ੌਜ ਨੂੰ ਜਮਰੌਦ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਬੁਰਜ ਹਰੀ ਸਿੰਘ ਦੇ ਨੇੜੇ ਪੁੱਜ ਕੇ ਉਨ੍ਹਾਂ ਨੇ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ। ਇੱਕ ਹਿੱਸਾ ਨਿਧਾਨ ਸਿੰਘ 'ਪੰਜ ਹੱਥਾ' ਨਾਲ ਤੋਰ ਦਿੱਤਾ, ਦੂਸਰਾ ਅਮਰ ਸਿੰਘ ਖ਼ੁਰਦ 'ਮਜੀਠੀਆ' ਨਾਲ ਅਤੇ ਤੀਜਾ ਆਪਣੇ ਨਾਲ ਰੱਖਿਆ। ਉੱਧਰ ਜਦੋਂ ਅਫ਼ਗ਼ਾਨੀ ਕਿਲ੍ਹੇ ਉੱਤੇ ਕਬਜ਼ਾ ਕਰਨ ਦੀ ਤਿਆਰੀ ਕਰੀ ਬੈਠੇ ਸਨ ਤਾਂ ਹਰੀ ਸਿੰਘ ਨਲੂਆ ਨੇ ਜਮਰੌਦ ਪੁੱਜ ਕੇ ਅਫ਼ਗ਼ਾਨੀਆਂ 'ਤੇ ਅਜਿਹਾ ਹਮਲਾ ਕੀਤਾ ਕਿ ਜਮਰੌਦ ਦੇ ਕਿਲ੍ਹੇ ਦੇ ਬਾਹਰ ਦੂਰ-ਦੂਰ ਤਕ ਅਫ਼ਗ਼ਾਨੀਆਂ ਦੇ ਧੜ ਤੋਂ ਅਲੱਗ ਹੋਏ ਸਿਰ ਨਜ਼ਰ ਆ ਰਹੇ ਸਨ। ਅਫ਼ਗ਼ਾਨੀ ਸੈਨਾ ਵਿਚ ਤਰਥੱਲੀ ਮਚ ਗਈ। ਸ. ਨਲੂਆ ਦੇ ਜਵਾਨਾਂ ਨੇ ਭੱਜਦੇ ਅਫ਼ਗ਼ਾਨੀਆਂ ਕੋਲੋਂ ਉਨ੍ਹਾਂ ਦੀਆਂ 14 ਵੱਡੀਆਂ ਤੋਪਾਂ ਵੀ ਖੋਹ ਲਈਆਂ।

ਇਸ ਮਗਰੋਂ ਜਦੋਂ ਸਰਦਾਰ ਨਲੂਆ ਆਪਣੀ ਫ਼ੌਜ ਨੂੰ ਆਰਾਮ ਦੇਣ ਲਈ ਕੈਂਪ ਵਿਚ ਭੇਜਣ ਦੀ ਸੋਚ ਰਹੇ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਿਧਾਨ ਸਿੰਘ 'ਪੰਜ ਹੱਥਾ' ਸਿਰਫ਼ 1500 ਸਿਪਾਹੀਆਂ ਨੂੰ ਨਾਲ ਲੈ ਕੇ ਅਫ਼ਗ਼ਾਨੀਆਂ ਨੂੰ ਅੱਗੇ ਲਾ ਕੇ ਦੁੜਾਉਂਦਾ ਹੋਇਆ ਦੱਰਾ ਖ਼ੈਬਰ ਅੰਦਰ ਕਾਫ਼ੀ ਦੂਰ ਤਕ ਚਲਾ ਗਿਆ ਹੈ। ਇਸ 'ਤੇ ਉਸ ਨੂੰ ਵਾਪਸ ਲਿਆਉਣ ਲਈ ਸ. ਨਲੂਆ ਨੂੰ ਉਸ ਦੇ ਪਿੱਛੇ ਜਾਣਾ ਪਿਆ। ਉਧਰੋਂ, ਸ਼ਮਸਉਦੀਨ ਖ਼ਾਨ ਨੇ 2000 ਜੰਗੀ ਸਿਪਾਹੀਆਂ ਨਾਲ ਦੱਰਾ ਖ਼ੈਬਰ ਵਿੱਚ ਪੁੱਜ ਕੇ ਅਫ਼ਗ਼ਾਨੀਆਂ ਨੂੰ ਖ਼ਾਲਸੇ ਨਾਲ ਯੁੱਧ ਲਈ ਪ੍ਰੇਰਿਆ। ਕੁਝ ਨੇ ਤਾਂ ਉਸ ਦੀ ਇੱਕ ਨਾ ਸੁਣੀ ਅਤੇ ਬਾਕੀ ਨਿਧਾਨ ਸਿੰਘ 'ਪੰਜ ਹੱਥਾ' ਵੱਲ ਨੂੰ ਵਾਪਸ ਮੁੜ ਆਏ ਅਤੇ ਲੜਾਈ ਸ਼ੁਰੂ ਕਰ ਦਿੱਤੀ। ਉਸ ਸਮੇਂ ਸਰਦਾਰ ਨਲੂਆ ਸਰਕਮਰ (ਰਤੀ ਚਟਾਨ) ਦੇ ਸਥਾਨ 'ਤੇ ਸਨ। ਇੱਥੇ ਇਕ ਚਟਾਨ ਵਿਚ ਗੁਫ਼ਾ ਬਣੀ ਹੋਈ ਸੀ, ਜਿਸ ਵਿਚ ਲੁਕੇ ਗ਼ਾਜ਼ੀਆਂ ਨੇ ਸ. ਨਲੂਆ ਉੱਤੇ ਗੋਲੀ ਚਲਾ ਦਿੱਤੀ। ਇੱਕ ਗੋਲੀ ਉਨ੍ਹਾਂ ਦੀ ਛਾਤੀ ਵਿਚ ਅਤੇ ਇੱਕ ਪੱਟ ਵਿਚ ਲੱਗੀ। ਜ਼ਖ਼ਮੀ ਹੋਣ ਮਗਰੋਂ ਵੀ ਉਨ੍ਹਾਂ ਨੇ ਹੌਸਲੇ ਤੋਂ ਕੰਮ ਲਿਆ ਅਤੇ ਅਮਰ ਸਿੰਘ ਖ਼ੁਰਦ ਨੂੰ ਨਿਧਾਨ ਸਿੰਘ ਦੀ ਮਦਦ ਲਈ ਭੇਜ ਕੇ ਆਪਣਾ ਘੋੜਾ ਕਿਲ੍ਹਾ ਜਮਰੌਦ ਵੱਲ ਮੋੜ ਲਿਆ। ਕਿਲ੍ਹੇ ਵਿੱਚ ਪੁੱਜਣ ਮਗਰੋਂ ਉਨ੍ਹਾਂ ਮਹਾਂ ਸਿੰਘ ਮੀਰਪੁਰੀਏ ਨੂੰ ਆਖਿਆ ਕਿ ਬਾਹਰ ਕਿਸੇ ਨੂੰ ਪਤਾ ਨਾ ਲੱਗੇ ਕਿ ਮੈਂ ਜ਼ਖ਼ਮੀ ਹੋ ਗਿਆ ਹਾਂ।

ਸਰਦਾਰ ਨਲੂਆ ਨੂੰ ਆਪਣਾ ਆਖ਼ਰੀ ਸਮਾਂ ਆਉਣ ਦਾ ਗਿਆਨ ਹੋਣ 'ਤੇ ਉਨ੍ਹਾਂ ਮਹਾਂ ਸਿੰਘ ਨੂੰ ਕੋਲ ਬੁਲਾਇਆ ਅਤੇ ਕਿਹਾ ਕਿ ਸਾਰੀ ਫ਼ੌਜ ਸਰਕਾਰ ਦੀ ਵਫ਼ਾਦਾਰ ਤੇ ਨਮਕ ਹਲਾਲ ਹੋ ਕੇ ਰਹੇ ਅਤੇ ਮੇਰੀ ਮੌਤ ਦੀ ਖ਼ਬਰ ਲਾਹੌਰ ਤੋਂ ਮੱਦਦ ਆਉਣ ਤਕ ਗੁਪਤ ਰੱਖੀ ਜਾਵੇ। ਇਸ ਮਗਰੋਂ ਕੁਝ ਹੋਰ ਸ਼ਬਦ ਕਹਿ ਕੇ ਉਨ੍ਹਾਂ ਦੀ ਆਵਾਜ਼ ਮੱਧਮ ਪੈ ਗਈ। ਸਿੱਖ ਰਾਜ ਦੇ ਥੰਮ ਇਸ ਬਹਾਦਰ ਜਰਨੈਲ ਨੇ 30 ਅਪਰੈਲ 1837 ਨੂੰ ਪ੍ਰਾਣ ਤਿਆਗ ਦਿੱਤੇ। ਮਹਾਂ ਸਿੰਘ ਮੀਰਪੁਰੀਏ ਨੇ ਕੁਝ ਪ੍ਰਮੁੱਖ ਸਰਦਾਰਾਂ ਨੂੰ ਬੁਲਾ ਕੇ ਧਾਰਮਿਕ ਰੀਤੀ-ਰਿਵਾਜਾਂ ਨਾਲ ਸਰਦਾਰ ਸਾਹਿਬ ਦਾ ਸੰਸਕਾਰ ਅੱਧੀ ਰਾਤ ਨੂੰ ਕਿਲ੍ਹੇ ਵਿਚ ਕਨਾਤਾਂ ਦੇ ਅੰਦਰ ਕਰ ਦਿੱਤਾ। ਬਾਅਦ ਵਿਚ ਉਸੇ ਜਗ੍ਹਾ 'ਤੇ ਹਰੀ ਸਿੰਘ ਨਲੂਆ ਦੀ ਸਮਾਧ ਬਣਾ ਦਿੱਤੀ ਗਈ।

---

### 3 ਮਈ ਜਨਮ ਦਿਵਸ 'ਤੇ ਵਿਸ਼ੇਸ਼

# ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ

**ਨਰਿੰਦਰ ਸਿੰਘ ਆਹਲੂਵਾਲੀਆ**

ਇਤਿਹਾਸ ਮੁਤਾਬਕ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਦੀ ਦੇਸ਼-ਕੌਮ/ਸਿੱਖ ਇਤਿਹਾਸ, ਪੰਜਾਬ ਦੀ 18ਵੀਂ ਸਦੀ 'ਚ ਖਾਸ ਥਾਂ ਹੈ। ਉਨ੍ਹਾਂ ਦੀ ਅਗਵਾਈ ਹੇਠ ਸਿੱਖ ਪੰਥ ਨੇ ਲਾਹੌਰ ਤੇ ਦਿੱਲੀ ਫ਼ਤਹਿ ਕੀਤੀ। ਉਸ ਸਮੇਂ ਦੇਸ ਪੰਜਾਬ ਮੁਗਲਾਂ/ਅਫਗਾਨਾਂ ਦੀ ਗੁਲਾਮੀ ਹੇਠ ਸੀ। ਪੁਰਾਤਨ ਇਤਿਹਾਸ ਮੁਤਾਬਕ ਅੰਗਰੇਜ਼ ਹਕੂਮਤ ਤੋਂ ਪਹਿਲਾਂ ਸ. ਆਹਲੂਵਾਲੀਆ ਨੇ ਸਾਥੀ ਸਿੱਖ ਜਰਨੈਲਾਂ ਤੇ ਸਿੰਘਾਂ ਨਾਲ ਮਿਲ ਕੇ ਭਾਰੀ ਜੱਦੋਜਹਿਦ ਨਾਲ ਜਬਰੋ-ਜ਼ੁਲਮ ਦਾ ਟਾਕਰਾ ਕਰਕੇ ਪੰਜਾਬ ਨੂੰ ਮੁਗਲ ਹਕੂਮਤ ਪਾਸੋਂ ਆਜ਼ਾਦ ਕਰਵਾਉਣ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀ ਘਾਲਣਾ ਦੀ ਬਦੌਲਤ ਇੱਥੋਂ ਦੇ ਸਿੱਖਾਂ ਦੀ ਸੁਤੰਤਰਤਾ ਘੋਸ਼ਿਤ ਕੀਤੀ ਗਈ। ਇਸ ਨਾਲ ਉਨ੍ਹਾਂ ਪੰਜਾਬ ਦੀ ਆਜ਼ਾਦੀ ਦੀ ਪਹਿਲੀ ਲੜਾਈ ਵਿਚ ਜਿੱਤ ਹਾਸਲ ਕੀਤੀ ਤੇ ਉਹ ਦੇਸ ਪੰਜਾਬ ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਣੇ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੀ ਸਿੱਖ ਯੋਧਿਆਂ ਨੇ ਉਸ ਸਮੇਂ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੀ ਭਾਰੀ ਫੌਜ ਪਾਸੋਂ ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਲੁੱਟ ਕੇ ਲੈ ਜਾ ਰਹੇ ਕੀਮਤੀ ਸਾਮਾਨ ਅਤੇ ਤਕਰੀਬਨ 2200 ਕੈਦੀ ਨੌਜਵਾਨ ਹਿੰਦੂ ਲੜਕੀਆਂ ਨੂੰ ਯੁੱਧ ਕਰਕੇ ਛੁਡਾਇਆ ਤੇ ਘਰੋ-ਘਰੀਂ ਪਹੁੰਚਾਇਆ। ਉਨ੍ਹਾਂ ਨੇ ਲਾਹੌਰ ਫ਼ਤਹਿ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਚਲਾਇਆ। ਉਨ੍ਹਾਂ ਨੇ ਅਪਰੈਲ 1764 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੌਜੂਦਾ ਇਮਾਰਤ ਦੀ ਦੁਬਾਰਾ ਉਸਾਰੀ ਕਰਵਾਈ। ਇਸ ਮਹਾਨ ਤੇ ਪਵਿੱਤਰ ਅਸਥਾਨ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫੌਜਾਂ ਨਾਲ ਢਹਿ-ਢੇਰੀ ਕਰ ਦਿੱਤਾ ਸੀ। ਉਸ ਸਮੇਂ ਉਹ ਸਿੱਖ ਮਿਸਲਾਂ ਦੇ ਪ੍ਰਮੁੱਖ ਜਥੇਦਾਰ ਸਨ ਅਤੇ ਉਸ ਸਮੇਂ ਉਨ੍ਹਾਂ ਦਾ ਦੇਸ਼-ਕੌਮ, ਸਿੱਖ-ਪੰਥ ਵਿੱਚ ਵਿਸ਼ੇਸ਼ ਸਥਾਨ ਤੇ ਆਦਰ-ਮਾਣ ਸੀ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸ ਦੇਸ਼ ਤੇ ਕੌਮ ਦੇ ਲੇਖੇ ਲਾ ਦਿੱਤੀ।

ਇਸ ਮਹਾਨ ਸੂਰਬੀਰ, ਮਾਝੇ ਦੇ ਜਰਨੈਲ, ਸੰਘਰਸ਼ੀ ਯੋਧੇ ਅਤੇ ਕੌਮੀ ਦੇਸ਼ ਭਗਤ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ ਨਾਲ ਮਿਤੀ 3 ਮਈ 1718 ਨੂੰ ਮਾਤਾ ਜੀਵਨ ਕੌਰ ਦੀ ਕੁੱਖੋਂ ਤੇ ਪਿਤਾ ਸ. ਬਦਰ ਸਿੰਘ ਦੇ ਗ੍ਰਹਿ ਪਿੰਡ ਅਹਿਲੂ ਨਜ਼ਦੀਕ ਲਾਹੌਰ, ਜੋ ਕਿ ਹੁਣ ਪਾਕਿਸਤਾਨ ਵਿੱਚ ਹੈ, ਵਿਖੇ ਹੋਇਆ। ਜਦੋਂ ਸ. ਆਹਲੂਵਾਲੀਆ ਸਿੱਖ ਮਿਸਲਾਂ ਦੇ ਪ੍ਰਮੁੱਖ ਜਥੇਦਾਰ ਤੇ ਲਾਹੌਰ ਦੇ ਬਾਦਸ਼ਾਹ, ਸੁਲਤਾਨ-ਉਲ-ਕੌਮ ਬਣੇ ਉਸ ਸਮੇਂ ਉਨ੍ਹਾਂ ਨੇ ਆਪਣੀ ਰਿਆਸਤ ਦੀ ਰਾਜਧਾਨੀ ਫਤਿਆਬਾਦ (ਸ੍ਰੀ ਤਰਨ ਤਾਰਨ) ਵਿਖੇ ਬਣਾਈ ਤੇ ਰਿਹਾਇਸ਼ ਵੀ ਏਥੇ ਹੀ ਰੱਖੀ। ਬਾਅਦ ਵਿੱਚ ਉਨ੍ਹਾਂ ਨੇ ਆਪਣੇ ਆਖਰੀ ਸਮੇਂ ਰਾਜਧਾਨੀ ਕਪੂਰਥਲਾ ਵਿਖੇ ਬਣਾਈ। ਬਚਪਨ ਵਿੱਚ ਹੀ ਇਨ੍ਹਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਵਡੇਰਿਆਂ ਦਾ ਸਬੰਧ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਗੁਰੂਘਰ ਨਾਲ ਜੁੜਿਆ ਹੋਇਆ ਸੀ। ਸੰਨ 1723 ਵਿੱਚ ਇਨ੍ਹਾਂ ਦੇ ਮਾਤਾ ਜੀ ਤੇ ਮਾਮਾ ਬਾਘ ਸਿੰਘ ਬਾਲਕ ਜੱਸਾ ਸਿੰਘ ਸਮੇਤ ਸਿੱਖ ਸੰਗਤਾਂ ਨਾਲ ਦਿੱਲੀ ਵਿਖੇ ਜਗਤ ਮਾਤਾ ਸੁੰਦਰ ਕੌਰ ਜੀ ਸੁਪਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਉਨ੍ਹਾਂ ਦੇ ਗ੍ਰਹਿ ਦਿੱਲੀ ਪਹੁੰਚੇ। ਮਾਤਾ ਸੁੰਦਰ ਕੌਰ ਜੀ ਦੇ ਲਾਡ-ਪਿਆਰ ਵਿੱਚ ਕਈ ਸਾਲ ਬਾਲਕ ਜੱਸਾ ਸਿੰਘ ਆਹਲੂਵਾਲੀਆ ਉਨ੍ਹਾਂ ਪਾਸ ਰਹਿ ਕੇ ਪਲੇ। ਸੰਨ 1728 ਨੂੰ ਬਾਘ ਸਿੰਘ ਦਿੱਲੀ ਤੋਂ ਮਾਤਾ ਸੁੰਦਰ ਕੌਰ ਜੀ ਪਾਸੋਂ ਸ. ਆਹਲੂਵਾਲੀਆ ਨੂੰ ਵਾਪਸ ਲੈ ਕੇ ਆਏ। ਉਸ ਸਮੇਂ ਮਾਤਾ ਸੁੰਦਰ ਕੌਰ ਜੀ ਨੇ ਇਸ ਬਾਲਕ ਨੂੰ ਬਹੁਤ ਸਾਰੇ ਤੋਹਫੇ, ਦਸਤਾਰ, ਕਿਰਪਾਨ, ਤੀਰ-ਕਮਾਨ, ਗੁਰਜ ਆਦਿ ਆਪਣੇ ਪੁੱਤਰ ਦੀ ਤਰ੍ਹਾਂ ਦਿੱਤੇ ਤੇ ਅਸੀਸ ਦਿੱਤੀ "ਤੇਰੇ ਔਰ ਤੇਰੀ ਸੰਤਾਨ ਅੱਗੇ ਚੋਬਦਾਰ ਚੱਲਿਆ ਕਰਨਗੇ।" ਮਾਤਾ ਜੀ ਨੇ ਉਸ ਸਮੇਂ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਜੋ ਉਸ ਸਮੇਂ ਪੰਜਾਬ 'ਚ ਕਰਤਾਰਪੁਰ ਵਿਖੇ ਆਪਣੇ ਡੇਰੇ ਵਿਖੇ ਰਹਿੰਦੇ ਸਨ, ਵੱਲ ਇਕ ਪੱਤਰ ਲਿਖ ਕੇ ਜੱਸਾ ਸਿੰਘ ਆਹਲੂਵਾਲੀਆ ਨੂੰ ਆਪਣੇ ਪਾਸ ਰੱਖਣ ਦੀ ਹਦਾਇਤ ਕੀਤੀ। ਸੰਨ 1729 ਪਿੱਛੋਂ ਸ. ਆਹਲੂਵਾਲੀਆ ਲਗਭਗ ਨਵਾਬ ਕਪੂਰ ਸਿੰਘ ਦੀਆਂ ਸਾਰੀਆਂ ਮੁਹਿੰਮਾਂ ਤੇ ਯੁੱਧਾਂ ਵਿੱਚ ਨਾਲ ਰਹੇ। ਸੰਨ 1738 ਤੱਕ ਸ੍ਰੀ ਜੱਸਾ ਸਿੰਘ ਆਹਲੂਵਾਲੀਆ ਦੀ ਗਿਣਤੀ ਸੂਰਬੀਰ ਸਿੱਖ ਯੋਧਿਆਂ ਦੀ ਪਹਿਲੀ ਕਤਾਰ ਵਿੱਚ ਹੋਣ ਲੱਗ ਪਈ। ਇਸ ਮਹਾਨ ਕੌਮੀ ਜਰਨੈਲ, ਸਿੱਖ ਯੋਧੇ ਤੇ ਜਿੰਦਾ ਸ਼ਹੀਦ ਨੇ ਆਪਣੇ ਸਮੇਂ ਵਿੱਚ ਬਗ਼ੈਰ ਕਿਸੇ ਈਰਖਾ, ਭਿੰਨ-ਭੇਦ, ਊਚ-ਨੀਚ, ਜਾਤ-ਪਾਤ ਆਦਿ ਦੇ ਸੂਰਬੀਰਤਾ ਤੇ ਅਣਖ ਨਾਲ ਹਲੀਮੀ ਰਾਜ ਕਾਇਮ ਕੀਤਾ ਅਤੇ ਪੰਜਾਬ ਦੇਸ ਵਾਸੀਆਂ ਤੇ ਸਿੱਖ ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ ਵੱਲ ਲਿਜਾਣ ਦਾ ਯਤਨ ਕੀਤਾ।

ਸੰਨ 1748 ਵਿੱਚ ਉਨ੍ਹਾਂ ਦੀ ਅਗਵਾਈ ਹੇਠ ਖਾਲਸੇ ਨੇ ਫੌਜਦਾਰ ਸਲਾਬਤ ਖ਼ਾਨ ਨੂੰ ਮਾਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਇਸ ਇਲਾਕੇ ਨੂੰ ਮੁਗਲ ਫੌਜਾਂ ਪਾਸੋਂ ਆਜ਼ਾਦ ਕਰਵਾਇਆ। ਕਾਫੀ ਸਾਲਾਂ ਬਾਅਦ ਸਿੱਖ ਸੰਗਤਾਂ ਨੇ ਏਥੋਂ ਦੇ ਮਹਾਨ ਤੇ ਧਾਰਮਿਕ ਅਸਥਾਨ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਵਿਸਾਖੀ ਮੇਲਾ ਮਨਾਇਆ। ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਉਤੇ ਏਥੇ ਰਾਮ ਰਾਉਣੀ (ਕਾਫੀ ਉੱਚੀ, ਮੋਟੀ ਦੀਵਾਰ ਆਦਿ) ਦੀ ਰਚਨਾ ਕੀਤੀ। ਬਾਬਾ ਜੱਸਾ ਸਿੰਘ ਆਹਲੂਵਾਲੀਆ ਆਪਣੇ ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਮਹਾਨ ਯੋਧੇ ਦੇ ਨਾਲ-ਨਾਲ ਗੁਰਬਾਣੀ ਕੀਰਤਨਕਾਰ ਵੀ ਹੋਏ। ਉਨ੍ਹਾਂ ਦਾ ਗੁਰੂਘਰ ਨਾਲ ਅਥਾਹ ਪਿਆਰ ਤੇ ਸਤਿਕਾਰ ਹੋਣ ਕਾਰਨ ਉਹ ਯੁੱਧਾਂ ਆਦਿ ਤੋਂ ਵਿਹਲੇ ਹੁੰਦੇ ਤਾਂ ਉਹ ਆਪਣੇ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੀ ਹੁੰਦੇ। ਦੀਵਾਲੀ-ਵਿਸਾਖੀ ਆਦਿ ਵੇਲੇ ਉਹ ਆਪਣੇ ਸਿੰਘਾਂ ਨਾਲ ਸੰਗਤਾਂ ਦੇ ਇਕੱਠ ਵਿੱਚ ਏਥੇ ਜ਼ਰੂਰ ਸ਼ਾਮਲ ਹੁੰਦੇ।

ਸ੍ਰੀ ਦਰਬਾਰ ਸਾਹਿਬ ਦੀ ਪ੍ਰਮੁੱਖ ਦਰਸ਼ਨੀ ਡਿਓੜੀ ਦੇ ਨਾਲ ਉਨ੍ਹਾਂ ਦੇ ਨਾਂ 'ਤੇ ਇਕ ਆਹਲੂਵਾਲੀਆ ਬੁੰਗਾ ਸੀ ਤੇ ਉਨ੍ਹਾਂ ਨੇ ਇਕ ਆਹਲੂਵਾਲੀਆ ਕਿਲ੍ਹਾ ਆਪਣੇ ਸਿੰਘਾਂ ਦੇ ਠਹਿਰਨ ਵਾਸਤੇ ਤੇ ਇਸ ਇਲਾਕੇ ਦੀ ਹਿਫ਼ਾਜ਼ਤ ਵਾਸਤੇ ਬਣਵਾਇਆ, ਜੋ ਕਿ ਅੱਜ ਤੱਕ ਮੌਜੂਦ ਹੈ। ਇਸ ਲਾਗੇ ਇਕ ਬਾਜ਼ਾਰ ਕੱਟੜਾ ਆਹਲੂਵਾਲੀਆ ਜੋ ਕਿ ਉਨ੍ਹਾਂ ਦੇ ਨਾਂ 'ਤੇ ਹੈ, ਵਪਾਰਕ ਕੇਂਦਰ ਬਣਵਾਇਆ। ਇਸ ਤੋਂ ਕੁਝ ਦੂਰੀ 'ਤੇ ਉਨ੍ਹਾਂ ਦੇ ਨਾਂ 'ਤੇ ਇਕ ਆਹਲੂਵਾਲੀਆ ਦਰਵਾਜ਼ਾ (ਗੇਟ), ਜਿੱਥੇ ਕਿ ਅੱਜ-ਕੱਲ੍ਹ ਘੀ ਮੰਡੀ ਬਾਜ਼ਾਰ ਦਾ ਰਸਤਾ ਜੋ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਉਸ ਸਮੇਂ ਸਿੱਧਾ ਜਾਂਦਾ ਸੀ, ਦਾ ਮੇਨ ਗੇਟ ਸੀ। ਉਸ ਸਮੇਂ ਦੀਆਂ ਉਨ੍ਹਾਂ ਦੀਆਂ ਉੱਥੇ ਕੁਝ ਪੁਰਾਤਨ ਯਾਦਗਾਰਾਂ ਵੀ ਹਨ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਪੰਥ ਵੱਲੋਂ 10 ਅਪਰੈਲ 1754 ਨੂੰ ਦਲ ਖਾਲਸਾ ਦਾ ਪ੍ਰਮੁੱਖ ਜਥੇਦਾਰ ਨਿਯੁਕਤ ਕੀਤਾ ਗਿਆ ਤੇ ਨਵਾਬ ਦੇ ਖਿਤਾਬ ਨਾਲ ਸਨਮਾਨਤ ਕੀਤਾ ਗਿਆ। ਸਤੰਬਰ 1761 ਵਿੱਚ ਜਦੋਂ ਉਨ੍ਹਾਂ ਦੀ ਅਗਵਾਈ ਹੇਠ ਲਾਹੌਰ ਫ਼ਤਹਿ ਕੀਤਾ ਤਾਂ ਖਾਲਸਾ ਪੰਥ ਵੱਲੋਂ ਉਨ੍ਹਾਂ ਨੂੰ ਸੁਲਤਾਨ-ਉਲ-ਕੌਮ (ਕੌਮ ਦਾ ਬਾਦਸ਼ਾਹ) ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਸੰਨ 1748 ਤੇ 1752 ਵਿੱਚ ਉਨ੍ਹਾਂ ਨੇ ਮੀਰ ਮਨੂੰ ਤੇ ਜ਼ਕਰੀਆ ਖ਼ਾਨ ਨਾਲ ਯੁੱਧ ਵਿੱਚ ਜਿੱਤ ਹਾਸਲ ਕੀਤੀ। ਸਾਕਾ ਵੱਡਾ ਘੱਲੂਘਾਰਾ ਕੁੱਪ ਰਹੀੜਾ ਨੇੜੇ ਮਾਲੇਰਕੋਟਲਾ (ਸੰਗਰੂਰ) ਮਿਤੀ 5 ਫਰਵਰੀ 1762 ਜੋ ਸਿੱਖ ਇਤਿਹਾਸ ਵਿੱਚ ਦੁਖਦਾਈ ਘਟਨਾ ਸੀ, ਜਿਸ ਵਿੱਚ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਅਚਨਚੇਤ ਸਿੱਖਾਂ 'ਤੇ ਹਮਲਾ ਕੀਤਾ, ਤਾਂ ਇਸ ਸਮੇਂ ਵੀ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਯੁੱਧ ਵਿੱਚ ਸਿੱਖ ਕੌਮ ਦੀ ਅਗਵਾਈ ਆਪਣੇ ਸਿੰਘਾਂ ਨਾਲ ਬੜੀ ਹੀ ਦਲੇਰੀ ਤੇ ਹਿੰਮਤ ਨਾਲ ਕੀਤੀ ਤੇ ਭਾਰੀ ਮੁਸ਼ਕਲ ਦੇ ਬਾਵਜੂਦ ਸਿੱਖ ਕੌਮ ਦੀ ਹੋਂਦ ਉਤੇ ਆਏ ਸੰਕਟ ਵਿਚੋਂ ਬਚ ਨਿਕਲਣ ਕਰ ਕੇ ਇਕ ਤਰ੍ਹਾਂ ਜਿੱਤ ਪ੍ਰਾਪਤ ਕੀਤੀ॥ ਸੰਨ 1746 ਵਿੱਚ ਛੋਟੇ ਘੱਲੂਘਾਰੇ ਦੌਰਾਨ ਜੋ ਕਿ ਕਾਹਨੂੰਵਾਨ ਛੰਭ (ਗੁਰਦਾਸਪੁਰ) ਵਿਖੇ ਵਾਪਰਿਆ, ਵਿੱਚ ਵੀ ਸਿੱਖਾਂ ਨੇ ਉਨ੍ਹਾਂ ਦੀ ਅਗਵਾਈ ਹੇਠ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਸੰਨ 1764





ਬਾਕੀ ਸਫ਼ਾ 32 'ਤੇ

# ਜਲ੍ਹਿਆਂਵਾਲੇ ਬਾਗ ਦਾ ਸਾਕਾ

**ਡਾ. ਗੁਰੁਮੇਲ ਸਿੱਧੂ**

**ਭਾਗ ਤੀਜਾ**

## ਜਲ੍ਹਿਆਂਵਾਲ਼ਾ ਬਾਗ ਵਿਚ ਸੁਰਗਵਾਸ ਹੋਏ ਲੋਕਾਂ ਦੀ ਸੂਚੀ

ਜਲ੍ਹਿਆਂਵਾਲਾ ਬਾਗ ਦਾ ਸਾਕਾ ਅੰਮ੍ਰਿਤਸਰ ਸ਼ਹਿਰ ਵਿਚ ਹੋਇਆ। ਮੀਟਿੰਗ ਦੀ ਗਿਣਤੀ 15-25 ਹਜ਼ਾਰ ਸੀ। ਭੀੜ 'ਤੇ ਕੋਈ 1650 ਰਾਊਂਡ ਚਲਾਏ ਗਏ। ਬਹੁਤ ਸਾਰੇ ਬੰਦੇ ਮਰੇ ਅਤੇ ਹਜ਼ਾਰਾਂ ਘਾਇਲ ਹੋਏ। ਅੰਦਾਜ਼ਾ ਲਾਉਣ ਲਈ ਹੰਟਰ ਕਮੇਟੀ (Hunter Committee) ਬਣਾਈ। ਕਮੇਟੀ ਨੇ ਆਮ ਜਨਤਾ ਤੋਂ ਪੁੱਛ-ਗਿੱਛ ਕਰਕੇ 29 ਅਕਤੂਬਰ ਨੂੰ ਰਿਪੋਰਟ ਦਿੱਤੀ। ਕਾਂਗਰਸ ਨੇ ਖੁਦ ਅੱਖੀਂ ਡਿੱਠੇ ਕਤਲਾਮ ਦੀ ਰਿਪੋਰਟ ਤਿਆਰ ਕੀਤੀ ਅਤੇ ਡਾਇਰ ਨੇ ਆਪਣੀ ਰਿਪੋਰਟ ਕਮੇਟੀ ਨੂੰ ਸੌਂਪੀ। ਸਰਕਾਰੀ ਰਿਪੋਰਟ ਅਨੁਸਾਰ 379 ਬੰਦਿਆਂ ਦਾ ਕਤਲ ਹੋਇਆ ਅਤੇ 1100 ਜ਼ਖਮੀ ਹੋਏ। (ਕੌਲਿਟ, 2006)। ਕਾਂਗਰਸ ਦੇ ਅੰਦਾਜ਼ੇ ਮੁਤਾਬਿਕ 1000 ਬੰਦਿਆਂ ਦਾ ਕਤਲ ਹੋਇਆ ਤੇ 1500 ਜ਼ਖਮੀ ਹੋਏ। (ਦੱਤਾ, 2006)। ਸਿੱਧ ਹੈ ਕਿ ਮਰਨ ਵਾਲਿਆਂ ਦੀ ਸਹੀ ਗਿਣਤੀ ਦਰਕਾਰ ਨਹੀਂ। ਵੱਖ ਵੱਖ ਬੰਦਿਆਂ ਅਤੇ ਸੰਸਥਾਵਾਂ ਵਲੋਂ ਮਰਨ ਵਾਲਿਆਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ।

1. ਜਨਰਲ ਡਾਇਰ ਵਲੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਨੂੰ ਭੇਜੀ ਰਿਪੋਰਟ ਅਨੁਸਾਰ 200-300 ਲੋਕ ਮਰੇ।
2. ਮਾਈਕਲ ਓਡਵਾਇਰ ਨੇ ਜੋ ਰਿਪੋਰਟ ਅੱਗੇ ਸਰਕਾਰ ਨੂੰ ਭੇਜੀ ਉਸ ਵਿਚ 200 ਬੰਦੇ ਮਰੇ ਦੱਸਿਆ ਹੈ।
3. ਗ੍ਰਹਿ-ਵਿਭਾਗ ਦੇ ਮੁੱਖ ਸਕੱਤਰ, ਜੇ. ਬੀ. ਥੌਮਸ ਦੀ ਰਿਪੋਰਟ ਵਿਚ 290 ਬੰਦਿਆਂ ਦੇ ਮਰਨ ਦੀ ਪੁਸ਼ਟੀ ਕੀਤੀ।
4. ਮਿਲਟਰੀ ਦੀ ਰਿਪੋਰਟ ਅਨੁਸਾਰ 200 ਤੋਂ ਘੱਟ ਬੰਦੇ ਮਰੇ।
5. ਸਰਕਾਰੀ ਅਧਿਕਾਰੀਆਂ ਅਨੁਸਾਰ 381 ਬੰਦੇ ਮਰੇ ਅਤੇ 1208 ਦੇ ਕਰੀਬ ਜ਼ਖਮੀ ਹੋਏ।
6. ਅੰਮ੍ਰਿਤਸਰ ਸੇਵਾ ਸਮਿਤੀ ਨੇ ਮਰਨ ਵਾਲਿਆਂ ਦੀ ਗਿਣਤੀ 501 ਦੱਸੀ ਹੈ।
7. ਸਵਾਮੀ ਸ਼ਰਧਾਨੰਦ ਅਨੁਸਾਰ 1500 ਤੋਂ ਵੱਧ ਬੰਦੇ ਮਰੇ।
8. ਪੰਡਿਤ ਮਦਨ ਮੋਹਨ ਮਾਲਵੀਆ ਦਾ ਅੰਦਾਜ਼ਾ ਹੈ ਕਿ 1300 ਬੰਦੇ ਮੌਤ ਦੇ ਘਾਟ ਉਤਾਰ ਦਿੱਤੇ ਗਏ।
9. ਅੰਮ੍ਰਿਤਸਰ ਦੇ ਤਤਕਾਲੀ ਸਿਵਲ ਸਰਜਨ, ਡਾ. ਸਮਿਥ, ਮੁਤਾਬਕ 1526 ਲੋਕ ਮਰੇ।
10. ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਪਾਸ 388 ਮਰਨ ਵਾਲਿਆਂ ਬੰਦਿਆਂ ਦੀ ਸੂਚੀ ਹੈ।
11. ਸਰਕਾਰ ਪੱਧਰ ਤੇ ਬਣਾਈ ਗਈ ਸੂਚੀ ਵਿਚ ਮਰਨ ਵਾਲਿਆਂ ਦੀ ਗਿਣਤੀ 501 ਦੱਸੀ ਹੈ।
12. ਪੰਜਾਬ ਗੌਰਮਿੰਟ ਦੇ ਗ੍ਰਹਿ ਵਿਭਾਗ ਕੋਲ 381 ਮਿਰਤਕਾਂ ਦੀ ਸੂਚੀ ਹੈ। ਇਨ੍ਹਾਂ ਦੇ ਨਾਂ ਜਲ੍ਹਿਆਂਵਾਲਾ ਬਾਗ ਦੇ ਬਾਹਰ ਉਸਾਰੀ ਕੰਧ ਉੱਤੇ ਲਿਖੇ ਹੋਏ ਹਨ। ਇਨ੍ਹਾਂ ਦੀ ਸੂਚੀ, ਅੱਖਰ ਕ੍ਰਮ ਅਨੁਸਾਰ, ਇਸ ਤਰ੍ਹਾਂ ਹੈ।

| ਨਾਂ | ਪਿਤਾ | ਉਮਰ | ਜ਼ਾਤ |
|---|---|---|---|
| ਉਮਰ ਬਖਸ਼ | ਈਦਾ | 60 | ਕਸ਼ਮੀਰੀ |
| ਉਮਰ ਦੀਨ | ਸੀਤਾਰਾਮ | - | ਮੁਸਮਾਨ |
| ਉਮਰ ਦੀਨ | ਦੀਨ ਮੁਹੰਮਦ | - | ਮੁਸਲਮਾਨ |
| ਉਜਾਗਰ ਸਿੰਘ | ਵਧਾਵਾ ਸਿੰਘ | - | ਜੱਟ |
| ਉਜਾਗਰ ਸਿੰਘ | ਬੁੱਧ ਸਿੰਘ | - | ਜੱਟ |
| ਅਹਿਮਦ ਦੀਨ | ਦਾਰਾ ਖਾਨ | 16 | ਰਾਜਪੂਤ |
| ਅਬਦੁੱਲਾ | ਪੀਰ ਸ਼ਾਹ | 15 | ਧੋਬੀ |
| ਅਬਦੁੱਲਾ | ਲਾਲ ਮੁਹੰਮਦ | 20 | ਲੁਹਾਰ |
| ਅਹਿਮੱਦ ਵਿਲਾਲ | ਕਰੀਮ ਬਖਸ਼ | 35 | ਕਸ਼ਮੀਰੀ |
| ਅਰੂੜ ਸਿੰਘ | ਮਿਆਂ | - | ਤਰਖਾਣ |
| ਅਰੂੜ ਸਿੰਘ | ਰੋਡਾ ਸਿੰਘ | - | ਤਰਖਾਣ |
| ਅਰੂੜਾ | - | - | ਖੱਤਰੀ |
| ਅਮੀਨ ਚੰਦ | ਪ੍ਰਿਥੀ ਨਾਥ | - | ਬ੍ਰਾਹਮਨ |
| ਅਰੂੜ ਚੰਦ | - | - | ਖਤਰੀ |
| ਅਬਦੁੱਲ ਹਮੀਦ | ਅਹਿਮਦੀਨ | 16 | ਕਸ਼ਮੀਰੀ |
| ਅਬਦੁੱਲ ਗਫਾਰ | - | - | ਜੁਲਾਹਾ |
| ਅਬਦੱਲ ਖਲਕ | ਰਹੀਮ ਖਾਂ | 60 | ਕਸ਼ਮੀਰੀ |
| ਅਮੀਰ | - | - | ਘੁਮਿਆਰ |
| ਆਸਾ ਸਿੰਘ | ਈਸ਼ਰ ਸਿੰਘ | - | ਜੱਟ |
| ਇਮਾਮ ਦੀਨ | ਮੁਰਾਦ ਬਖਸ਼ | 50 | ਲੁਹਾਰ |
| ਈਸਾਊ | ਲੈਹਣਾ ਸਿੰਘ | 20 | ਜੱਟ |
| ਇੰਦਰ ਸਿੰਘ | - | - | ਜੱਟ |
| ਇਲਮ ਦੀਨ | - | - | ਮੁਸਲਮਾਨ |
| ਇਸਮਾਈਲ | ਕਿਰਨ ਬਖਸ਼ | 22 | ਜਰਗਰ |
| ਇਬ੍ਰਾਹਿਮ | ਇਮਾਮ ਦੀਨ | 25 | ਮੁਸਲਮਾਨ |
| ਸ਼ਿਵ ਦਿਆਲ | ਸੁਲੱਖਣ ਮੱਲ | 50 | ਕੰਬੋ |
| ਸੋਹਨ ਲਾਲ | ਵਾਸ ਮੱਲ | 9 | ਖੱਤਰੀ |
| ਸੋਹਨ ਲਾਲ | ਸੰਤ ਸਿੰਘ | 60 | ਹਿੰਦੂ |
| ਸ਼ਮਸ਼ ਦੀਨ | ਸਿਕੰਦਰ ਅਲੀ | 24 | ਸ਼ੇਖ |
| ਸ਼ਾਮ ਦੀਨ | ਸਿਕੰਦਰ ਅਲੀ | 24 | ਸੇਖ |
| ਸੁੰਦਰ ਸਿੰਘ | - | 19 | ਜੱਟ |
| ਸੁੰਦਰ ਸਿੰਘ | - | 30 | ਅਰੋੜਾ |
| ਸੁੰਦਰ ਸਿੰਘ | ਗਿਆਨ ਸਿੰਘ | 15 | ਤਰਖਾਣ |
| ਸੁੰਦਰ ਸਿੰਘ | ਗੁਰਬਖਸ਼ ਸਿੰਘ | - | ਅਰੋੜਾ |
| ਸੁੰਦਰ ਸਿੰਘ | ਨਿਹਾਲ | 35 | ਜੱਟ |
| ਸੁੰਦਰ ਸਿੰਘ | ਨੱਥੂ | - | ਜੱਟ |
| ਸੁੰਦਰ | ਨੱਥਾ ਸਿੰਘ | 25 | ਅਰੋੜਾ |
| ਸੁਰਜਨ ਸਿੰਘ | - | 30 | ਜੱਟ |
| ਸ਼ਰਫ ਦੀਨ | ਸਦਰ ਦੀਨ | 22 | ਰਾਜਪੂਤ |
| ਸੋਭਾ ਸਿੰਘ | - | 55 | ਤਰਖਾਣ |
| ਸੋਭਾ ਸਿੰਘ | - | - | - |
| ਸੋਭਾ ਸਿੰਘ | ਖੜਕ ਸਿੰਘ | 50 | ਤਰਖਾਣ |
| ਸੋਭਾ ਸਿੰਘ | ਸੰਤ ਸਿੰਘ | 60 | ਹਿੰਦੂ |
| ਸੋਹਨ ਸਿੰਘ | ਸਾਹਿਬ ਸਿੰਘ | 22 | ਅਰੋੜਾ |
| ਸੋਹਨ ਸਿੰਘ | ਚਾਂਦ ਸਿੰਘ | - | ਜੱਟ |
| ਸੋਹਨ ਸਿੰਘ | ਮੋਹਨ ਸਿੰਘ | 15 | ਤਰਖਾਣ |
| ਸੰਤ ਰਾਮ | ਸ਼ਿਵਰਾਮਦਾਸ | 20 | ਬ੍ਰਾਹਮਨ |
| ਸੰਤ ਰਾਮ | ਪ੍ਰਭਦਿਆਲ | 23 | - |
| ਸੰਤ ਰਾਮ | ਹਰੀ ਰਾਮ | - | - |
| ਸਾਧੂ ਰਾਮ | - | - | ਹਿੰਦੂ |
| ਸੀਤਾ ਰਾਮ | ਗੋਬਿੰਦਰਾਮ | - | ਹਿੰਦੂ |
| ਸ਼ਫੀ ਕੰਜਰ | - | - | ਮੁਸਲਮਾਨ |
| ਸੰਤਾ | ਹਰੀਹਰਨ | - | ਬ੍ਰਾਹਮਨ |
| ਸੁਰੈਣਾ | ਖੜਕੂ | - | ਭੰਗੀ |
| ਸੂਰਜ ਸਿੰਘ | - | 30 | ਜੱਟ |
| ਸ਼ੇਰ ਸਿੰਘ | ਹੀਰਾ ਸਿੰਘ | 72 | ਅਰੋੜਾ |
| ਸਦੀਕ | ਮੀਰਾਜ ਬਖਸ਼ | - | - |
| ਸ਼ੇਰ ਸਿੰਘ | ਹੀਰਾ ਸਿੰਘ | 17 | - |
| ਹਰਦਿਆਲ | ਅਤਰਾ ਮੱਲ | 45 | ਕੰਬੋ |
| ਹੀਰਾ ਨੰਦ | ਚੰਭਾ ਮੱਲ | 50 | ਖੱਤਰੀ |
| ਹਰਨਾਮਾ | ਵੀਰੂ | 30 | ਨਾਈ |
| ਹੁਕਮ ਚੰਦ | ਫੇਰੂ ਮੱਲ | 53 | ਖੱਤਰੀ |
| ਹੁਕਮ ਚੰਦ | ਕੱਲੂ ਮੱਲ | - | ਹਿੰਦੂ |
| ਹਰੀ ਰਾਮ | ਆਸਾ ਨੰਦ | 32 | ਖੱਤਰੀ |
| ਹੀਰਾ ਨੰਦ | ਮਹਾਂਰਾਜ ਮੱਲ | 45 | ਅਰੋੜਾ |
| ਹੀਰਾ ਸਿੰਘ | ਨਿਹਾਲ ਸਿੰਘ | 24 | ਸਿੱਖ |
| ਹਾਮਿੱਦ | ਅਹਿਮਦ ਦੀਨ | 19 | ਕਸ਼ਮੀਰੀ |
| ਹਾਫਿਜ਼ | ਅਲੀ ਮੁੱਧ | 35 | ਸ਼ੇਖ |
| ਹਰਭਗਵਾਨ | ਜੈਰਾਮ ਦਾਸ | 50 | ਅਰੋੜਾ |
| ਹਰਨਾਮ ਸਿੰਘ | ਗੁਲਾਬ ਸਿੰਘ | 15 | ਤਰਖਾਣ |
| ਹਰਨਾਮ ਸਿੰਘ | - | 30 | ਖੱਤਰੀ |
| ਹਰਨਾਮ ਸਿੰਘ | ਕੰਨੂ ਮੱਲ | - | ਹਿੰਦੂ |
| ਹਰਨਾਮ ਸਿੰਘ | ਟਹਿਲ ਸਿੰਘ | - | ਘੁਮਿਆਰ |
| ਹਰਨਾਮ ਸਿੰਘ | ਚੰਦਾ ਸਿੰਘ | 20 | ਅਰੋੜਾ |
| ਹਰਨਾਮ ਸਿੰਘ | ਭਗਤ ਸਿੰਘ | 17 | ਅਰੋੜਾ |
| ਹਰੀ ਲਾਲ | ਬਾਲ ਮੁਕੁਕੰਦ | 30 | ਖੱਤਰੀ |
| ਹੰਸ ਰਾਜ | ਰੋਹਨ ਸਿੰਘ | 23 | ਖੱਤਰੀ |
| ਹਰੀ ਰਾਮ | ਹਰਦਿਆਲ | 40 | ਖੱਤਰੀ |
| ਹਰੀ ਰਾਮ | - | - | ਹਿੰਦੂ |
| ਹੇਮੂ ਰਾਜ | ਖੇਮ ਰਾਜ | - | ਬਾਨੀਆਂ |
| ਹਰ ਭਗਵਾਨ | - | - | ਹਿੰਦੂ |
| ਹੀਰਾਨੰਦ | - | - | ਹਿੰਦੂ |
| ਹੰਸ ਰਾਜ | - | - | ਹਿੰਦੂ |
| ਹੁਕਮ ਸਿੰਘ | ਗੰਡਾ ਸਿੰਘ | 30 | ਹਿੰਦੂ |
| ਹੁਕਮ ਸਿੰਘ | ਜਗਤ ਸਿੰਘ | 55 | ਮਿਸਤਰੀ |
| ਹੀਰਾ ਲਾਲ | ਚਮਨ ਲਾਲ | 55 | ਅਰੋੜਾ |
| ਹਰ ਨਰੈਣ | - | - | ਖੱਤਰੀ |
| ਹਰ ਭਗਵਾਨ | ਘਨੱਯਾ | - | ਅਰੋੜਾ |
| ਹਾਰੂ ਮੱਲ | ਲੱਭੂ ਮੱਲ | - | ਅਰੋੜਾ |
| ਹੀਰਾ ਨੰਦ | ਵਜ਼ੀਰਾ | - | - |
| ਹੰਸ ਰਾਜ | - | - | - |
| ਹੁਸੀ | ਸਿਖੰਦਾ | - | ਜਰਗਰ |
| ਹਜ਼ਾਰੀ ਸਿੰਘ | ਦੀਨਾ | 17 | ਖੱਤਰੀ |
| ਕਿਸ਼ਨ ਚੰਦ | ਅਮੀਰ ਚੰਦ | 38 | ਖੱਤਰੀ |
| ਕਿਸ਼ਨ ਚੰਦ | ਅਮੀ ਚੰਦ | 40 | ਖੱਤਰੀ |
| ਕਾਂਸ਼ੀ | - | - | ਅਰੋੜਾ |
| ਕਿਸ਼ਨ ਦਾਸ | - | - | ਹਿੰਦੂ |
| ਕਨੱਯਾ ਲਾਲ | ਹਰਭਗਵਾਨ | - | ਹਿੰਦੂ |
| ਕਿਰਪਾਲ ਸਿੰਘ | ਪ੍ਰਤਾਪ ਸਿੰਘ | - | ਅਰੋੜਾ |
| ਕੇਸਰ ਸਿੰਘ | ਚੰਦੂ ਮੱਲ | - | ਹਿੰਦੂ |
| ਕੇਸਰ ਸਿੰਘ | ਗੁਪਾਲ ਸਿੰਘ | 50 | ਹਿੰਦੂ |
| ਕਰਤਾਰ ਸਿੰਘ | ਗੰਡਾ ਸਿੰਘ | 40 | ਅਰੋੜਾ |
| ਕੇਹਰ ਸਿੰਘ | ਵੀਰ ਸਿੰਘ | - | ਜੱਟ |
| ਕੇਹਰ ਸਿੰਘ | - | 20 | ਸੈਣੀ |
| ਕੇਹਰ ਸਿੰਘ | ਸ਼ਾਮ ਸਿੰਘ | 40 | ਅਰੋੜਾ |
| ਕਾਸ਼ੀ ਰਾਮ | - | - | ਬ੍ਰਾਹਮਨ |
| ਕਰੀਮ ਦੀਨ | - | - | ਲੁਹਾਰ |
| ਕਸ਼ਮੀਰ ਸਿੰਘ | - | - | - |
| ਕਰਮ ਚੰਦ | ਲੱਭੂ | 21 | ਅਰੋੜਾ |
| ਕਾਲੂ ਮੱਲ | ਵਿਸ਼ਨੂ ਦਾਸ | - | - |
| ਕਾਲ਼ਾ ਸਿੰਘ | ਨਿਹਾਲਾ | 23 | ਛੀਬਾ |
| ਕਾਲ਼ਾ ਸਿੰਘ | - | 40 | ਹਿੰਦੂ |
| ਕਾਲ਼ਾ ਸਿੰਘ | ਗੁਲਾਬ ਸਿੰਘ | 50 | ਤਰਖਾਣ |
| ਕੱਦੂ | ਵਿਸ਼ਨੂ ਦਾਸ | 18 | ਬ੍ਰਾਹਮਨ |
| ਕਸ਼ਮੀਰ ਸਿੰਘ | - | - | - |
| ਕਰਤਾਰ ਸਿੰਘ | ਗੰਡਾ ਸਿੰਘ | - | ਅਰੋੜਾ |
| ਕਾਨ੍ਹ ਸਿੰਘ | ਹੇਮ ਸਿੰਘ | - | ਅਰੋੜਾ |
| ਕਾਂਸ਼ੀ ਰਾਮ | ਮੋਤੀ ਰਾਮ | 21 | ਸੈਣੀ |
| ਕਿਰਪਾ ਰਾਮ | ਗੰਗਾ ਰਾਮ | 26 | ਬ੍ਰਾਹਮਨ |
| ਕਾਂਸ਼ੀ ਰਾਮ | ਮਥਰਾ ਦਾਸ | 26 | ਬ੍ਰਾਹਮਨ |
| ਕਰੀਮ | - | 40 | ਚੌਂਕੀਦਾਰ |
| ਕਾਨ੍ਹ ਚੰਦ | ਹੇਮ ਰਾਜ | 28 | ਬ੍ਰਾਹਮਨ |
| ਖੁਸ਼ੀ ਰਾਮ | ਨਿੱਕਾ ਮੱਲ | 28 | ਬ੍ਰਾਹਮਨ |
| ਖੁਦਾ ਬਖਸ਼ | ਵਾਸੂ ਸ਼ਾਹ | 40 | ਫਕੀਰ |
| ਖੁਸ਼ਹਾਲ ਸਿੰਘ | ਜੀਵਨ ਸਿੰਘ | - | ਜੱਟ |
| ਖੈਰ ਦੀਨ | ਮੰਗਤੂ | 30 | ਤੇਲੀ |
| ਖਿਕਾ ਮੱਲ/ਨਿੱਕਾ ਮੱਲ | ਦੁਨੀ ਚੰਦ ਜੈ ਰਾਮਦਾਸ | - | ਹਿੰਦੂ |
| ਗਣੇਸ਼ ਸਿੰਘ | ਕੱਲੂ ਮੱਲ | 42 | ਅਰੋੜਾ |
| ਗਿਆਨ ਚੰਦ | ਕਿਰਪਾ ਰਾਮ | 15 | ਕੰਬੋ |
| ਗੁਲਾਮ ਮੁਸਤਫਾ | ਜੁੰਮਾ | 20 | ਕਸ਼ਮੀਰੀ |
| ਗੁਲਾਮ ਰਸੂਲ | ਮੁੱਧ ਸ਼ਾਹ | 30 | ਕਸ਼ਮੀਰੀ |
| ਗੁਲਾਮ ਰਸੂਲ | ਦੁੱਲਾ | - | ਕਸ਼ਮੀਰੀ |
| ਗੁਲਾਮ ਮਹੱਯੂਦੀਨ | ਮੁਹੰਮੱਦ ਜੂ | 30 | ਕਸ਼ਮੀਰੀ |
| ਗੁਪਾਲ ਸਿੰਘ | ਮੇਹਰ ਸਿੰਘ | 30 | ਹਿੰਦੂ |
| ਗੁਪਾਲ ਸਿੰਘ | - | - | ਖੱਤਰੀ |
| ਗੁਪਾਲ ਦਾਸ | ਪ੍ਰੇਮ ਸਿੰਘ | 30 | ਖੱਤਰੀ |
| ਗਿਰਧਾਰੀ | - | 20 | ਬ੍ਰਾਹਮਨ |
| ਗੁਰੂ ਬ੍ਰਾਹਮਨ | - | 15 | ਹਿੰਦੂ |
| ਗਿਰਧਾਰੀ ਲਾਲ | ਗੰਗਾ ਬਿਸ਼ਨ | 20 | ਬ੍ਰਾਹਮਨ |
| ਗੰਡੂ | ਨਾਨਕ ਚੰਦ | 20 | ਖੱਤਰੀ |
| ਗੁਪਾਲ ਸਿੰਘ | - | - | ਜੱਟ |
| ਗੁਲਾਮ ਰਸੂਲ | ਦੁੱਲਾ | - | ਮੁਸਲਮਾਨ |
| ਗੰਡਾ ਸਿੰਘ | ਸ਼ਾਮ ਸਿੰਘ | - | ਜੱਟ |
| ਗੌਰੀ ਸ਼ੰਕਰ | ਕਿਸ਼ਨ ਦਾਸ | - | ਹਿੰਦੂ |
| ਗਗਨ ਨਾਥ | ਰਾਮ ਦਾਸ | 25 | ਖੱਤਰੀ |
| ਗੋਬਿੰਦ ਰਾਮ | ਸੀਤਾ ਰਾਮ | 35 | ਖੱਤਰੀ |
| ਗੁਰਾਂ ਦਿੱਤਾ | - | - | ਹਿੰਦੂ |
| ਚੂਨੀ ਲਾਲ | ਬੱਧ ਮੱਲ | 29 | ਨਾਈ |
| ਚੇਤ ਮੱਲ | ਨਰਸਿੰਘ ਦਾਸ | 29 | ਖੱਤਰੀ |
| ਚੰਨਣ | - | 20 | ਹਿੰਦੂ |
| ਚੰਨਣ | ਭਗਤ ਰਾਮ | - | ਹਿੰਦੂ |
| ਚਰਨ ਸਿੰਘ | ਰਾਸ ਚੰਦ | - | ਹਿੰਦੂ |
| ਚੂਨੀ ਲਾਲ | ਹਰੀ ਲਾਲ | - | ਅਰੋੜਾ |
| ਚੂਨੀ ਲਾਲ | - | - | ਅਰੋੜਾ |
| ਚੇਤ ਸਿੰਘ | ਦਈਆ | 17 | ਜੱਟ |
| ਚੁਰੰਜੀ ਲਾਲ | ਨੱਥੂ ਰਾਮ | - | ਅਰੋੜਾ |
| ਚਰਨ ਦਾਸ | ਰਾਮਾ ਨੰਦ | - | - |
| ਚਰਨ ਦਾਸ | ਬਾਲਕ ਰਾਮ | 36 | ਖੱਤਰੀ |
| ਛੱਤਰੂ | - | 60 | ਸੰਧੂ |
| ਛੱਜੂ ਰਾਮ | - | - | ਹਿੰਦੂ |
| ਜੈ ਨਰੈਣ | ਭਗਤ ਰਾਮ | 32 | ਖੱਤਰੀ |
| ਜਵਾਹਰ ਸਿੰਘ | ਪ੍ਰਤਾਪ ਸਿੰਘ | 26 | ਅਰੋੜਾ |
| ਜਗਦੀਸ਼ | - | 20 | ਬ੍ਰਾਹਮਨ |
| ਜਵਾਲਾ ਸਿੰਘ | - | 60 | ਹਿੰਦ |
| ਜਗਨ ਨਾਥ | - | - | ਹਿੰਦੂ |
| ਜਗਨ ਨਾਥ | ਬਾਲਕਿਸ਼ਨ ਮੈਹਰਾ | - | - |
| ਝੰਡਾ ਸਿੰਘ | - | - | ਜੱਟ |
| ਠਾਕਰ | ਮੂਲ਼ਾ ਸਿੰਘ | - | ਜੱਟ |
| ਠਾਕਰ ਸਿੰਘ | ਜਸਵੰਤ ਸਿੰਘ | - | ਜੱਟ |
| ਠਾਕਰ ਸਿੰਘ | - | 50 | ਅਰੋੜਾ |
| ਠਾਕਰ ਦਾਸ | - | - | ਹਿੰਦੂ |
| ਠਾਕਰ ਦਾਸ | ਪ੍ਰਭ ਦਿਆਲ | 25 | ਖਤਰੀ |
| ਠਾਕਰ ਦਾਸ | ਮਲਾਵਾ ਮੱਲ | 35 | ਖੱਤਰੀ |
| ਠਾਕਰ ਦਾਸ | ਦੀਨਾ ਨਾਥ | 35 | ਖੱਤਰੀ |
| ਤਾਰੂ | ਜਵਾਲਾ ਸਿੰਘ | - | ਜੱਟ |
| ਤੇਹਰੂ | ਆਸਾ ਸਿੰਘ | - | ਜੱਟ |
| ਤਰਲੋਕ ਦਾਸ | ਹਰਜੱਸ ਮੱਲ | 25 | ਖੱਤਰੀ |
| ਤਰਲੋਕ ਚੰਦ | ਬਾਲਕੁਕੰਦ | - | ਖੱਤਰੀ |
| ਤਾਰਾ ਚੰਦ | ਬਹਾਦਰ ਮੱਲ | 63 | ਖੱਤਰੀ |
| ਤਾਰਾ ਚੰਦ | - | - | ਮਿਸਤਰੀ |
| ਤਾਰਾ ਸਿੰਘ | ਝੰਡਾ ਸਿੰਗ | 15 | ਜੱਟ |
| ਤੇਜਾ ਸਿੰਘ | - | - | ਜੱਟ |
| ਦੁਰਗਾ ਦਾਸ | ਕਾਂਸ਼ੀ ਰਾਮ | 23 | ਖੱਤਰੀ |
| ਦਿਆਨ ਚੰਦ | ਮੰਨਣ ਰਾਮ | 26 | ਖੱਤਰੀ |
| ਦੇਵੀ ਚੰਦ | ਹਰੀ ਰਾਮ | 30 | ਖੱਤਰੀ |
| ਦੇਵੀ ਲਾਲਾ | ਲਛਮਣ ਦਾਸ | 25 | ਹਿੰਦੂ |
| ਦੇਵੀ ਦੱਤਾ | - | - | ਬ੍ਰਾਹਮਨ |
| ਦਿੱਤ ਮੱਲ | ਬੂਟਾ ਮੱਲ | 40 | ਅਰੋੜਾ |
| ਦੱਤਾ ਮੱਲ | ਨਾਰਸੀ ਦਾਸ | - | ਮੁਸਲਮਾਨ |
| ਦਿੱਤਾ ਰਾਮ | ਹਰਚੰਦ | - | ਅਰੋੜਾ |

**ਬਾਕੀ ਸਫ਼ਾ 33 'ਤੇ**

ਡਾ. ਸੁਖਦਿਆਲ ਸਿੰਘ ਪ੍ਰਸਿੱਧ ਸਿੱਖ ਇਤਿਹਾਸਕਾਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਹ ਇਤਿਹਾਸ ਵਿਭਾਗ ਵਿਚ ਪ੍ਰੋਫ਼ੈਸਰ ਵਜੋਂ ਆਪਣੀ ਭੂਮਿਕਾ ਨਿਭਾ ਚੁੱਕੇ ਹਨ। 550 ਸਾਲਾਂ ਗੁਰੂ ਨਾਨਕ ਪ੍ਰਕਾਸ਼ ਉਤਸਵ ਲਈ ਉਨ੍ਹਾਂ ਦਾ ਲੜੀਵਾਰ ਲੇਖ ਅਸੀਂ ਪੇਸ਼ ਕਰ ਰਹੇ ਹਾਂ। ਸਿੱਖ ਇਤਿਹਾਸ ਬਾਰੇ ਉਹ ਕਾਫੀ ਖੋਜਾਂ ਕਰ ਚੁੱਕੇ ਹਨ। ਅਸੀਂ ਪਾਠਕਾਂ ਲਈ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਉਨ੍ਹਾਂ ਦੀ ਇਤਿਹਾਸਕ ਖੋਜ ਨੂੰ ਲੜੀਵਾਰ ਪੇਸ਼ ਕਰ ਰਹੇ ਹਾਂ-ਸੰਪਾਦਕ।

# ਯਾਤਰਾਵਾਂ ਦੌਰਾਨ ਗੁਰੂ ਨਾਨਕ ਸਾਹਿਬ ਦੀ ਬੁਲੰਦ ਲਹਿਰ

**ਡਾ. ਸੁਖਦਿਆਲ ਸਿੰਘ**

(ਆਖ਼ਰੀ ਕਿਸ਼ਤ)

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦਾ ਲਿਬਾਸ ਮੱਕੇ ਦੀ ਯਾਤਰਾ ਕਰਨ ਸਮੇਂ ਕਿੰਨੀ ਸਪੱਸ਼ਟਤਾ ਨਾਲ ਦੱਸਿਆ ਹੈ :

ਬਾਬਾ ਫਿਰਿ ਮੱਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮੁਸੱਲਾ ਧਾਰੀ।

ਇਹ ਢੁੱਕਵਾਂ ਵੀ ਹੈ ਅਤੇ ਯਕੀਨ ਦਿਵਾਊ ਵੀ ਹੈ। ਗੁਰੂ ਨਾਨਕ ਸਾਹਿਬ ਯਾਤਰਾਵਾਂ ਤੇ ਖਾਸ ਕਰਕੇ ਪੱਛਮੀ ਮੁਲਕਾਂ ਦੀ ਯਾਤਰਾ 'ਤੇ, ਇੱਕ ਬਹੁਤ ਗੰਭੀਰ ਚਿੰਤਕ ਅਤੇ ਅਧਿਆਪਕ ਦੇ ਰੂਪ ਵਿੱਚ ਗਏ ਸਨ। ਇਸਲਾਮੀ ਰਾਜ ਵਿੱਚ ਇਸਲਾਮੀ ਵਿਆਖਿਆਕਾਰਾਂ ਨਾਲ ਉਹਨਾਂ ਦੇ ਹੀ ਘਰਾਂ ਵਿੱਚ ਜਾ ਕੇ ਗੱਲਾਂ ਕਰਨੀਆਂ ਸੌਖੀਆਂ ਨਹੀਂ ਸਨ। ਗੁਰੂ ਸਾਹਿਬ ਨੇ ਜਿਸ ਤਰ੍ਹਾਂ ਉੱਥੇ ਜਾ ਕੇ ਆਪਣੇ ਵਿਚਾਰ ਰੱਖੇ ਸਨ ਉਹਨਾਂ ਤੋਂ ਜਾਪਦਾ ਹੈ ਕਿ ਗੁਰੂ ਜੀ ਦਾ ਗਿਆਨ ਅਪਾਰ ਵਿਸ਼ਾਲਤਾ ਵਾਲਾ, ਅਤੇ ਹਰ ਪੱਖ ਨੂੰ ਬਿਆਨ ਕਰਨ ਵਾਲਾ ਸੀ। ਭਾਈ ਗੁਰਦਾਸ ਜੀ ਨੇ ਇਸੇ ਕਰਕੇ ਹੀ ਗੁਰੂ ਸਾਹਿਬ ਨੂੰ "ਅਕਾਲ ਰੂਪ" ਕਿਹਾ ਹੈ, ਕਿਉਂਕਿ ਜਦੋਂ ਗੁਰੂ ਜੀ ਬੋਲਦੇ ਸਨ ਤਾਂ ਪੂਰਾ ਅੰਤਰ-ਧਿਆਨ ਹੋ ਕੇ ਬੋਲਦੇ ਸਨ। ਭਾਈ ਗੁਰਦਾਸ ਜੀ ਦੀ ਇਸ ਪਉੜੀ ਨੂੰ ਧਿਆਨ ਨਾਲ ਅਤੇ ਵਿਚਾਰ ਕੇ ਪੜ੍ਹੋ ਤਾਂ ਇਹੀ ਗੱਲਾਂ ਸਾਡੇ ਸਾਹਮਣੇ ਆਉਣਗੀਆਂ।



ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ
ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ
ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆ ਫਿਰਕੇ ਦਸਤਗੀਰ
ਕਉਣ ਫਕੀਰੁ ਕਿਸ ਕਾ ਘਰਿਆਨਾ।
ਨਾਨਕ ਕਲਿ ਵਿਚਿ ਆਇਆ
ਰਬੁ ਫਕੀਰੁ ਇੱਕੋ ਪਹਿਚਾਨਾ।
ਧਰਤਿ ਅਕਾਸ ਚਹੁ ਦਿਸਿ ਜਾਨਾ।

ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਇੱਕ-ਇੱਕ ਸ਼ਬਦ ਗੰਭੀਰਤਾ ਭਰਿਆ ਹੈ ਅਤੇ ਕੁੱਜੇ ਵਿੱਚ ਸਮੁੰਦਰ ਸਮਾਇਆ ਹੋਇਆ ਹੈ। ਇਹ ਸ਼ਬਦ ਪੂਰੀ ਸਥਿਤੀ ਦਾ ਸਿੱਟਾ ਕੱਢ ਕੇ ਸਾਡੇ ਸਾਹਮਣੇ ਰੱਖ ਦਿੰਦੇ ਹਨ। ਇਹਨਾਂ ਨੂੰ ਸਿਰਫ ਪੜ੍ਹੋ ਹੀ, ਨਾ ਸਗੋਂ ਵਿਚਾਰੋ ਵੀ। ਜਦੋਂ ਅਸੀਂ ਇਹਨਾਂ ਨੂੰ ਵਾਰ-ਵਾਰ ਵਿਚਾਰਾਂਗੇ ਤਾਂ ਸਾਨੂੰ ਵੀ ਗੁਰੂ ਨਾਨਕ ਸਾਹਿਬ ਦਾ ਰੂਪ "ਅਕਾਲ ਰੂਪ" ਹੀ ਲੱਗੇਗਾ।

ਬੇਸ਼ੱਕ, ਬਗਦਾਦ ਦੀ ਯਾਤਰਾ ਬਾਅਦ, ਭਾਈ ਸਾਹਿਬ, ਗੁਰੂ ਜੀ ਨੂੰ ਕਰਤਾਰਪੁਰ ਸਾਹਿਬ ਆਇਆ ਦਿਖਾ ਦਿੰਦੇ ਹਨ ਅਤੇ ਉੱਥੋਂ ਦੇ ਵਰਤਾਰੇ ਬਾਰੇ ਦਸਦੇ ਹਨ ਪਰ ਕਰਤਾਰਪੁਰ ਵਿਖੇ ਰਹਿੰਦਿਆਂ ਹੀ ਉਹ, ਗੁਰੂ ਸਾਹਿਬ ਨੂੰ ਅਚੱਲ ਬਟਾਲੇ ਅਤੇ ਮੁਲਤਾਨ ਗਿਆ ਵੀ ਦਸਦੇ ਹਨ। ਜਾਪਦਾ ਹੈ ਕਿ ਬੇਸ਼ੱਕ ਗੁਰੂ ਸਾਹਿਬ ਸਾਰੀਆਂ ਯਾਤਰਾਵਾਂ ਤੋਂ ਵਿਹਲੇ ਹੋ ਕੇ ਕਰਤਾਰਪੁਰ ਸਾਹਿਬ ਵਿਖੇ ਰਹਿਣ ਲੱਗ ਪਏ ਸਨ ਪਰ ਉਹ ਸਮੇਂ-ਸਮੇਂ 'ਤੇ ਲੋੜ ਅਨੁਸਾਰ ਸਥਾਨਕ ਪੱਧਰ ਦੀਆਂ ਯਾਤਰਾਵਾਂ 'ਤੇ ਚਲੇ ਜਾਇਆ ਕਰਦੇ ਸਨ। ਇਸੇ ਤਰ੍ਹਾਂ, ਭਾਈ ਗੁਰਦਾਸ ਜੀ ਅਨੁਸਾਰ ਗੁਰੂ ਸਾਹਿਬ ਇੱਕ ਵਾਰ ਸ਼ਿਵਰਾਤਰੀ ਦੇ ਸਮੇਂ ਅਚੱਲ ਬਟਾਲੇ ਵੀ ਗਏ ਸਨ। ਭਾਈ ਸਾਹਿਬ ਅਨੁਸਾਰ ਜਿਉਂ ਹੀ ਇਸ ਗੱਲ ਦਾ ਪਤਾ ਆਮ ਲੋਕਾਂ ਨੂੰ ਲੱਗਿਆ ਕਿ ਗੁਰੂ ਨਾਨਕ ਸਾਹਿਬ ਅਚੱਲ ਬਟਾਲੇ ਆ ਰਹੇ ਹਨ ਤਾਂ ਸਮੁੱਚੀ ਲੋਕਾਈ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਮੱਡ ਪਈ ਸੀ। ਇਸ ਤੋਂ ਇੱਕ ਤਾਂ ਇਹ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਲੋਕਾਂ ਵਿੱਚ ਬਹੁਤ ਮਸ਼ਹੂਰ ਹੋ ਗਏ ਸਨ ਅਤੇ ਦੂਰ-ਦੂਰ ਤੋਂ ਲੋਕ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਸਨ। ਦੂਜਾ, ਉਹਨਾਂ ਦੇ ਨਾਂ ਤੋਂ ਸਾਰੇ ਜੋਗੀ, ਨਾਥ ਅਤੇ ਸਿੱਧ ਵੀ ਜਾਣੂ ਹੋ ਗਏ ਸਨ। ਜਿਉਂ ਹੀ ਗੁਰੂ ਸਾਹਿਬ ਅਚੱਲ-ਬਟਾਲੇ ਪਹੁੰਚੇ ਤਾਂ ਲੋਕਾਂ ਦੀਆਂ ਭੀੜਾਂ ਜੁੜ ਜਾਣ ਕਾਰਨ ਉੱਥੇ ਚੜ੍ਹਾਵੇਂ ਦੇ ਰੂਪ ਵਿੱਚ ਲਛਮੀ (ਧਨ) ਵਰਸਣ ਲੱਗ ਪਈ ਸੀ। ਇਹ ਦੇਖ ਕੇ ਜੋਗੀਆਂ ਦੇ ਮਨਾਂ ਵਿੱਚ ਈਰਖਾ ਜਾਗ ਉੱਠੀ। ਉਹ ਸਮਝਦੇ ਸਨ ਕਿ ਗੁਰੂ ਨਾਨਕ ਨੂੰ ਇਤਨੀ ਮਾਇਆ ਚੜ੍ਹਾਵੇ ਦੇ ਰੂਪ ਵਿੱਚ ਕਿਉਂ ਮਿਲ ਰਹੀ ਹੈ? ਇਸ ਚੜ੍ਹਾਵੇ ਨੂੰ ਦੇਖ ਕੇ ਜੋਗੀ ਅਤੇ ਭਗਤੀਏ ਵੀ ਉੱਥੇ ਪਹੁੰਚ ਗਏ ਤਾਂ ਕਿ ਉਹਨਾਂ ਨੂੰ ਵੀ ਕੁਛ ਚੜ੍ਹਾਵਾ ਚੜ੍ਹ ਜਾਵੇ। ਜਦੋਂ ਭਗਤੀਆਂ ਵਲੋਂ ਭਗਤੀਆਂ ਪਉਣ ਕਾਰਨ ਉਹਨਾਂ ਦੇ ਭਾਂਡਿਆਂ ਵਿੱਚ ਵੀ ਮਾਇਆ ਇਕੱਠੀ ਹੋਣ ਲੱਗ ਪਈ ਤਾਂ ਜੋਗੀਆਂ ਵਿੱਚੋਂ ਕਿਸੇ ਜੋਗੀ ਨੇ ਭਗਤੀਆਂ ਦਾ ਮਾਇਆ ਇਕੱਠੀ ਕਰਨ ਵਾਲਾ ਲੋਟਾ ਚੁੱਕ ਕੇ ਛੁਪਾ ਲਿਆ। ਜਦੋਂ ਭਗਤੀਆਂ ਨੇ ਦੇਖਿਆ ਕਿ ਉਹਨਾਂ ਦਾ ਇੱਕ ਲੋਟਾ ਜੋਗੀਆਂ ਨੇ ਚੁਰਾ ਲਿਆ ਹੈ ਤਾਂ ਉਹਨਾਂ ਨੂੰ ਸਭ ਕੁਝ ਹੀ ਭੁੱਲ ਗਿਆ ਸੀ। ਪਰ ਗੁਰੂ ਨਾਨਕ ਸਾਹਿਬ ਉੱਥੇ ਬੈਠੇ ਸਭ ਕੁਝ ਦੇਖ ਰਹੇ ਸਨ। ਗੁਰੂ ਜੀ ਨੇ ਉੱਠ ਕੇ ਛੁਪਾਇਆ ਹੋਇਆ ਲੋਟਾ ਜੋਗੀਆਂ ਕੋਲੋਂ ਖੋਹ ਕੇ ਉੱਥੇ ਹੀ ਫਿਰ ਰੱਖ ਦਿੱਤਾ। ਬਾਬੇ ਨਾਨਕ ਦੀ ਇਹ ਹਿੰਮਤ ਅਤੇ ਹੌਸਲਾ ਦੇਖ ਕੇ ਜੋਗੀਆਂ ਨੂੰ ਗੁੱਸਾ ਚੜ੍ਹ ਗਿਆ। (ਪਉੜੀ 39).

ਗੁੱਸੇ ਵਿੱਚ ਭਰੇ-ਪੀਤੇ ਜੋਗੀ ਜਨ ਬਾਬੇ ਪਾਸ ਬਹਿਸ ਕਰਨ ਲਈ ਆ ਗਏ। ਜੋਗੀਆਂ ਦਾ ਆਗੂ ਭੰਗਰਨਾਥ ਗੁਰੂ ਸਾਹਿਬ ਨੂੰ ਪੁੱਛਦਾ ਹੈ ਕਿ ਤੈਂ (ਨਾਨਕ ਜੀ) ਪਹਿਲਾਂ ਫ਼ਕੀਰਾਂ ਵਾਲਾ ਬਾਣਾ ਪਹਿਨ ਕੇ ਅਤੇ ਫਿਰ ਗ੍ਰਿਹਿਸਤੀਆਂ ਵਾਲਾ ਬਾਣਾ ਪਹਿਨਕੇ ਅਤੇ ਘਰੇਲੂ ਜੀਵਨ ਅਪਨਾ ਕੇ ਦੁੱਧ ਵਿੱਚ ਕਾਂਜੀ ਪਾਉਣ ਵਾਲਾ ਕੰਮ ਕਿਉਂ ਕੀਤਾ ਹੈ? ਭਾਵ ਕਿ ਤੈਂ ਭਗਤੀ ਅਤੇ ਯੋਗ-ਸਾਧਨਾ ਨੂੰ ਅਪਵਿੱਤਰ ਕਿਉਂ ਕੀਤਾ ਹੈ? ਕਿਉਂਕਿ ਜੇ ਇਸੇ ਤਰ੍ਹਾਂ ਹੀ ਹੋਣ ਲੱਗ ਪਿਆ ਤਾਂ ਇਹ ਗੱਲ ਉਸ ਜਾਗ ਲੱਗੇ ਹੋਏ ਰਿੜਕਣੇ ਵਿਚਲੇ ਜਮਾਏ ਹੋਏ ਦੁੱਧ ਵਰਗੀ ਹੋ ਜਾਵੇਗੀ ਜਿਹੜਾ ਸੜ ਗਿਆ ਹੋਵੇ ਤੇ ਉਸ ਵਿੱਚੋਂ ਮੱਖਣ ਨਿਕਲੇ ਹੀ ਨਾ। ਇਸ ਕਰਕੇ ਤੈਂ ਉਦਾਸੀ ਦਾ ਭੇਖ ਉਤਾਰ ਕੇ ਮੁੜ ਤੋਂ ਸੰਸਾਰੀਆਂ ਵਾਲਾ ਜੀਵਨ ਜੀਣ ਦੀ ਰੀਤ ਕਿਉਂ ਚਲਾ ਦਿੱਤੀ ਹੈ। ਭੰਗਰਨਾਥ ਦੇ ਇਹ ਸਵਾਲ ਸੁਣ ਕੇ ਗੁਰੂ ਨਾਨਕ ਸਾਹਿਬ ਨੂੰ ਵੀ ਕੁਝ ਗੁੱਸਾ ਆਇਆ ਮਹਿਸੂਸ ਹੁੰਦਾ ਹੈ ਕਿਉਂਕਿ ਗੁਰੂ ਜੀ ਦਾ ਜਿਹੜਾ ਅਗਲਾ ਜਵਾਬ ਭਾਈ ਸਾਹਿਬ ਨੇ ਦੱਸਿਆ ਹੈ ਉਹ ਕੁਝ ਸਖਤ ਲਹਿਜੇ ਵਿੱਚ ਹੈ। ਗੁਰੂ ਜੀ ਭੰਗਰਨਾਥ ਨੂੰ ਕਹਿੰਦੇ ਹਨ ਕਿ ਇਸ ਵਿੱਚ ਤੇਰਾ ਕੋਈ ਕਸੂਰ ਨਹੀਂ ਹੈ ਅਸਲ ਵਿੱਚ ਇਸ ਦੀ ਕਸੂਰਵਾਰ ਤੇਰੀ ਮਾਂ ਹੀ ਹੈ ਜਿਸ ਨੇ ਤੈਨੂੰ ਕੁਝ ਵੀ ਨਹੀਂ ਸਿਖਾਇਆ। ਉਸ ਨੇ ਤੈਨੂੰ ਅਗਿਆਨੀ ਰੱਖ ਕੇ ਉਹ ਦੋਸ਼ ਕੀਤਾ ਹੈ ਜਿਵੇਂ ਕੋਈ ਭਾਂਡੇ ਨੂੰ ਤਾਂ ਚੰਗੀ ਤਰ੍ਹਾਂ ਧੋਵੇ ਨਾ ਅਤੇ ਉਸ ਗੰਦੇ ਭਾਂਡੇ ਵਿੱਚ ਗੰਦਗੀ ਕਰਕੇ ਹੀ ਫੁੱਲ ਸੜ ਜਾਣ। ਇਸ ਤਰ੍ਹਾਂ ਅਗਿਆਨਤਾ ਵਸ ਤੁਸੀਂ ਲੋਕ ਘਰ-ਬਾਰ ਛੱਡ ਕੇ ਸੰਨਿਆਸੀ ਬਣ ਜਾਂਦੇ ਹੋ ਪਰ ਰੋਟੀ-ਭੋਜਨ ਲਈ ਤੁਸੀਂ ਫਿਰ ਉਹਨਾਂ ਦੇ ਹੀ ਘਰਾਂ ਵਿੱਚ ਚਲੇ ਜਾਂਦੇ ਹੋ। ਜੇਕਰ ਘਰ-ਬਾਰ ਛੱਡਿਆ ਹੈ ਫਿਰ ਵਾਪਸ ਉਹਨਾਂ ਘਰਾਂ ਵਿੱਚ ਨਾ ਜਾਓ। ਇਸ ਤਰ੍ਹਾਂ ਬਿਨਾਂ ਕੁਝ ਦਿੱਤਿਆਂ ਤੁਹਾਨੂੰ ਕਿਸੇ ਵੀ ਚੀਜ਼ ਦੀ ਪਰਾਪਤੀ ਨਹੀਂ ਹੋ ਸਕਦੀ। ਭਾਵ ਕਿ ਤੁਸੀਂ ਸੰਨਿਆਸ ਦੇ ਨਾਂ ਤੇ ਸਾਰਾ ਕੁਝ ਹੀ ਗਲਤ ਕਰ ਰਹੇ ਹੋ। (ਪਉੜੀ 40).

ਗੁਰੂ ਨਾਨਕ ਸਾਹਿਬ ਦੇ ਅਜਿਹੇ ਰੋਹ ਭਰੇ ਬਚਨ ਸੁਣ ਕੇ ਉੱਥੇ ਬੈਠੇ ਸਾਰੇ ਜੋਗੀ ਤੇ ਜੋਗੀਸ਼ਵਰ ਕਰੋਧ ਵਿੱਚ ਆ ਗਏ। ਕਰੋਧ ਵਿੱਚ ਆਇਆਂ ਹੋਇਆਂ ਨੇ ਗੁਰੂ ਜੀ ਨੂੰ ਡਰਾਉਣ ਲਈ ਭਾਂਤ-ਭਾਂਤ ਦੀਆਂ ਡਰਾਉਣੀਆਂ ਅਵਾਜ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਹ ਕਿਲਕਾਰੀਆਂ ਮਾਰਨ, ਚੀਕਾਂ ਅਤੇ ਚੰਗਿਆੜਾਂ ਮਾਰਨ ਲੱਗੇ ਤਾਂ ਕਿ ਗੁਰੂ ਜੀ ਨੂੰ ਇਹ ਲੱਗੇ ਕਿ ਗੁਰੂ ਜੀ ਨੇ ਗਲਤ ਬੋਲ ਕੇ ਜੋਗੀਆਂ ਨੂੰ ਕਰੋਧ ਚੜ੍ਹਾ ਦਿੱਤਾ ਹੈ। ਉਹਨਾਂ ਨੇ ਸਾਰੇ ਹਿੰਦੂ ਫਲਸਫ਼ਿਆਂ ਦੀਆਂ ਗੱਲਾਂ ਕੀਤੀਆਂ ਅਤੇ ਆਪਣੇ ਮੱਤ ਨੂੰ ਦਰਸਾਉਣ ਲਈ ਉਹ ਭਾਂਤ-ਭਾਂਤ ਦੇ ਮੰਤਰ ਤੇ ਜੰਤਰ ਉਚਾਰਦੇ ਸਨ। ਇਸ ਤਰ੍ਹਾਂ ਕਰਦਿਆਂ ਉਹ ਅਨੇਕਾਂ ਤਰ੍ਹਾਂ ਦੀਆਂ ਧੁਨਾਂ ਵੀ ਕੱਢਦੇ ਸਨ। ਆਪਣੇ ਅਨੇਕਾਂ ਰੂਪ ਵਟਾਉਣ ਬਾਰੇ ਜੋਗੀ ਕਹਿੰਦੇ ਸਨ ਕਿ ਉਹ ਜਿਹੜਾ ਵੀ ਚਾਹੁਣਗੇ ਉਸੇ ਤਰ੍ਹਾਂ ਦਾ ਰੂਪ ਧਾਰ ਕੇ ਤਬਾਹੀ ਕਰ ਸਕਦੇ ਹਨ। ਬਾਘਾਂ ਵਾਂਗ ਉਹ ਦਹਾੜਕੇ ਦੱਸ ਰਹੇ ਸਨ ਕਿ ਉਹ ਕਿਸੇ ਵੀ ਕਿਸਮ ਦਾ ਰੂਪ ਧਾਰ ਸਕਦੇ ਹਨ। ਅਕਾਸ਼ ਵਿੱਚ ਪੰਛੀਆਂ ਵਾਂਗ ਉਡਣ ਦੀਆਂ ਅਤੇ ਨਾਗਾਂ ਵਾਂਗ ਫੁਕਾਰੇ ਮਾਰਨ ਦੀਆਂ ਧਮਕੀਆਂ ਭਰੀਆਂ ਗੱਲਾਂ ਕਰਦੇ ਸਨ। ਕਿਧਰੇ




ਭੰਗਰਨਾਥ ਇਹ ਦਮਗੱਜੇ ਮਾਰ ਰਿਹਾ ਸੀ ਕਿ ਉਹ ਅਸਮਾਨਾਂ ਵਿੱਚੋਂ ਤਾਰੇ ਤੋੜ ਕੇ ਲਿਆ ਸਕਦਾ ਹੈ ਅਤੇ ਪਾਣੀਆਂ ਉੱਪਰ ਸਮੇਤ ਆਪਣੀ ਵਿਛਾਉਣੀ ਦੇ ਤੈਰ ਵੀ ਸਕਦਾ ਹੈ। ਇਸ ਤਰ੍ਹਾਂ ਸਿੱਧਾਂ-ਜੋਗੀਆਂ ਦਾ ਗੁੱਸਾ ਸ਼ਾਂਤ ਹੋਣ ਵਿੱਚ ਨਹੀ ਆ ਰਿਹਾ ਸੀ। (ਪਉੜੀ 41)। ਇਹ ਸ਼ਬਦਾਵਲੀ ਮੁਹਾਵਰੇਦਾਰ ਹੈ। ਇਸ ਨੂੰ ਅੱਖਰੀ ਅਰਥਾਂ ਵਿੱਚ ਨਹੀਂ ਲੈਣਾ ਚਾਹੀਦਾ। ਇਹ ਜੋਗੀਆਂ ਦੀਆਂ ਧਮਕੀਆਂ ਸਨ ਕਿ ਉਹ ਇਉਂ ਕਰ ਸਕਦੇ ਹਨ, ਆਹ ਕਰ ਸਕਦੇ ਹਨ ਜਾਂ ਕਿਸੇ ਹੋਰ ਤਰੀਕੇ ਨਾਲ ਤਬਾਹੀ ਕਰ ਸਕਦੇ ਹਨ। ਭਾਵ ਉਹਨਾਂ ਦਾ ਇਹੋ ਸੀ ਕਿ ਗੁਰੂ ਨਾਨਕ ਚੁੱਪ ਕਰਨ ਵਰਨਾ ਉਹ ਗੁੱਸੇ ਵਿੱਚ ਆ ਕੇ ਬਹੁਤ ਕੁਝ ਕਰਨ ਦੇ ਸਮਰੱਥ ਹਨ। ਆਖਰ ਜਾਪਦਾ ਹੈ ਕਿ ਜਦੋਂ ਜੋਗੀ-ਸਿੱਧ ਆਦਿ ਢਿੱਲੇ ਹੋਏ ਤਾਂ ਉਹਨਾਂ ਨੇ ਗੁਰੂ ਨਾਨਕ ਨੂੰ ਕਿਹਾ ਕਿ ਕੀ ਉਹ ਵੀ ਉਹਨਾਂ ਵਾਂਗ ਕੋਈ ਕਰਾਮਾਤ ਦਿਖਾ ਸਕਦੇ ਹਨ? ਜੇਕਰ ਦਿਖਾ ਸਕਦੇ ਹਨ ਤਾਂ ਛੇਤੀ ਕਰਨ ਤੇ ਦਿਖਾਉਣ। ਪਰ ਗੁਰੂ ਜੀ ਨੇ ਜਵਾਬ ਦਿੱਤਾ ਕਿ, "ਨਾਥ ਜੀ, ਤੁਹਾਡੇ ਜੈਸੀ ਸ਼ਕਤੀ ਜਾਂ ਕਰਾਮਾਤ ਜਿਹੜੀ ਤੁਸੀਂ ਹੁਣ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ, ਉਹਨਾਂ ਪਾਸ ਨਹੀਂ ਹੈ। ਉਹਨਾਂ ਨੂੰ ਤਾਂ ਜਾਂ ਸੰਗਤ (ਲੋਕਾਂ) ਦੀ ਮਦਦ ਪ੍ਰਾਪਤ ਹੈ ਤੇ ਜਾਂ ਅਕਾਲ ਪੁਰਖ ਦੇ ਸਿਮਰਨ ਦੀ ਤਾਕਤ ਹੈ। ਗੁਰੂ ਸਾਹਿਬ ਦੇ ਅਜਿਹੇ ਜਵਾਬਾਂ ਨੇ ਸਿੱਧਾਂ, ਨਾਥਾਂ ਤੇ ਜੋਗੀਆਂ ਨੂੰ ਨਿਰਉੱਤਰ ਕਰ ਦਿੱਤਾ ਸੀ। (42.) ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਇਹ ਵੀ ਕਿਹਾ ਕਿ ਹਮੇਸ਼ਾ ਅਕਾਲ ਪੁਰਖ ਦੇ ਨਾਮ ਦਾ ਹੀ ਸਿਮਰਨ ਕਰੋ ਅਤੇ ਸੱਚ ਹੀ ਬੋਲੋ। ਬਿਨਾ ਸੱਚ ਤੋਂ ਅਤੇ ਅਕਾਲ ਪੁਰਖ ਦੇ ਨਾਮ ਦੇ ਸਿਮਰਨ ਤੋਂ ਨਾ ਕੋਈ ਕਰਾਮਾਤ ਹੈ ਅਤੇ ਨਾ ਹੀ ਉਹਨਾਂ ਪਾਸ ਹੋਰ ਕੁਝ ਹੈ। (43) ਆਖਰ ਸਭ ਚੁੱਪ ਹੋ ਗਏ ਅਤੇ ਗੁਰੂ ਨਾਨਕ ਦੇ ਉਪਦੇਸ਼ ਨਾਲ ਸ਼ਾਂਤੀ ਵਰਤ ਗਈ। ਇਉਂ ਗਿਆਨ ਦੇ ਜ਼ੋਰ ਨਾਲ ਅਤੇ ਸੱਚ ਦੀ ਤਾਕਤ ਨਾਲ ਸਾਰਾ ਮੇਲਾ ਗੁਰੂ ਸਾਹਿਬ ਦਾ ਮੁਰੀਦ ਹੋ ਗਿਆ। ਸਿੱਧ ਤੇ ਜੋਗੀ ਵੀ ਗੁਰੂ ਜੀ ਨੂੰ ਨਮਸਕਾਰ ਕਰਨ ਲੱਗ ਪਏ। ਸਭ ਪਾਸਿਉਂ ਇੱਕੋ ਹੀ ਆਵਾਜ਼ ਆ ਰਹੀ ਸੀ ਕਿ "ਹੇ ਗੁਰੂ ਨਾਨਕ ਸਾਹਿਬ ਤੁਸੀਂ ਧੰਨ ਹੋ ਅਤੇ ਤੁਹਾਡੀ ਕੀਤੀ ਕਮਾਈ ਵੀ ਧੰਨ ਹੈ। ਗੁਰੂ ਨਾਨਕ ਹੀ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਪੁਰਖ ਹੈ।"

ਅਚੱਲ ਬਟਾਲੇ ਦੇ ਇਸ ਸ਼ਿਵ-ਰਾਤਰੀ ਦੇ ਮੇਲੇ ਵਿੱਚੋਂ ਅਕਾਲ ਪੁਰਖ ਦੇ ਨਾਂ ਦਾ ਡੰਕਾ ਵਜਾਉਂਦੇ ਹੋਏ ਗੁਰੂ ਨਾਨਕ ਸਾਹਿਬ ਮੁਲਤਾਨ ਪਹੁੰਚ ਗਏ ਸਨ। ਅੱਗੇ ਮੁਲਤਾਨ ਵਿੱਚ ਵੀ ਪੀਰਾਂ-ਫ਼ਕੀਰਾਂ ਦੀ ਭੀੜ ਸੀ। ਉਹਨਾਂ ਨੇ ਵੀ ਈਰਖਾ ਕੀਤੀ ਕਿ ਇਹ ਨਾਨਕ ਇੱਥੇ ਆ ਕੇ ਵੀ ਉਹਨਾਂ ਦੀ ਰੋਟੀ-ਰੋਜ਼ੀ ਵਿੱਚ ਦਖ਼ਲ-ਅੰਦਾਜ਼ੀ ਕਰੇਗਾ। ਪਰ ਗੁਰੂ ਜੀ ਨੇ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਹਨਾਂ ਦੇ ਕਿਰਦਾਰ ਬਾਰੇ ਕੁਝ ਨਹੀਂ ਕਹਿਣਗੇ। ਉਹ ਸਿਰਫ ਸੱਚ ਅਤੇ ਅਕਾਲ ਪੁਰਖ ਦੇ ਨਾਮ ਜਪਣ ਦਾ ਸੰਦੇਸ਼ ਹੀ ਦੇਣਗੇ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮੁਲਤਾਨ ਤੋਂ ਗੁਰੂ ਸਾਹਿਬ ਵਾਪਸ ਕਰਤਾਰਪੁਰ ਸਾਹਿਬ ਵਿਖੇ ਆ ਗਏ ਸਨ।

ਕਿਸੇ ਵੀ ਜਨਮਸਾਖੀ ਵਿੱਚ ਅਤੇ ਹੋਰ ਵੀ ਕਿਸੇ ਮੁੱਢਲੀ ਲਿਖਤ ਵਿੱਚ ਗੁਰੂ ਜੀ ਦੀਆਂ ਯਾਤਰਾਵਾਂ ਦਾ ਵਰਨਣ ਲੜੀਵਾਰ ਜਾਂ ਸਿਲਸਿਲੇਵਾਰ ਨਹੀਂ ਹੈ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਵੀ ਇਹ ਲੜੀ-ਰਹਿਤ ਅਤੇ ਅਤੀ ਸੰਖੇਪ ਸ਼ਬਦਾਂ ਵਿੱਚ ਦਿੱਤਾ ਗਿਆ ਹੈ। ਇਹ ਸੰਖੇਪਤਾ ਕਈ ਵਾਰ ਤਾਂ ਸਿਰਫ ਇਸ਼ਾਰੇ-ਮਾਤਰ ਹੀ ਹੋ ਕੇ ਰਹਿ ਜਾਂਦੀ ਹੈ। ਇਹ ਵੀ ਕਿ ਜਿਤਨੇ ਵੀ ਗੁਰੂ ਸਾਹਿਬ ਦੇ ਸੰਬੰਧ ਵਿੱਚ ਲਿਖਣ ਵਾਲੇ ਆਧੁਨਿਕ ਲੇਖਕ ਹਨ ਉਹ ਵੀ ਵੱਖ-ਵੱਖ ਵਿਚਾਰ ਹੀ ਰੱਖਦੇ ਹਨ। ਕਿਸੇ ਦੇ ਵਿਚਾਰਾਂ ਵਿੱਚ ਵੀ ਇੱਕ - ਮੱਤ ਨਹੀਂ ਹੈ। ਇਹ ਵਖਰੇਵਾਂ ਕਈ ਵਾਰ ਤਾਂ ਐਸਾ ਨਾਂਹ-ਵਾਚਕ ਅਤੇ ਵਿਰੋਧਾਤਮਕ ਰੂਪ ਧਾਰਨ ਕਰ ਜਾਂਦਾ ਹੈ ਕਿ ਇਹ ਲੇਖਕਾਂ ਦੀਆਂ ਧੜੇਬੰਦੀਆਂ ਪੈਦਾ ਕਰ ਦਿੰਦਾ ਹੈ। ਇਸ ਕਰਕੇ ਗੁਰੂ ਜੀ ਦੀਆਂ ਯਾਤਰਾਵਾਂ ਦੇ ਬਿਰਤਾਂਤ ਨੂੰ ਵਰਨਣ ਕਰਨਾ ਹੋਰ ਵੀ ਔਖਾ ਹੋ ਗਿਆ ਹੈ।

ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਵਿਸ਼ਵ-ਵਿਆਪੀ ਸਨ। ਵਿਸ਼ਵ-ਵਿਆਪੀ ਯਾਤਰਾਵਾਂ ਨੂੰ ਕਿਸ ਤਰ੍ਹਾਂ ਇੱਕ ਲੜੀ ਵਿੱਚ ਪਰੋ ਕਿ ਬਿਆਨਿਆ ਜਾਵੇ? ਹੈਰਾਨੀ ਇਸ ਗੱਲ ਦੀ ਹੈ ਕਿ ਪੰਜ ਸੌ ਪੰਜਾਹ ਸਾਲ ਪੂਰੇ ਹੋਣ ਤੇ ਵੀ ਅਜੇ ਤੱਕ ਨਾ ਹੀ ਗੁਰੂ ਜੀ ਦੀ ਸੰਪੂਰਨ ਬਾਣੀ ਦਾ ਕੋਈ ਦੀਰਘ ਅਧਿਐਨ ਹੋਇਆ ਹੈ ਅਤੇ ਨਾ ਹੀ ਗੁਰੂ ਜੀ ਦੀਆਂ ਯਾਤਰਾਵਾਂ ਦਾ। ਜਿਤਨੀਆਂ ਵਿਸ਼ਾਲ ਗੁਰੂ ਜੀ ਦੀਆਂ ਯਾਤਰਾਵਾਂ ਹਨ ਉਤਨੀ ਹੀ ਵਿਸ਼ਾਲ ਗੁਰੂ ਜੀ ਦੀ ਬਾਣੀ ਹੈ। ਜੇਕਰ ਇਉਂ ਵੀ ਕਹਿ ਲਿਆ ਜਾਵੇ ਤਾਂ ਵੀ ਕੋਈ ਅੱਤਿ-ਕਥਨੀ ਨਹੀਂ ਹੋਵੇਗੀ ਕਿ ਗੁਰੂ ਜੀ ਦੀਆਂ ਵਿਸ਼ਵ-ਵਿਆਪੀ ਯਾਤਰਾਵਾਂ ਦਾ ਵਿਸ਼ਾਲ ਅਨੁਭਵ ਹੀ ਗੁਰੂ ਦੀ ਬਾਣੀ ਵਿੱਚ ਸਮੋਇਆ ਹੋਇਆ ਹੈ। ਇਸ ਲਈ ਗੁਰੂ ਜੀ ਦੀਆਂ ਯਾਤਰਾਵਾਂ ਨੂੰ ਸਹੀ ਰੂਪ ਵਿੱਚ ਸਮਝਣ ਲਈ ਉਹਨਾਂ ਦੀਆਂ ਵਿਸ਼ਾਲ ਬਾਣੀ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ।

ਸਾਡੇ ਇਤਿਹਾਸਕਾਰਾਂ ਨੇ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਨੂੰ ਮੁੱਖ ਤੌਰ ਤੇ ਚਾਰ ਭਾਗਾਂ ਵਿੱਚ ਵੰਡ ਕੇ ਵਰਨਣ ਕੀਤਾ ਹੈ। ਪਹਿਲੀ ਉਦਾਸੀ ਜਾਂ ਯਾਤਰਾ ਪੂਰਬੀ ਭਾਰਤ ਦੀ। ਦੂਸਰੀ ਯਾਤਰਾ ਦੱਖਣੀ ਭਾਰਤ ਅਤੇ ਸ੍ਰੀ ਲੰਕਾ ਦੀ; ਤੀਜੀ ਯਾਤਰਾ ਉਤਰੀ ਭਾਰਤ ਦੀ ਅਤੇ ਚੌਥੀ ਯਾਤਰਾ ਪੱਛਮੀ ਭਾਰਤ ਅਤੇ ਭਾਰਤ ਤੋਂ ਬਾਹਰ ਅਰਬ ਮੁਲਕਾਂ ਦੀ। ਇਹ ਯਾਤਰਾ ਵੰਡ ਸਭ ਤੋਂ ਪਹਿਲਾਂ ਮੁੱਖ ਰੂਪ ਵਿੱਚ ਗਿਆਨੀ ਗਿਆਨ ਸਿੰਘ ਨੇ ਕੀਤੀ ਹੈ। ਗਿਆਨੀ ਗਿਆਨ ਸਿੰਘ ਸਿੱਖ ਇਤਿਹਾਸ ਦਾ ਪਹਿਲਾ ਐਸਾ ਇਤਿਹਾਸਕਾਰ ਹੋਇਆ ਹੈ ਜਿਸ ਨੇ ਗੁਰੂ ਨਾਨਕ ਸਾਹਿਬ ਦੇ ਯਾਤਰਾ ਕੀਤੇ ਗਏ ਅਸਥਾਨਾਂ ਦੀ ਹਰ ਥਾਂ ਤੇ ਜਾ ਕੇ ਅਤੇ ਉੱਥੋਂ ਦੇ ਲੋਕਾਂ ਨਾਲ ਗੱਲਾਂ-ਬਾਤਾਂ ਕਰਕੇ ਇਹਨਾਂ ਯਾਤਰਾ-ਅਸਥਾਨਾਂ ਬਾਰੇ ਲਿਖਿਆ ਹੈ। ਗਿਆਨ ਸਿੰਘ ਦਾ ਇਹ ਨਿੱਜੀ ਸਰਵੇਖਣ ਉਹਨਾਂ ਦੀ ਆਪਣੀ ਲਿਖਤ ਤਵਾਰੀਖ ਗੁਰੂ ਖਾਲਸਾ ਦੇ ਪੰਨਾ 72 ਤੋਂ ਲੈ ਕੇ ਪੰਨਾ 163 ਤੱਕ ਲਿਖਿਆ ਗਿਆ ਹੈ। ਇਸ ਨਿੱਜੀ ਸਰਵੇਖਣ ਵਿੱਚ ਗਿਆਨ ਸਿੰਘ ਨੇ ਗੁਰੂ ਦੀਆਂ ਯਾਤਰਾਵਾਂ ਦਾ ਬਿਰਤਾਂਤ ਇਤਨੇ ਵਿਸਥਾਰ ਵਿੱਚ ਦਿੱਤਾ ਹੈ ਕਿ ਨਾ ਉਸ ਤੋਂ ਪਹਿਲਾਂ ਅਤੇ ਨਾ ਉਸ ਤੋਂ ਪਿੱਛੋਂ ਅੱਜ ਤੱਕ ਕਿਸੇ ਲੇਖਕ ਨੇ ਉਤਨਾ ਵਿਸਥਾਰ ਦਿੱਤਾ ਹੈ। ਗੁਰੂ ਜੀ ਜਿਸ ਰਸਤੇ ਜਾ ਰਹੇ ਹੁੰਦੇ ਹਨ ਉਸ ਰਸਤੇ ਦਾ ਹਰ ਪਿੰਡ, ਹਰ ਨਦੀ-ਨਾਲਾ, ਹਰ ਜੰਗਲ ਅਤੇ ਹਰ ਠਹਿਰਾਅ ਸਭ-ਕੁਝ ਦੱਸਿਆ ਗਿਆ ਹੈ। ਕਿੰਨਾ ਲੋਕਾਂ ਨਾਲ, ਕਿੰਨਾ ਸੰਤ-ਫ਼ਕੀਰਾਂ ਨਾਲ, ਜਾਂ ਕਿੰਨਾ ਸਥਾਨਕ ਰਾਜੇ-ਮਹਾਰਾਜਿਆਂ, ਨਵਾਬਾਂ ਆਦਿ ਨਾਲ ਗੁਰੂ ਜੀ ਦੀਆਂ ਵਿਚਾਰਾਂ ਹੁੰਦੀਆਂ ਸਨ, ਪੂਰੇ ਵਿਸਥਾਰ ਵਿੱਚ ਬਿਆਨੀਆਂ ਗਈਆਂ ਹਨ। ਗਿਆਨ ਸਿੰਘ ਨਿਰਮਲਾ ਸੰਤ ਵਿਦਵਾਨ ਸੀ। ਪੰਡਤ ਤਾਰਾ ਸਿੰਘ ਨਰੋਤਮ ਦੀ ਅਗਵਾਈ ਹੇਠ ਪਟਿਆਲੇ ਵਿਖੇ ਰਹਿ ਕੇ ਜਿਨ੍ਹਾਂ ਵੀ ਕੰਮ ਗੁਰਮਤਿ ਬਾਰੇ ਅਤੇ ਗੁਰ ਇਤਿਹਾਸ ਬਾਰੇ ਕੀਤਾ ਗਿਆ ਸੀ ਇਹ ਸਭ ਗਿਆਨੀ ਗਿਆਨ ਸਿੰਘ ਵੱਲੋਂ ਕੀਤਾ ਗਿਆ ਸੀ। ਗਿਆਨ ਸਿੰਘ ਦਾ ਕੰਮ ਪਹਿਲਾਂ ਕਵਿਤਾ ਵਿੱਚ ਸੀ ਪਰ ਪਿੱਛੋਂ ਇਹ ਸਾਰਾ ਕੰਮ ਗੁਰਮੁਖੀ ਵਾਰਤਕ ਵਿੱਚ ਲਿਖਿਆ ਗਿਆ ਸੀ। ਬੇਸ਼ੱਕ ਗਿਆਨ ਸਿੰਘ ਤੋਂ ਪਿੱਛੋਂ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਬਾਰੇ ਕੁਝ-ਇੱਕ ਪੰਜਾਬੀ ਸਾਹਿਤਕਾਰਾਂ ਵੱਲੋਂ ਜ਼ਰੂਰ ਲਿਖਿਆ ਗਿਆ ਹੈ ਜਿਵੇਂ ਕਿ ਸੁਰਿੰਦਰ ਸਿੰਘ ਕੋਹਲੀ ਅਤੇ ਪ੍ਰੋ. ਸਾਹਿਬ ਸਿੰਘ ਵੱਲੋਂ। ਡਾ. ਫੌਜਾ ਸਿੰਘ ਅਤੇ ਡਾ. ਕਿਰਪਾਲ ਸਿੰਘ ਵੱਲੋਂ ਵੀ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਦੀ ਐਟਲਸ ਤਿਆਰ ਕੀਤੀ ਗਈ ਹੈ। ਇਸ ਐਟਲਸ ਵਿੱਚ ਗੁਰੂ ਜੀ ਦੀਆਂ ਯਾਤਰਾਵਾਂ ਦੇ ਬਾਕਾਇਦਾ ਨਕਸ਼ੇ ਤਿਆਰ ਕਰਕੇ ਦਿੱਤੇ ਗਏ ਹਨ। ਇਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਛਾਪਿਆ ਹੋਇਆ ਹੈ। ਪਰ ਇਸ ਐਟਲਸ ਵਿੱਚ ਵੀ ਗਿਆਨੀ ਗਿਆਨ ਸਿੰਘ ਜਿਨਾ ਵਿਸਥਾਰ ਨਹੀਂ ਹੈ ਅਤੇ ਨਾ ਹੀ ਇਹ ਐਟਲਸ ਨਿੱਜੀ ਜਾਂ ਗਰੁੱਪ ਸਰਵੇਖਣ 'ਤੇ ਆਧਾਰਤ ਹੈ। ਅੱਜ ਲੋੜ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਮੁੱਚੀਆਂ ਯਾਤਰਾਵਾਂ ਦਾ ਸਰਵੇਖਣ ਕਰਵਾਇਆ ਜਾਵੇ ਅਤੇ ਉਸ ਦੀ ਵਿਆਖਿਆ ਗੁਰਬਾਣੀ ਦੇ ਆਧਾਰ ਤੇ ਕਰਵਾਈ ਜਾਵੇ। ਕਿਉਂਕਿ ਯਾਤਰਾਵਾਂ ਦੇ ਸੰਬੰਧ ਵਿੱਚ ਐਸੀਆਂ ਕੁਝ-ਇੱਕ ਗੱਲਾਂ ਸੁੱਤੇ-ਸਿੱਧ ਹੀ ਲਿਖਤੀ ਵਿਆਖਿਆ ਵਿੱਚ ਆ ਜਾਂਦੀਆਂ ਹਨ ਜਿਹਨਾਂ ਦੀ ਵਿਆਖਿਆ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ। ਜਿਵੇਂ ਕਿ ਜਨਮਸਾਖੀਆਂ ਵਿੱਚ ਯਾਤਰਾਵਾਂ 'ਤੇ ਜਾਣ ਸਮੇਂ ਗੁਰੂ ਜੀ ਵੱਲੋਂ ਵੱਖ-ਵੱਖ ਕਿਸਮ ਦੇ ਧਾਰਨ ਕੀਤੇ ਗਏ ਭੇਖਾਂ ਬਾਰੇ ਲਿਖਿਆ ਗਿਆ ਹੈ। ਇਹ ਭੇਖ ਸਿੱਧੇ ਰੂਪ ਵਿੱਚ ਗੁਰਮਤਿ ਨਾਲ ਮੇਲ ਨਹੀਂ ਖਾਂਦੇ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਆਈਆਂ ਇਹ ਤੁਕਾਂ ਉਪਰੀ-ਨਜ਼ਰੇ ਗੁਰਮਤਿ ਨਾਲ ਮੇਲ ਖਾਂਦੀਆਂ ਨਹੀਂ ਜਾਪਦੀਆਂ ਜਿਵੇਂ ਕਿ;

ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
(ਵਾਰ 1-ਪਉੜੀ 24)

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।।
ਪਹਿਰਿ ਸੰਸਾਰੀ ਕੱਪੜੇ ਮੰਜੀ ਬੈਠਿ
ਕੀਆ ਅਵਤਾਰਾ।। (ਵਾਰ 1, ਪਉੜੀ 38)

ਇਨ੍ਹਾਂ ਤੁਕਾਂ ਦੀ ਵਿਆਖਿਆ ਗੁਰਬਾਣੀ ਦੇ ਨਜ਼ਰੀਏ ਅਨੁਸਾਰ ਹੋਣੀ ਚਾਹੀਦੀ ਹੈ। ਭੇਖਾਂ ਬਾਰੇ, ਉਦਾਸੀ ਧਾਰਨਾ ਬਾਰੇ ਜਾਂ ਸੰਨਿਆਸੀਆਂ ਬਾਰੇ ਗੁਰੂ ਜੀ ਨੇ ਆਪਣਾ ਨਜ਼ਰੀਆ ਆਪਣੇ ਅਨੇਕਾਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੋਇਆ ਹੈ। ਇਸ ਲਈ ਜਨਮਸਾਖੀਆਂ ਵਿਚਲੇ ਭੇਖਾਂ ਅਤੇ ਬਸਤਰਾਂ ਬਾਰੇ ਅਤੇ ਭਾਈ ਗੁਰਦਾਸ ਜੀ ਦੀਆਂ ਉਕਤ ਤੁਕਾਂ ਵਿਚਲੇ ਭੇਖਾਂ ਅਤੇ ਉਦਾਸੀ ਸ਼ਬਦਾਂ ਦੀ ਵਿਆਖਿਆ ਗੁਰਬਾਣੀ ਦੀ ਰੋਸ਼ਨੀ ਵਿੱਚ ਹੋਣੀ ਚਾਹੀਦੀ ਹੈ। ਸਿੱਧ ਗੋਸਟ ਵਿੱਚ ਗੁਰੂ ਜੀ ਨੇ ਸਿੱਖਾਂ ਦੇ ਇਸ ਸਵਾਲ ਦੀ ਵਿਆਖਿਆ ਕਿੰਨੇ ਸੋਹਣੇ ਢੰਗ ਨਾਲ ਕੀਤੀ ਹੈ ਜਦੋਂ ਸਿੱਧ ਗੁਰੂ ਜੀ ਨੂੰ ਇਹ ਪੁੱਛਦੇ ਹਨ ਕਿ ਤੁਸੀਂ ਕਿਸ ਕਰਕੇ ਆਪਣੇ ਘਰ ਨੂੰ ਛੱਡ ਕੇ ਉਦਾਸੀ ਹੋਏ ਹੋ? ਇੱਥੇ ਸ਼ਬਦ ਉਦਾਸੀ ਵੈਰਾਗਤਾ ਦਾ ਪਰਤੀਕ ਹੈ। ਕਿਸ ਕਰਕੇ ਤੁਸੀਂ ਇਹ ਭੇਖ ਧਾਰਨ ਕੀਤਾ ਹੈ। ਤੁਸੀਂ ਕਿਸ ਵਸਤੂ ਦਾ ਵਪਾਰ ਕਰਦੇ ਹੋ ਅਤੇ ਤੁਸੀਂ ਕਿਵੇਂ ਆਪਣੇ ਪੈਰੋਕਾਰਾਂ ਦਾ ਪਾਰ-ਉਤਾਰਾ ਕਰੋਗੇ।

ਕਿਸੁ ਕਾਰਣਿ ਗ੍ਰਿਹਿ ਤਜਿਓ ਉਦਾਸੀ।।
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ।।
ਕਿਸੁ ਵਖਰ ਕੇ ਤੁਮ ਵਣਜਾਰੇ।।
ਕਿਉ ਕਰਿ ਸਾਥੁ ਲੰਘਾਵਹੁ ਪਾਰੇ।।17।।

ਗੁਰੂ ਜੀ ਸਿੱਧਾਂ ਦੇ ਇਸ ਸਵਾਲ ਦਾ ਜਵਾਬ ਆਪਣੇ ਮੱਤ ਅਨੁਸਾਰ ਦਿੰਦੇ ਹਨ। ਗੁਰੂ ਜੀ ਕਹਿੰਦੇ ਹਨ ਉਹ ਸੱਚੇ ਵਿਅਕਤੀਆਂ ਦੀ ਤਲਾਸ਼ ਵਿੱਚ ਘਰੋਂ ਚੱਲੇ ਹਨ। ਇਥੇ ਉਦਾਸੀ ਸ਼ਬਦ ਯਾਤਰਾ ਦਾ ਪਰਤੀਕ ਹੈ। ਉਹ ਸੱਚ ਦੀ ਤਾਲਾਸ਼ ਵਿੱਚ ਇਸ ਭੇਖ ਦੇ ਧਾਰਨੀ ਹੋਏ ਹਨ। ਉਹ ਸੱਚੀ ਵਸਤ ਦੇ ਵਪਾਰੀ ਹਨ ਅਤੇ ਉਹ ਸੱਚੇ ਸਤਿਗੁਰਾਂ ਦੀ ਦਇਆ ਰਾਹੀਂ ਹੀ ਆਪਣੇ ਪੈਰੋਕਾਰਾਂ ਦਾ ਪਾਰ-ਉਤਾਰਾ ਕਰਨਗੇ।

ਗੁਰਮੁਖਿ ਖੋਜਤ ਭਏ ਉਦਾਸੀ।।
ਦਰਸਨ ਕੈ ਤਾਈਂ ਭੇਖ ਨਿਵਾਸੀ।।
ਸਾਚ ਵਖਰ ਕੇ ਹਮ ਵਣਜਾਰੇ।।
ਨਾਨਕ ਗੁਰਮੁਖਿ ਉਤਰਸ ਪਾਰੇ।। (ਪੰਨਾ 939)

ਭਾਵ ਕਿ ਭੇਖ ਅਤੇ ਉਦਾਸੀ ਸ਼ਬਦ ਬਹੁਤ ਭੁਲੇਖਾ ਪਾਊ ਹਨ। ਸਾਨੂੰ ਇਨ੍ਹਾਂ ਦੀ ਵਿਆਖਿਆ ਗੁਰਮਤਿ ਅਨੁਸਾਰ ਹੀ ਕਰਨੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਦੁਨੀਆਂ ਦਾਰ ਸਨ। ਦੁਨੀਆਂਦਾਰਾਂ ਨੂੰ ਸੱਚ ਦੇ ਮਾਰਗ ਤੇ ਪਾਉਣ ਲਈ ਹੀ ਉਹਨਾਂ ਨੇ ਵਿਸ਼ਵ-ਵਿਆਪੀ ਯਾਤਰਾਵਾਂ ਕੀਤੀਆਂ ਸਨ। ਗੁਰੂ ਜੀ ਦੀਆਂ ਇਹ ਯਾਤਰਾਵਾਂ ਸ਼ਾਇਦ ਵਿਸ਼ਵ ਦਾ ਇੱਕ ਰਿਕਾਰਡ ਹਨ। -ਸਮਾਪਤ-




# ਪਾਠਕਾਂ ਦਾ ਨਜ਼ਰੀਆ

## ਨੌਜਵਾਨਾਂ ਦੇ ਦੇਸ਼ ਭਾਰਤ ਦੀ ਬੇਚੈਨ ਜਵਾਨੀ

ਅੱਜ ਸਿਰਫ਼ ਭਾਰਤ ਹੀ ਨਹੀਂ, ਪੂਰੀ ਦੁਨੀਆਂ ਵਿਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਦੁਨੀਆ ਭਰ ਵਿਚ, ਲੋਕਾਂ ਦੀ ਆਬਾਦੀ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਸਦਕਾ ਜਨਮ ਦਰ ਘੱਟ ਹੋਈ ਹੈ ਤੇ ਔਸਤਨ ਉਮਰ ਵਿਚ ਵਾਧਾ ਹੋਣ ਨਾਲ ਬਜ਼ੁਰਗਾਂ ਦੀ ਗਿਣਤੀ ਵੀ ਪਿਛਲੇ ਦਹਾਕਿਆਂ ਨਾਲੋਂ ਵੱਧ ਹੈ। ਭਾਰਤ ਦੀ ਪ੍ਰਜਨਨ ਦਰ 2.1 ਹੈ, ਭਾਵੇਂ ਯੂ ਪੀ. ਵਿਚ ਅਤੇ ਬਿਹਾਰ ਵਿਚ 4-5 ਦੇ ਕਰੀਬ ਹੈ ਤੇ ਪੰਜਾਬ ਦੀ 1.6 ਹੈ। ਬਜ਼ੁਰਗਾਂ ਦੀ ਗਿਣਤੀ 8.6 ਫੀਸਦੀ ਹੈ, ਜਿਨ੍ਹਾਂ ਨੇ ਔਸਤਨ 18 ਸਾਲ ਹੋਰ ਜੀਣਾ ਹੁੰਦਾ ਹੈ, ਮਤਲਬ 78 ਸਾਲ। ਪਰ ਇਨ੍ਹਾਂ ਤਬਦੀਲੀਆਂ ਵਿਚ, ਸਭ ਤੋਂ ਮਹੱਤਵਪੂਰਨ ਆਂਕੜਾ ਹੈ ਕਿ 15 ਤੋਂ 24 ਸਾਲ ਦੀ ਉਮਰ ਦਾ ਪੜਾਅ, ਤਕਰੀਬਨ 20-22 ਫੀਸਦੀ ਹੈ। ਜੇਕਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੀ ਕੁਲ ਆਬਾਦੀ ਦੇ ਹਿਸਾਬ ਨਾਲ, ਭਾਰਤ ਦੀ ਗੱਲ ਕਰੀਏ ਤਾਂ ਇਸ ਮੁਲਕ ਵਿਚ ਸਭ ਤੋਂ ਵੱਧ ਨੌਜਵਾਨ ਹਨ, ਚੀਨ ਤੋਂ ਵੀ ਵੱਧ, ਜਿਥੇ ਜਨਮ ਦਰ ਘੱਟ ਹੈ। ਇਸ ਤਰ੍ਹਾਂ ਇਹ ਮੁਲਕ ਸਭ ਤੋਂ ਜਵਾਨ ਮੁਲਕ ਹੈ। ਭਾਰਤੀਆਂ ਲਈ ਖ਼ੁਸ਼ੀ ਅਤੇ ਤਸੱਲੀ ਵਾਲੀ ਗੱਲ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਕੋਲ ਦੁਨੀਆ ਵਿੱਚੋਂ ਸਭ ਤੋਂ ਉਸਾਰੂ ਉਮਰ ਦੇ ਸਭ ਤੋਂ ਵੱਧ ਨੌਜਵਾਨ ਹਨ। ਇਸ ਦੀ ਦੂਸਰੀ ਤਸਵੀਰ ਵੀ ਹੈ ਕਿ ਇਹ ਨੌਜਵਾਨ ਨਸ਼ਿਆਂ ਵਿਚ, ਸੈਕਸ ਨਾਲ ਜੁੜੀਆਂ ਏਡਜ਼ ਵਰਗੀਆਂ ਸਮੱਸਿਆਵਾਂ ਵਿਚ, ਖ਼ੁਦਕੁਸ਼ੀਆਂ ਵਿਚ ਅਤੇ ਸੜਕ ਹਾਦਸਿਆਂ ਵਰਗੀਆਂ ਵਾਰਦਾਤਾਂ ਵਿਚ ਆਪਣੀ ਸਮਰੱਥਾ ਨੂੰ ਬਰਬਾਦ ਜਾਂ ਖਤਮ ਕਰ ਰਹੇ ਹਨ। ਅੱਡੋ-ਅੱਡ ਲੱਗਣ ਵਾਲੀਆਂ ਇਹ ਚਾਰ ਹੀ ਸਮੱਸਿਆਵਾਂ ਕਿਤੇ ਨਾ ਕਿਤੇ, ਧੁਰ ਅੰਦਰੋਂ ਇੱਕ ਹੀ ਜ਼ਮੀਨ ਦੀ ਉਪਜ ਹਨ ਤੇ ਇਹ ਜ਼ਿੰਦਗੀ ਦੇ ਇਸ ਵਿਸ਼ੇਸ਼ ਪੜਾਅ ਦਾ ਪ੍ਰਗਟਾਵਾ ਹਨ। ਕਹਿਣ ਤੋਂ ਭਾਵ ਕਿ ਇਨ੍ਹਾਂ ਦੇ ਪ੍ਰਗਟਾਵੇ ਪਿੱਛੇ ਕਿਤੇ ਨਾ ਕਿਤੇ ਇਸ ਉਮਰ ਦੀ ਬੇਚੈਨੀ, ਪਰੇਸ਼ਾਨੀ ਅਤੇ ਟੁਕੜੇ-ਟੁਕੜੇ ਹੋਈ ਮਾਨਸਿਕਤਾ ਹੈ। ਦੁਨੀਆ ਦੇ ਇਤਿਹਾਸ ਵਿਚ, ਜੋ ਕੁਝ ਵੀ ਵਧੀਆ, ਸਾਵਾਂ, ਅਗਾਂਹਵਧੂ, ਦੇਸ਼ ਅਤੇ ਸਮਾਜ ਨੂੰ ਉਸਾਰੂ ਲੀਹਾਂ 'ਤੇ ਤੋਰਨ ਵਾਲਾ, ਜ਼ਿਕਰਯੋਗ ਕਾਰਜ ਹੋਇਆ ਹੈ ਤਾਂ ਉਹ ਇਸੇ ਉਮਰ ਦੌਰਾਨ ਹੀ ਹੋਇਆ ਹੈ ਜਾਂ ਉਸ ਦੀਆਂ ਪੈੜਾਂ ਇਸ ਉਮਰ 'ਤੇ ਪੈਣੀਆਂ ਸ਼ੁਰੂ ਹੋਈਆਂ ਹਨ। ਉਹ ਚਾਹੇ ਪੜ੍ਹਾਈ ਹੋਵੇ, ਖੇਡਾਂ, ਵਿਗਿਆਨ ਅਤੇ ਚਾਹੇ ਕਲਾ ਤੇ ਰਾਜਨੀਤੀ। ਅਸੀਂ ਹਰ ਸਾਲ ਆਪਣੇ ਕੁਝ ਕੁ ਨੌਜਵਾਨਾਂ ਦੇ ਕਾਰਨਾਮਿਆਂ 'ਤੇ ਮਾਣ ਕਰਦੇ ਹਾਂ ਭਾਵੇਂ ਨਿਰਾਸ਼ਾ ਵੀ ਹੈ ਤੇ ਨਾਲ ਹੀ ਜਦੋਂ ਹੋਰ ਦੇਸ਼ਾਂ ਨਾਲ ਤੁਲਨਾ ਕਰਦੇ ਹਾਂ ਤਾਂ ਚਾਲੀ-ਪੰਜਾਹ ਲੱਖ ਵਾਲੇ ਦੇਸ਼ ਦੀ ਵਿਸ਼ਵ ਪੱਧਰੀ ਕਾਰਗੁਜ਼ਾਰੀ ਭਾਰਤ ਦਾ ਮੂੰਹ ਚਿੜਾਉਂਦੀ ਨਿਰਾਸ਼ ਵੀ ਕਰਦੀ ਹੈ। ਅਸੀਂ ਆਪਣੀ ਸਭਿਅਤਾ 'ਤੇ ਮਾਣ ਕਰਦੇ ਹਾਂ, ਪਰ ਨਾਲ ਹੀ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਅਸੀਂ ਇਸ ਉਮਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ, ਜਦੋਂ ਇਕ ਕਿਸ਼ੋਰ ਬੱਚਾ ਜਵਾਨੀ ਵਿਚ ਦਾਖਲ ਹੋ ਰਿਹਾ ਹੁੰਦਾ ਹੈ। ਸਾਡੇ ਕੋਲ ਅਜੇ ਵੀ ਇੱਕੋ ਰਾਹ ਦਸੇਰਾ ਹੈ ਕਿ ਨੌਜਵਾਨੀ ਦਾ ਸੰਕਟ ਇਸ ਕਰਕੇ ਹੈ ਕਿ ਉਹ ਧਰਮ ਨਾਲ ਨਹੀਂ ਜੁੜ ਰਹੇ। ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੋ ਗਏ ਨੇ। ਅਸੀਂ ਅਕਸਰ ਹੋਰ ਗੱਲ ਵੀ ਕਹਿੰਦੇ ਹਾਂ ਕਿ ਇਹ ਜ਼ਿੰਮੇਵਾਰ ਨਹੀਂ ਹਨ, ਇਨ੍ਹਾਂ ਨੂੰ ਫੈਸਲਾ ਕਰਨਾ ਨਹੀਂ ਆਉਂਦਾ। ਇਹ ਉਮਰ ਦੇ ਕੱਚੇ ਨੇ, ਸਾਡੀ ਸੁਣਦੇ ਨਹੀਂ ਤੇ ਸਾਡੇ ਤਜਰਬੇ ਤੋਂ ਸਿੱਖਦੇ ਨਹੀਂ। ਸਵਾਲ ਇੱਥੇ ਵੀ ਉਹੀ ਹੈ ਕਿ ਅਸੀਂ ਕਦੇ ਸੁਚੇਤ ਤੌਰ 'ਤੇ ਮਨ ਬਣਾ ਕੇ ਇਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਦਿੱਤੀ ਹੈ ਜਾਂ ਜ਼ਿੰਮੇਵਾਰੀ ਨਿਭਾਉਣੀ ਸਿਖਾਈ ਹੈ? ਕਦੇ ਵੀ ਖ਼ੁਦ ਫੈਸਲੇ ਲੈਣ ਲਈ ਪ੍ਰੇਰਿਤ ਕੀਤਾ ਹੈ? ਇਸ ਸਥਿਤੀ ਅਤੇ ਪੈਦਾ ਹੋਈ ਬੇਚੈਨੀ ਦਾ ਮੂਲ ਸਮਝੀਏ ਤਾਂ ਮਹਿੰਗੀ ਪੜ੍ਹਾਈ, ਜੋ ਕਿ ਕਿਸੇ ਰਾਹ ਨਹੀਂ ਲਾਉਂਦੀ ਤੇ ਬੇਰੁਜ਼ਗਾਰੀ ਹੈ ਜੋ ਭਟਕਾਅ ਵੱਧ ਦੇ ਰਹੀ ਹੈ। ਇਸੇ ਦਾ ਹੀ ਨਤੀਜਾ ਕਹਿ ਸਕਦੇ ਹਾਂ ਕਿ ਜਿੱਥੇ ਕਿਤੇ ਵੀ ਸੰਭਵ ਹੈ, ਨੌਜਵਾਨ ਵਿਦੇਸ਼ਾਂ ਨੂੰ ਦੌੜ ਰਹੇ ਹਨ ਤੇ ਆਪਣੀਆਂ ਸਮਰਥਾਵਾਂ ਨਾਲ ਉਨ੍ਹਾਂ ਮੁਲਕਾਂ ਦੀ ਤਰੱਕੀ ਨੂੰ ਖੰਭ ਲਾ ਰਹੇ ਹਨ। ਅਸੀਂ ਆਪਣੀ ਇਸ ਉਸਾਰੂ ਸੰਭਾਵਨਾ ਭਰਪੂਰ, ਕੁਝ ਕਰਕੇ ਦਿਖਾਉਣ ਵਾਲੀ ਨੌਜਵਾਨੀ ਨੂੰ ਸਾਂਭ ਨਹੀਂ ਰਹੇ ਤੇ ਇਹ ਆਪਣੀ ਕਾਬਲੀਅਤ ਦਿਖਾਉਣ ਲਈ ਵਿਦੇਸ਼ੀ ਹੱਥਾਂ ਵਿਚ ਆਪਣੇ ਆਪ ਨੂੰ ਵੱਧ ਸੁਰੱਖਿਅਤ ਸਮਝਦੀ ਹੈ।

*-ਡਾ. ਸ਼ਿਆਮ ਸੁੰਦਰ ਦੀਪਤੀ*

## ਅੰਧਵਿਸ਼ਵਾਸਾਂ ਵਿਚ ਜਕੜਿਆ ਮਨੁੱਖ

ਆਧੁਨਿਕ ਤਕਨੀਕ ਰਾਹੀਂ ਜਿੱਥੇ ਮਨੁੱਖ ਪਹਿਲਾਂ ਨਾਲੋਂ ਵੱਧ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਹੈ ਉੱਥੇ ਅੰਧਵਿਸ਼ਵਾਸੀ ਵੀ ਹੋ ਗਿਆ ਹੈ। ਅੱਜਕਲ ਸਵੇਰੇ ਟੈਲੀਵਿਜ਼ਨ ਚਲਾਓ ਤਾਂ ਰਾਸ਼ੀਫਲ ਅਤੇ ਦਿਨ ਦੇ ਚੰਗੇ-ਮਾੜੇ ਹੋਣ ਦੀ ਭਵਿੱਖਬਾਣੀ ਕਰਦੇ ਹੋਏ ਕਈ 'ਵਿਦਵਾਨ' ਦੇਖੇ ਜਾ ਸਕਦੇ ਹਨ। ਅੱਜ ਦੇ ਦਿਨ ਇਸ ਰੰਗ ਦਾ ਕੱਪੜਾ ਪਾਉਣਾ ਸ਼ੁਭ ਰਹੇਗਾ ਅਤੇ ਇਸ ਸਥਾਨ ਦੀ ਯਾਤਰਾ, ਜੀਵਨ ਵਿਚ ਤਰੱਕੀ ਦੇ ਰਾਹ ਖੋਲ੍ਹ ਦੇਵੇਗੀ, ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਪੜ੍ਹੇ-ਲਿਖੇ ਲੋਕ ਵੀ ਇਹਨਾਂ ਪਿੱਛੇ ਲੱਗ ਜਾਂਦੇ ਹਨ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਟੈਲੀਵਿਜ਼ਨ ਵਿਚ ਵਿਗਿਆਨਕ ਸੋਚ ਨੂੰ ਅੱਗੇ ਵਧਾਉਣ ਵਾਲੇ ਪ੍ਰੋਗਰਾਮ ਵੀ ਆਉਂਦੇ ਹਨ ਪਰ ਬਹੁਤੇ ਲੋਕ ਤਾਂ ਬਾਬਿਆਂ ਦੇ ਪ੍ਰਵਚਨ ਸੁਣਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਇੰਟਰਨੈੱਟ ਰਾਹੀਂ ਆਪਣਾ ਭਵਿੱਖ ਜਾਣਨਾ, ਫੇਸਬੁੱਕ ਤੇ ਪਿਛਲੇ ਜਨਮ ਦਾ ਰਾਜ਼ ਜਾਣਨਾ, ਪਿਛਲੇ ਜਨਮ ਵਿਚ ਹੋਈ ਮੌਤ ਦੇ ਕਾਰਨ ਲੱਭਣਾ, ਅਗਲੇ ਜਨਮ ਵਿਚ ਹੋਣ ਵਾਲੇ ਘਟਨਾਕ੍ਰਮ ਬਾਰੇ ਜਾਣਕਾਰੀ ਹਾਸਲ ਕਰਨਾ ਆਦਿਕ ਗ਼ੈਰਜ਼ਰੂਰੀ ਕੰਮ ਕਰਦੇ ਹੋਏ ਹਜ਼ਾਰਾਂ ਪੜ੍ਹੇ-ਲਿਖੇ ਲੋਕਾਂ ਨੂੰ ਦੇਖਿਆ ਜਾ ਸਕਦਾ ਹੈ।

ਵਟਸਐਪ ਉੱਪਰ ਅਜਿਹੇ ਸੰਦੇਸ਼ ਫੈਲਾਉਣਾ ਜਿਹਨਾਂ ਵਿਚ ਅੰਧਵਿਸ਼ਵਾਸਾਂ ਨੂੰ ਪ੍ਰਮੋਟ ਕੀਤਾ ਗਿਆ ਹੋਵੇ। ਕਿਸੇ ਧਾਰਮਕ ਥਾਂ ਤੋਂ ਚੱਲੇ ਕਿਸੇ ਗ਼ੈਰਜ਼ਰੂਰੀ ਸੰਦੇਸ਼ ਨੂੰ ਅੱਗੇ ਘੱਲਣ ਲਈ ਆਖਣਾ। ਨਾ ਘੱਲਣ ਦੀ ਸੂਰਤ ਵਿਚ ਨੁਕਸਾਨ ਹੋਣ ਦੀ ਚਿਤਾਵਨੀ ਦੇਣਾ ਅਤੇ ਘੱਲ ਦੇਣ ਦੀ ਸੂਰਤ ਵਿਚ ਲਾਭ ਮਿਲਣਾ, ਇਹ ਸਭ ਕੁਝ ਅੱਜ ਦੇ ਦੌਰ ਵਿਚ ਆਮ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ। ਉਂਝ ਅਜੋਕਾ ਮਨੁੱਖ ਆਪਣੇ ਆਪ ਨੂੰ ਇੱਕੀਵੀਂ ਸਦੀ ਦਾ ਅਗਾਂਹਵਧੂ ਮਨੁੱਖ ਬਣਾ ਕੇ ਪੇਸ਼ ਕਰਦਾ ਹੈ, ਪਰ! ਅਜਿਹੀਆਂ ਕਾਰਵਾਈਆਂ ਨਿੱਤ ਦਿਹਾੜੀ ਹੁੰਦੀਆਂ ਰਹਿੰਦੀਆਂ ਹਨ।ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਮਿਹਨਤ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਸਫ਼ਲਤਾ ਹਾਸਲ ਕੀਤੀ ਜਾ ਸਕੇ। ਦੂਜੀ ਗੱਲ, ਟੈਲੀਵਿਜ਼ਨ ਉੱਤੇ ਪ੍ਰਵਚਨ ਕਰ ਰਹੇ ਬਾਬੇ ਕੋਲ ਜੇ ਇੰਨੀ ਤਾਕਤ ਹੁੰਦੀ ਤਾਂ ਉਹ ਟੈਲੀਵਿਜ਼ਨ ਉੱਪਰ ਪ੍ਰਵਚਨ ਕਰਨ ਲਈ ਉਪਰਾਲੇ ਨਾ ਕਰਦਾ, ਆਪਣੀ ਸ਼ਕਤੀ ਰਾਹੀਂ ਵਧੀਆ ਜੀਵਨ ਬਤੀਤ ਕਰਦਾ। ਜਾਦੂਗਰ ਜੇਕਰ ਇਕ ਰੁਪਏ ਦੇ ਹਜ਼ਾਰ ਰੁਪਏ ਬਣਾ ਸਕਦਾ ਤਾਂ ਉਸਨੂੰ ਕੀ ਜ਼ਰੂਰਤ ਸੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਘੁੰਮ ਕੇ ਜਾਦੂ ਦਿਖਾਉਣ ਦੀ। ਉਹ ਕਿਸੇ ਚੰਗੇ ਸ਼ਹਿਰ ਵਿਚ ਰਹਿ ਕੇ ਵਧੀਆ ਜੀਵਨ ਜੀਉਂਦਾ। ਪਰ ਇਹ ਸਭ ਅਸਲ ਹਕੀਕਤ ਤੋਂ ਕੋਹਾਂ ਦੂਰ ਹੈ, ਅੱਖਾਂ ਦਾ ਭਰਮ ਹੈ, ਵਹਿਮ ਹੈ। ਇਹ ਸਭ ਲੋਕਾਂ ਨੂੰ ਮੂਰਖ਼ ਬਣਾਉਣ ਦੀਆਂ ਚਾਲਾਂ ਹਨ। ਚਲਾਕ ਅਤੇ ਪਾਖੰਡੀ ਲੋਕ ਆਧੁਨਿਕ ਕਾਢਾਂ ਰਾਹੀਂ ਬਹੁਤ ਆਸਾਨੀ ਨਾਲ ਆਮ ਲੋਕਾਂ ਨੂੰ ਮੂਰਖ਼ ਬਣਾ ਲੈਂਦੇ ਹਨ। ਇਹਨਾਂ ਤੋਂ ਬਚਣ ਦੀ ਜ਼ਰੂਰਤ ਹੈ ਤਾਂ ਕਿ ਜੀਵਨ ਵਿਚ ਕਿਸੇ ਹਾਦਸੇ ਤੋਂ ਬਚਿਆ ਜਾ ਸਕੇ।

*-ਡਾ. ਨਿਸ਼ਾਨ ਸਿੰਘ ਰਾਠੌਰ*

## ਸਾਡੀਆਂ ਸਰਕਾਰਾਂ ਜ਼ਾਲਮ ਕਿਉਂ ਹਨ?

ਰਾਜ ਚਾਹੇ ਬਾਦਸ਼ਾਹ ਦਾ ਜਾਂ ਲੋਕ ਰਾਜ ਦਾ ਹੀ ਹੋਵੇ, ਹਕੂਮਤ ਕਰਦੀ ਜੁੰਡਲੀ ਕੋਲ ਬਹੁਤ ਤਾਕਤ ਆ ਜਾਂਦੀ ਹੈ। ਅਥਾਹ ਸਿਆਸੀ ਤਾਕਤ ਜਾਂ ਪੈਸਾ ਚੰਗੇ ਤੋਂ ਚੰਗੇ ਇਨਸਾਨ ਨੂੰ ਵੀ ਵਿਗਾੜ ਦਿੰਦਾ ਹੈ। ਤਾਨਾਸ਼ਾਹ ਬਣਾ ਦਿੰਦਾ ਹੈ। ਭਾਰਤ ਵਿਚ ਕਾਨੂੰਨ ਬਣਾਉਣ ਵਾਲਿਆਂ ਥੱਲੇ ਕਾਨੂੰਨ ਲਾਗੂ ਕਰਨ ਵਾਲੇ ਹਨ।

ਜਦ 1984 ਵਿਚ ਕਾਂਗਰਸ ਦੇ ਰਾਜ ਵਿਚ ਸਿੱਖਾਂ ਉੱਤੇ ਦਿੱਲੀ ਵਿਚ ਜ਼ੁਲਮ ਢਾਇਆ ਗਿਆ ਸੀ, ਤਦ ਕੋਈ ਲੋਕਾਂ ਦਾ ਖ਼ਾਸ ਰੋਹ ਨਹੀਂ ਉੱਠਿਆ ਸੀ। ਇਸੇ ਤਰ੍ਹਾਂ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਨੇ ਮੁਸਲਮਾਨਾਂ ਨਾਲ ਕੀਤੀ। ਧਰਮ ਦੇ ਅਧਾਰ 'ਤੇ ਲੋਕਾਂ ਉੱਤੇ ਅਤਿਆਚਾਰ ਕਰਨਾ ਲੋਕਾਂ ਦੀ ਮੁੱਢਲੀ ਅਜ਼ਾਦੀ 'ਤੇ ਹਮਲਾ ਹੀ ਨਹੀਂ, ਸਗੋਂ ਗੈਰ ਇਨਸਾਨੀਅਤ ਵੀ ਹੈ। ਪੰਜਾਬ ਵੱਲ ਜਦ ਝਾਤੀ ਮਾਰਦੇ ਹਾਂ, ਉੱਥੇ ਅਕਾਲੀ ਅਤੇ ਕਾਂਗਰਸ ਸਰਕਾਰਾਂ ਨੇ ਪਹਿਲਾਂ ਨਕਸਲਵਾੜੀਆਂ ਅਤੇ ਫਿਰ ਖ਼ਾਲਿਸਤਾਨੀਆਂ ਤੇ ਅਕਹਿ ਜ਼ੁਲਮ ਢਾਹੇ। ਪਰ ਵੰਡੇ ਹੋਏ ਲੋਕਾਂ ਵਿਚ ਇਨ੍ਹਾਂ ਜ਼ੁਲਮਾਂ ਵਿਰੁੱਧ ਕੋਈ ਵੱਡੀ ਲਹਿਰ ਨਹੀਂ ਉੱਠ ਸਕੀ। ਪੁਲੀਸ ਮੁਕਾਬਲਾ ਬਣਾ ਕੇ ਲੋਕਾਂ ਨੂੰ ਮਾਰਨ ਦੀ, ਚਾਹੇ ਉਹ ਨਕਸਲਵਾੜੀ ਸੀ ਜਾਂ ਖ਼ਾਲਿਸਤਾਨੀ, ਕਾਨੂੰਨ ਇਜਾਜ਼ਤ ਨਹੀਂ ਦਿੰਦਾ। ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਜੇ ਕਿਸੇ ਨੇ ਗੈਰਕਾਨੂੰਨੀ ਕੰਮ ਕੀਤਾ ਹੋਵੇ, ਤਦ ਉਸ ਨੂੰ ਕਚਿਹਰੀ ਵਿਚ ਲਿਜਾ ਕੇ ਜੱਜ ਦੇ ਫ਼ੈਸਲੇ ਦਾ ਇੰਤਜ਼ਾਰ ਕਰੇ। ਪੁਲੀਸ ਮੁਕਾਬਲੇ ਬਣਾ ਕੇ ਮਾਰਨਾ ਕਤਲ ਕਰਨ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਜੁਰਮ ਹੈ। ਸੱਚ ਇਹ ਹੈ ਕਿ ਸਾਡੀ ਮੁੱਢਲੀ ਅਜ਼ਾਦੀ ਤੱਦ ਹੀ ਕਾਇਮ ਰਹੇਗੀ ਜਦ ਅਸੀਂ ਆਪਣੇ ਵਿਰੋਧੀ ਦੀ ਮੁੱਢਲੀ ਅਜ਼ਾਦੀ ਦੀ ਰਾਖੀ ਕਰੀਏ। ਸਰਕਾਰਾਂ ਤੋਂ ਇਸ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇ ਅਸੀਂ ਏਕਤਾ ਬਣਾ ਕੇ ਆਪਣੇ ਹੱਕਾਂ ਦੀ ਰਾਖੀ ਨਾ ਕਰਾਂਗੇ, ਤਦ ਸਾਡੇ 'ਤੇ ਸਦਾ ਜ਼ੁਲਮ ਢਹਿੰਦੇ ਹੀ ਰਹਿਣਗੇ।

ਅਸੀਂ ਦੇਖਦੇ ਹਾਂ ਕਿ ਭਾਰਤ ਸਰਕਾਰ ਦੀਆਂ ਲੋਕ ਦੋਖੀ ਨੀਤੀਆਂ ਅੱਜ ਵੀ ਚਾਲੂ ਹਨ। ਭਾਰਤ ਵਿਚ ਮੁਸਲਮਾਨ ਗਾਂ ਦਾ ਮਾਸ ਨਹੀਂ ਖਾ ਸਕਦੇ ਜੋ ਉਹ ਸਦੀਆਂ ਤੋਂ ਖਾਂਦੇ ਆਏ ਹਨ। ਬਾਕੀ ਦੁਨੀਆ ਗਾਂ ਦਾ ਮਾਸ ਖਾਂਦੀ ਹੈ, ਭਾਰਤ ਬਾਹਰਲੇ ਦੇਸ਼ਾਂ ਨੂੰ ਗਾਂ ਦਾ ਮਾਸ ਵੇਚਦਾ ਹੈ। ਇਨਸਾਨ ਸ਼ੁਰੂ ਤੋਂ ਜਾਨਵਰਾਂ ਦਾ ਮਾਸ ਖਾਂਦਾ ਆ ਰਿਹਾ ਹੈ। ਇੱਥੋਂ ਤਕ ਕਿ ਆਰੀਆ ਲੋਕ ਵੀ ਗਾਂ ਦਾ ਮਾਸ ਖਾਂਦੇ ਸਨ। ਪਰ ਹੁਣ ਇਹ ਮੋਦੀ ਦੇ ਚੇਲਿਆਂ ਨੇ ਨਵਾਂ ਫ਼ੁਰਮਾਨ ਜਾਰੀ ਕਰ ਦਿੱਤਾ ਹੈ ਕਿਉਂਕਿ ਹਿੰਦੂ ਗਾਂ ਦਾ ਮਾਸ ਨਹੀਂ ਖਾਂਦੇ, ਇਸ ਲਈ ਬਾਕੀ ਭਾਰਤੀ ਲੋਕ ਵੀ ਗਾਂ ਦਾ ਮਾਸ ਨਹੀਂ ਖਾ ਸਕਦੇ। ਕੁੜੀਆਂ, ਔਰਤਾਂ ਬਾਹਰ ਨਹੀਂ ਜਾ ਸਕਦੀਆਂ। ਉਨ੍ਹਾਂ ਨੂੰ ਸਰੀਰ ਢਕ ਕੇ ਬਾਹਰ ਜਾਣਾ ਚਾਹੀਦਾ ਹੈ। ਦੂਜੇ ਪਾਸੇ ਬਿਲਕੁਲ ਨੰਗੇ ਸਾਧਾਂ ਨੂੰ ਤੁਰਨ ਫਿਰਨ ਦੀ ਅਜ਼ਾਦੀ ਹੈ, ਕਿਉਂਕਿ ਉਹ ਮਰਦ ਹਨ। ਮੰਦਰਾਂ ਵਿਚ ਨੰਗੇਜ਼ ਚਿੱਤਰਕਾਰੀਆਂ ਦੇਖਣ ਵਿਚ ਕੋਈ ਹਰਜ਼ ਨਹੀਂ। ਤਰਕਸ਼ੀਲ ਇਨਸਾਨਾਂ ਦਾ ਕਤਲ ਇਸ ਲਈ ਕੀਤਾ ਜਾ ਰਿਹਾ ਹੈ ਕਿ ਉਹ ਤਰਕ ਦੀ ਗੱਲ ਕਰਦੇ ਹਨ। ਮੋਦੀ ਮੂੰਹ ਰੱਖਣ ਲਈ ਬਿਆਨ ਦੇ ਦਿੰਦਾ ਹੈ ਪਰ ਆਰ.ਐੱਸ.ਐੱਸ. ਦੇ ਬੰਦੇ ਹੱਥ ਵਿਚ ਕਾਨੂੰਨ ਲੈ ਕੇ ਜਿਸ ਨੂੰ ਚਾਹੁਣ ਕੁੱਟ ਮਾਰ ਕਰ ਸਕਦੇ ਹਨ। ਇਹੋ ਜਿਹੀ ਹਾਲਤ ਜਰਮਨੀ ਵਿਚ ਵੀ ਹੋਈ ਸੀ, ਜਦ ਹਿਟਲਰ ਨੇ ਤਾਕਤ ਫੜੀ ਸੀ। ਉਸ ਨੇ ਲੋਕਾਂ ਨੂੰ ਇਕੱਲੇ ਇਕੱਲੇ ਕਰਕੇ ਮਾਰਿਆ ਸੀ। ਉੱਥੇ ਵੀ ਲੋਕਾਂ ਵਿਚ ਮੁੱਢਲੇ ਹੱਕਾਂ ਲਈ ਏਕਤਾ ਨਹੀਂ ਬਣ ਸਕੀ ਸੀ। ਭਾਰਤ ਹਿਟਲਰਵਾਦੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਜਦ ਪੂਰਾ ਤਾਨਾਸ਼ਾਹੀ ਦਾ ਰਾਜ ਭਾਰਤ ਵਿਚ ਰਾਜ ਆ ਜਾਵੇਗਾ, ਉਹ ਹਿੰਦੂ ਵੀ ਪਛਤਾਉਣਗੇ, ਜੋ ਅੱਜ ਮੋਦੀ ਦੇ ਹਾਮੀ ਹਨ, ਜਿਸ ਤਰ੍ਹਾਂ ਜਰਮਨੀ ਵਿਚ ਇਕ ਪਾਦਰੀ ਨੇ ਬਾਅਦ ਵਿਚ ਪਛਤਾਵਾ ਕੀਤਾ ਸੀ:

ਪਹਿਲਾਂ ਉਹ ਕਮਿਊਨਿਸਟਾਂ ਲਈ ਆਏ, ਤੇ ਮੈਂ ਕੁਝ ਨਾ ਬੋਲਿਆ, ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ। ਫਿਰ ਉਹ ਟਰੇਡ ਯੂਨੀਅਨਾਂ ਲਈ ਆਏ, ਤੇ ਮੈਂ ਕੁਝ ਨਾ ਬੋਲਿਆ, ਕਿਉਂਕਿ ਮੈਂ ਟਰੇਡ ਯੂਨੀਅਨ ਵਿਚ ਨਹੀਂ ਸੀ। ਫਿਰ ਉਹ ਯਹੂਦੀਆਂ ਲਈ ਆਏ, ਤੇ ਮੈਂ ਕੁਝ ਨਾ ਬੋਲਿਆ, ਕਿਉਂਕਿ ਮੈਂ ਯਹੂਦੀ ਨਹੀਂ ਸੀ। ਫਿਰ ਉਹ ਮੇਰੇ ਲਈ ਆਏ, ਤੇ ਉਸ ਵੇਲੇ ਹੋਰ ਕੋਈ ਨਹੀਂ ਸੀ, ਜੋ ਮੇਰੇ ਹੱਕ ਵਿਚ ਬੋਲਦਾ - ਪਾਦਰੀ ਮਾਰਟਨ ਨਿਮੋਲਰ, ਜਰਮਨੀ।

*-ਜਗਤਾਰ ਸਹੋਤਾ*

## ਪੰਜਾਬ ਵਿਚ ਸਿਆਸੀ ਆਪਾ-ਧਾਪੀ ਵਾਲਾ ਮਾਹੌਲ

ਪੰਜਾਬ ਵਿਚ ਸਿਆਸੀ ਆਪਾ-ਧਾਪੀ ਵਾਲਾ ਮਾਹੌਲ ਬਣ ਗਿਆ ਹੈ। ਕਿਸੇ ਵੀ ਮੁਲਕ ਜਾਂ ਸੂਬੇ ਵਿਚ ਸਿਆਸੀ ਸਥਿਰਤਾ ਵਿਕਾਸ ਵਿਚ ਵੱਡਾ ਰੋਲ ਅਦਾ ਕਰਦੀ ਹੈ ਜਦੋਂ ਕਿ ਸਿਆਸੀ ਅਸਥਿਰਤਾ ਅਫ਼ਰਾ-ਤਫ਼ਰੀ ਦਾ ਮਾਹੌਲ ਸਿਰਜ ਦਿੰਦੀ ਹੈ। ਪੰਜਾਬ ਵਿਚ ਰੇਤ-ਬੱਜਰੀ ਮਾਫ਼ੀਆ, ਨਸ਼ਾ ਤਸਕਰੀ, ਗੈਂਗਸਟਰ ਰਾਜ, ਟ੍ਰਾਂਸਪੋਰਟ ਮਾਫ਼ੀਆ, ਹਰ ਤਰ੍ਹਾਂ ਦੇ ਮੁਨਾਫ਼ੇ ਦਾ ਰੁਖ਼ ਸਿਆਸੀ ਤਾਕਤ ਵੱਲ; ਆਦਿ ਮੁੱਖ ਰਹੇ ਹਨ ਜਿਸ ਦੇ ਸਿੱਟੇ ਵਜੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਦੋ ਡੰਗ ਦੀ ਰੋਟੀ ਖਾਣ ਵਾਲੇ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀਆਂ ਦੇ ਰਾਹ ਪਏ, ਤੇ ਪੰਜਾਬ ਦੀ ਨੌਜਵਾਨੀ ਵਿਦੇਸ਼ਾਂ ਵੱਲ ਮੂੰਹ ਕਰ ਚੁੱਕੀ ਹੈ। ਆਰਥਿਕ ਤੰਗੀ ਅਤੇ ਨਸ਼ਿਆਂ ਦੀ ਓਵਰਡੋਜ਼ ਕਾਰਨ ਨਿੱਤ ਦਿਹਾੜੇ ਪੰਜਾਬ ਵਿਚ ਸਿਵੇ ਬਲ਼ਦੇ ਹਨ। ਜੇ ਸਿਆਸੀ ਆਪਾ-ਧਾਪੀ ਇਸੇ ਤਰ੍ਹਾਂ ਰਹੀ ਤਾਂ ਵਿਕਾਸ ਪੱਖੋਂ ਪੰਜਾਬ ਦੇ ਹੋਰ ਨਿਵਾਣਾਂ ਵੱਲ ਜਾਣ ਦੇ ਦਿਨ ਦੇਖਣੇ ਪੈਣਗੇ।

*-ਗੁਰਦੀਪ ਸਿੰਘ*

## ਕਾਲਾ ਧਨ ਪੈਦਾ ਕਰਨ ਵਾਲੇ ਸਾਰੇ ਸੋਮਿਆਂ ਨੂੰ ਬੰਦ ਕਿਉਂ ਨਹੀਂ ਕੀਤਾ ਜਾਂਦਾ?

ਸਾਲ 2005 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਸਾਲਾਨਾ 21,068 ਕਰੋੜ ਰੁਪਏ ਰਿਸ਼ਵਤਖ਼ੋਰੀ ਦੇ ਰੂਪ ਵਿਚ ਵੱਡੇ ਬੇਈਮਾਨਾਂ ਦੀਆਂ ਜੇਬਾਂ ਵਿਚ ਜਾਂਦੇ ਹਨ।

ਸਾਲ 2009 ਵਿਚ ਭਾਰਤ ਭ੍ਰਿਸ਼ਟਾਚਾਰ ਸੂਚਕ ਅੰਕ ਵਿਚ 84ਵੇਂ ਸਥਾਨ 'ਤੇ ਸੀ ਜਦੋਂਕਿ ਸਾਲ 2010 ਵਿਚ ਤਿੰਨ ਸਥਾਨ ਹੋਰ ਹੇਠਾਂ ਆ ਗਿਆ ਯਾਨੀ 87ਵੇਂ 'ਤੇ ਆ ਗਿਆ। ਰਿਪੋਰਟਾਂ ਮੁਤਾਬਿਕ ਘਪਲਿਆਂ ਜਿਵੇਂ ਸਤਿਅਮ ਕੰਪਿਊਟਰਜ਼, 2 ਜੀ ਸਪੈਕਟ੍ਰਮ, ਰਾਸ਼ਟਰ ਮੰਡਲ ਖੇਡਾਂ, ਮੁੰਬਈ ਆਦਰਸ਼ ਹਾਊਸਿੰਗ ਸੁਸਾਇਟੀ, ਮਈ 2010 ਦਾ ਆਈ.ਪੀ.ਐੱਲ. ਘੁਟਾਲਾ, 35000 ਕਰੋੜ ਰੁਪਏ ਦਾ ਤੇਲਗੀ ਸਟੈਂਪ ਪੇਪਰ ਘੁਟਾਲਾ, ਸ਼ੇਅਰ ਬਾਜ਼ਾਰ ਘੁਟਾਲਾ, ਚੌਲ ਬਰਾਮਦੀ ਘੁਟਾਲਾ ਆਦਿ ਦਾ ਕਾਲਾ ਪੈਸਾ ਸਵਿਸ ਬੈਂਕਾਂ ਵਿਚ ਜਮਾਂ ਹੈ।

8 ਮਾਰਚ, 2009 ਨੂੰ ਜਰਮਨ ਅਧਿਕਾਰੀਆਂ ਨੇ ਜਰਮਨ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦੇ 50 ਭਾਰਤੀ ਖਾਤਾ ਧਾਰਕਾਂ ਦੇ ਨਾਵਾਂ ਦੀ ਸੂਚੀ ਭਾਰਤ ਸਰਕਾਰ ਨੂੰ ਸੌਂਪੀ ਸੀ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕਾਲੇ ਨਾਮ ਨਸ਼ਰ ਕਰ ਦੇਵੇ ਤਾਂ ਕਿ ਭਾਰਤੀ ਜਨਤਾ ਨੂੰ ਕਾਲੀਆਂ ਭੇਡਾਂ ਦਾ ਪਤਾ ਲੱਗ ਸਕੇ। ਭਾਰਤ ਦੀ 126 ਕਰੋੜ ਦੀ ਆਬਾਦੀ ਵਿਚ ਸਿਰਫ਼ 2.5 ਫ਼ੀਸਦੀ ਲੋਕ ਟੈਕਸ ਅਦਾ ਕਰਦੇ ਹਨ। ਅਮਰੀਕਾ ਨੇ ਕਾਲਾ ਧਨ ਜਮ੍ਹਾਂ ਕਰਵਾਉਣ ਵਾਲੇ ਅਮਰੀਕਨਾਂ ਦਾ ਨਾਮ ਸਵਿਸ ਬੈਂਕਾਂ ਪਾਸੋਂ ਪਤਾ ਕਰਵਾ ਕੇ ਸਾਰਾ ਕਾਲਾ ਧਨ ਵਾਪਸ ਮੰਗਵਾ ਲਿਆ ਸੀ। ਭਾਰਤ ਸਰਕਾਰ ਸਵਿੱਸ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਭਲਾ ਪਤਾ ਕਿਉਂ ਨਹੀਂ ਕਰ ਸਕਦੀ? ਜਨ ਲੋਕਪਲ ਬਿਲ ਦੇ ਘੇਰੇ ਵਿਚ ਪ੍ਰਧਾਨ ਮੰਤਰੀ, ਜੱਜ, ਕੇਂਦਰੀ ਅਤੇ ਪ੍ਰਾਂਤਕ ਮੰਤਰੀ, ਸਾਰੇ ਗਜ਼ਟਿਡ ਅਫ਼ਸਰ, ਸਾਰੇ ਕੇਂਦਰੀ ਅਤੇ ਪ੍ਰਾਂਤਕ ਅਫ਼ਸਰ, ਸਾਰੇ ਵਿਧਾਇਕ, ਬੋਰਡਾਂ ਅਤੇ ਨਿਗਮਾਂ ਦੇ ਸਾਰੇ ਚੇਅਰਮੈਨ ਆਦਿ ਆਉਣੇ ਚਾਹੀਦੇ ਹਨ। ਸੰਵਿਧਾਨ ਦੀ ਧਾਰਾ 131 ਜਿਸ ਵਿਚ ਭ੍ਰਿਸ਼ਟਾਚਾਰੀ ਬੰਦੇ ਵਿਰੁੱਧ ਕੇਸ ਦਰਜ ਕਰਨ ਲਈ ਉੱਪਰੋਂ ਆਗਿਆ ਲੈਣੀ ਪੈਂਦੀ ਹੈ, ਮਨਸੂਖ਼ ਕੀਤੀ ਜਾਵੇ।

ਭੁੱਖਮਰੀ ਲੋਕਤੰਤਰੀ ਪ੍ਰਣਾਲੀ ਲਈ ਲਾਹਣਤ ਹੈ। ਭਾਰਤ ਵਿਚ 75 ਕਰੋੜ ਤੋਂ ਵੱਧ ਲੋਕ ਸਿਰਫ਼ ਪ੍ਰਤੀ ਦਿਨ 20 ਰੁਪਏ ਨਾਲ ਗੁਜ਼ਾਰਾ ਕਰਦੇ ਹਨ। ਸਰਕਾਰਾਂ ਦਾ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਹੈ। ਅਜਿਹੇ ਪੈਸੇ ਨੂੰ ਵਾਪਸ ਲਿਆ ਕਿ ਇਸ ਤਰਫ਼ ਧਿਆਨ ਦਿੱਤਾ ਜਾ ਸਕਦਾ ਹੈ। ਸਵਿਸ ਬੈਂਕਾਂ ਵਿਚ ਅਰਬਾਂ ਰੁਪਇਆਂ ਦਾ ਕਾਲਾ ਧਨ ਦੇਸ਼ ਵਿਚ ਵਾਪਸ ਲਿਆਉਣ ਲਈ ਯਤਨਾਂ ਦੇ ਨਾਲ-ਨਾਲ ਚਿੰਤਾ ਇਨ੍ਹਾਂ ਗੱਲਾਂ ਦੀ ਵੀ ਹੈ ਕਿ ਕਾਲਾ ਧਨ ਪੈਦਾ ਕਰਨ ਵਾਲੇ ਸਾਰੇ ਸੋਮਿਆਂ ਨੂੰ ਬੰਦ ਕਿਉਂ ਨਹੀਂ ਕੀਤਾ ਜਾਂਦਾ? ਸੰਪਤੀ ਪੈਦਾ ਕਰਨ ਦੇ ਮੁੱਖ ਸਾਧਨ ਸਰਕਾਰ ਅਤੇ ਜਨ ਸ਼ਕਤੀ ਦੇ ਕੰਟਰੋਲ ਹੇਠਾਂ ਹੋਣ।

*-ਪ੍ਰੋ. ਹਮਦਰਦਵੀਰ ਨੌਸ਼ਹਿਰਵੀ*

## ਬੁੱਝੋ ਭਲਾਂ ਕੌਣ ?

**ਕੇਵਲ ਸਿੰਘ ਧਰਮਪੁਰਾ**
98788 01561

ਆਈ ਜਾਂਦੇ ਜਾਈ ਜਾਂਦੇ
ਦੇਸ ਆਪਣੇ ਨੂੰ ਖਾਈ ਜਾਂਦੇ
ਇੱਕ ਦੂਜੇ ਦੇ ਜੁੱਤੀਆਂ ਮਾਰੋ
ਸਿਸ਼ਟਾਚਾਰ ਸਿਖਾਈ ਜਾਂਦੇ
ਬੁੱਝ ਭਲਾਂ ਕੌਣ ?
ਭਾਸ਼ਣ ਦਿੰਦੇ , ਬਾਤਾਂ ਪਾਉਂਦੇ
ਗੱਲਾਂ ਨਾਲ਼ ਮਹਿਲ ਬਣਾਉਂਦੇ
ਵੱਡੇ ਬੰਗਲੇ, ਮਹਿੰਗੀਆਂ ਕਾਰਾਂ
ਦੇਸ ਦੀ ਪੂੰਜੀ ਨੂੰ ਰਗੜੇ ਲਾਉਂਦੇ
ਬੁੱਝ ਭਲਾਂ .....
ਐਸੀ ਮਿੱਠੀ ਬੀਨ ਵਜਾਉਂਦੇ
ਫੜ ਕੇ ਸੱਪ ਪਟਾਰੀ ਪਾਉਂਦੇ
ਲੋਕਾਂ ਦੇ ਦਿਨ ਕਦੇ ਨਾ ਬਦਲੇ
ਪੰਜ ਸਾਲ ਬਸ ਲਾਰੇ ਲਾਉਂਦੇ
ਬੁੱਝ ਭਲਾਂ .....
ਧਰਮ ਜਾਤ ਦੀ ਲੈ ਕੇ ਆੜ
ਜਨਤਾ ਤਾਈਂ ਦਿੰਦੇ ਪਾੜ
ਮੁੱਦੇ ਹੋਰ ਹੀ ਲੱਭ ਲਿਆਉਂਦੇ
ਅਸਲੀ ਮੁੱਦੇ ਦਿੰਦੇ ਸਾੜ
ਬੁੱਝ ਭਲਾਂ ......
ਨਿੱਤ ਹੀ ਰਹਿੰਦੇ ਰੰਗ ਬਦਲਦੇ
ਖ਼ੂਨ ਚੂਸਣ ਦੇ ਢੰਗ ਬਦਲਦੇ
ਜ਼ਹਿਰ ਤਾਂ ਓਹੀ ਮੌਤ ਵੀ ਓਹੀ
ਰਹਿੰਦੇ ਨੇ ਬਸ ਡੰਗ ਬਦਲਦੇ
ਬੁੱਝ ਭਲਾਂ .......
ਇੱਕ ਦੂਜੇ ਸਿਰ ਘੱਟਾ ਪਾਉਂਦੇ
ਲੋਕੀਂ ਨਾਲ ਸ਼ਰਾਬਾਂ ਨਹਾਉਂਦੇ
ਨਸ਼ੇ ਛੱਡੋ, ਕੋਹੜ ਵੱਢੋ
ਵਿਚੋਂ ਵਿਚੀਂ ਨਾਹਰੇ ਲਾਉਂਦੇ
ਬੁੱਝ ਭਲਾਂ .....
'ਕੇਵਲ' ਗੁੰਡਾ- ਗਰਦੀ, ਧੱਕੇਸ਼ਾਹੀ
ਬੇਸ਼ਰਮੀ ਦੀ ਹੱਦ ਮੁਕਾਈ
ਮਜ਼ਦੂਰ, ਕਿਸਾਨ, ਅਧਿਆਪਕ
ਹਰ ਵਰਗ ਤੇ ਡਾਂਗ ਵਰ੍ਹਾਈ
ਬੁੱਝ ਭਲਾਂ ਕੌਣ ?

### ਮਿੰਨੀ ਕਹਾਣੀ

## ਪੂਰਵਜ਼

**-ਇਕਵਾਕ ਸਿੰਘ ਪੱਟੀ**
ਮੋ. 9815024920

ਉਜਗਾਰ ਸਿੰਘ ਆਪਣੇ ਆੜੀ ਬੰਤਾ ਸਿਹੁੰ ਨੂੰ ਆਖਣ ਲੱਗਾ, 'ਬਈ ਆਪਾਂ ਤਾਂ ਪੜ੍ਹਿਆ ਸੁਣਿਆ ਹੈ ਕਿ ਸਾਡੇ ਪੂਰਵਜ਼ 'ਬਾਂਦਰ' ਹੁੰਦੇ ਸਨ, ਜਿਸ ਤੋਂ ਬਾਅਦ ਅੱਗੇ-ਅੱਗੇ ਵਿਕਾਸ ਹੁੰਦਾ ਗਿਆ ਤੇ ਮਨੁੱਖ ਹੋਂਦ ਵਿੱਚ ਆਇਆ, ਪਰ ਭਵਿੱਖ ਵਿੱਚ ਜੁਆਕ ਜਦੋਂ ਆਪਣੇ ਬਾਪ ਦਾਦੇ ਦੀਆਂ ਫ਼ੋਟੋਆਂ ਦੇਖਿਆ ਕਰਨਗੇ ਤਾਂ ਪੂਰੇ ਯਕੀਨ ਨਾਲ ਕਿਹਾ ਕਰਨਗੇ ਕਿ ਸਾਡੇ ਪੁਰਖੇ ਤਾਂ ਵਾਕਈ ਬਾਂਦਰ ਜਾਂ ਕੋਈ ਨਾ ਕੋਈ ਜਾਨਵਰ ਹੁੰਦੇ ਸਨ।'

ਬੰਤਾ ਸਿੰਘ ਨੇ ਉਤਸੁਕਤਾ ਨਾਲ ਕਾਰਨ ਪੁੱਛਿਆ ਤਾਂ ਉਜਗਾਰ ਸਿੰਘ ਨੇ ਆਪਣੇ ਮੋਬਾਇਲ ਤੇ ਚੱਲਦੇ ਇੰਸਟਾਗ੍ਰਾਮ ਅਕਾਊਂਟ ਨੂੰ ਖੋਲ੍ਹ ਕੇ, ਨਵੀਂ ਪੀੜ੍ਹੀ ਵੱਲੋਂ ਮੋਬਾਇਲ ਵਿਚਲੇ ਕੈਮਰੇ ਦੇ ਏ.ਆਰ. ਫੀਚਰ ਨਾਲ ਖਿੱਚ ਕੇ ਅਪਲੋਡ ਕੀਤੀਆਂ ਫ਼ੋਟੋਆਂ ਦਿਖਾਉਂਦੇ ਹੋਏ ਕਿਹਾ, "ਲੈ ਬੰਤਾ ਸਿੰਹਾਂ ਆਪ ਹੀ ਦੇਖ ਲੈ, ਕਿਵੇਂ ਨਿਆਣੇ ਸਿਆਣੇ ਜਾਨਵਰਾਂ ਦੇ ਨੈਣ-ਨਕਸ਼ ਆਪਣੇ ਮੂੰਹ ਉੱਤੇ ਲਾ ਕੇ ਫੋਟੋਆਂ ਖਿੱਚਦੇ ਨੇ।" ਫ਼ੋਟੋਆਂ ਦੇਖ ਕੇ ਬੰਤਾ ਸਿੰਘ ਤੇ ਉਜਾਗਰ ਸਿੰਘ ਕਾਫੀ ਦੇਰ ਮੁਸਕਰਾਉਂਦੇ ਰਹੇ ਅਤੇ ਇਸ ਨਵੇਂ ਰਿਵਾਜ਼ ਉੱਤੇ ਚਿੰਤਾ ਵੀ ਜ਼ਾਹਰ ਕਰਦੇ ਰਹੇ।

ਆਪ ਬੀਤੀ-ਜਗ ਬੀਤੀ

# ਡੂੰਘੀ ਚੀਸ

## ਵੀਰ ਵਿਛੋੜਾ ਕਹਿਰ ਵਿਛੋੜਾ

**ਬਿੰਦਰ ਕੌਰ**

ਇਹ ਵਾਰਤਾ ਲਿਖਣ ਦੇ ਮੇਰੇ ਦੋ ਮਕਸਦ ਹਨ। ਪਹਿਲਾ ਲਿਖਣ ਨਾਲ ਸ਼ਾਇਦ ਮੇਰੇ ਦਿਲ ਦਾ ਦਰਦ ਹਲਕਾ ਹੋ ਜਾਵੇ, ਦੂਜਾ ਇਹ ਕਿ ਕਿਵੇਂ ਬੇਦਰਦ ਬਣ ਕੇ ਲੋਕ ਕਹਿ ਦਿੰਦੇ ਨੇ "ਛੱਡੋ ਮਰਿਆਂ ਨੂੰ ਯਾਦ ਨਹੀਂ ਕਰੀਦਾ ਜਾਂ ਵਿਛੜ ਗਿਆਂ ਦੀਆਂ ਗੱਲਾਂ ਨਹੀਂ ਕਰੀਦੀਆਂ।" ਇਕ ਭੈਣ ਲਈ ਕਿੰਨਾ ਔਖਾ ਹੈ ਹੱਥੀਂ ਪਾਲੇ ਨਿੱਕੇ ਵੀਰ ਦਾ ਤੁਰ ਜਾਣਾ। ਜਿਸ ਭੈਣ ਨੇ ਆਪਣੀ ਗੋਦੀ ਖਿਡਾ ਕੇ ਵੀਰ ਨੂੰ ਵੱਡਾ ਕੀਤਾ ਹੋਵੇ, ਜਿਸ ਭੈਣ ਕੋਲ ਹੋਰ ਕੋਝ ਵੀ ਨਾ ਹੋਵੇ, ਹਰ ਪਾਸਿਓਂ ਖਾਲੀ ਹੋਵੇ, ਸਿਰਫ਼ ਭਰਾ ਨੂੰ ਦੇਖ ਕੇ ਹੀ ਜਿੰਦਗੀ ਕੱਟ ਰਹੀ ਹੋਵੇ, ਰਹਿੰਦੀ ਜਿੰਦਗੀ ਹਰ ਪਲ ਆਪਣੇ ਵੀਰ 'ਤੇ ਨਿਸ਼ਾਵਰ ਕਰਨ ਦੀ ਆਸ ਲਾਈ ਬੈਠੀ ਹੋਵੇ, ਉਹੀ ਵੀਰ ਅੱਗੋਂ ਤੁਰ ਜਾਵੇ, ਕਿਵੇਂ ਕੱਟੇ ਜਾ ਰਹੇ ਨੇ ਭੈਣ ਦੇ ਦਿਨ ਇਹ ਓਹ ਹੀ ਜਾਣਦੀ ਹੈ।

ਭਾਵੇਂ ਇਹ ਅਟੱਲ ਸਚਾਈ ਹੈ ਕਿ ਇਸ ਸੰਸਾਰ ਤੋਂ ਤੁਰ ਸਭ ਨੇ ਤੁਰ ਜਾਣਾ ਹੈ, ਜਿਵੇਂ-ਜਿਵੇਂ, ਕਦੋਂ ਕਿਸੇ ਵੇਲੇ ਸੱਦਾ ਆ ਜਾਵੇ। ਤੁਰ ਜਾਣ ਵਾਲਾ ਕਿਵੇਂ ਜਾਣੇ ਕੀ ਹੁੰਦੈ ਉਸ ਨਾਲ ਅੱਗੇ। ਕਿਥੇ ਲੈ ਗਿਆ ਵਾਹਿਗੁਰੂ ? ਨਾ ਹੀ ਅੱਜ ਤੱਕ ਕਿਸੇ ਨੇ ਆ ਕੇ ਦੱਸਿਐ। ਸਭ ਭੁਲੇਖੇ ਜਿਹੇ ਹੀ ਰਹਿ ਜਾਂਦੇ ਨੇ, ਜਾ ਕੇ ਹੀ ਪਤਾ ਲਗਣੈ ਅੱਗੇ ਕੀ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਦੱਸਿਆ ਕਿ ਤੱਤ ਵਿਚ ਤੱਤ ਮਿਲ ਜਾਂਦੇ ਨੇ, ਅੱਗੇ ਸੂਖਮ ਸਰੀਰ ਹੀ ਜਾਣੈ।

ਆਮ ਤੌਰ 'ਤੇ ਸਭ ਇਹੋ ਕਹਿੰਦੇ ਹਨ, "ਭਾਣਾ ਮੰਨ ਲਓ", ਕਹਿ ਦੇਣਾ ਬਹੁਤ ਸੌਖਾ ਹੈ, ਮੰਨਣਾ ਬਹੁਤ ਔਖਾ ਹੈ, ਉਨ੍ਹਾਂ ਲਈ ਜਿਨ੍ਹਾਂ ਦੇ ਪਿਆਰੇ ਬੇਵਕਤੀ ਮੌਤ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਂਦੇ ਨੇ। ਮੇਰੀ ਸੋਚ ਅਨੁਸਾਰ ਉਹ ਸਾਧੂ ਸੰਤ ਜਿਨ੍ਹਾਂ ਨੂੰ ਧੁਰ ਦਰਗਾਹੋਂ ਹੀ ਇਹ ਉਪਾਧੀ ਮਿਲ ਜਾਂਦੀ ਹੈ, ਅਜਿਹੀਆਂ ਰੂਹਾਂ ਹੀ ਭਾਣਾ ਮੰਨਦੀਆਂ ਹੋਣਗੀਆਂ ਪਰ ਸਾਡੇ ਵਰਗੇ ਆਮ ਬੰਦਿਆਂ ਲਈ ਭਾਣਾ ਮੰਨਣਾ ਬਹੁਤ ਵੱਡੀ ਗੱਲ ਹੈ।

ਇਹ ਵਾਰਤਾ ਮੇਰੀ ਬਦਕਿਸਮਤ ਦੀ ਆਪਣੀ ਸੱਚੀ ਕਹਾਣੀ ਹੈ। ਉਹ ਲੋਕ ਜੋ ਕਹਿ ਦਿੰਦੇ ਨੇ, ਭੁੱਲ ਜਾਓ ਮਰਿਆਂ ਨੂੰ ਯਾਦ ਨਹੀਂ ਕਰੀਦਾ, ਇਹੋ ਜਿਹੇ ਪੱਥਰ ਦਿਲ, ਬੇਦਰਦ ਲੋਕ ਹਨ, ਜਿਨ੍ਹਾਂ ਜਿੰਦਗੀ ਵਿਚ ਦੁੱਖ ਦੇਖਿਆ ਹੀ ਨਹੀਂ, ਉਹ ਕੀ ਜਾਨਣ ਦੁੱਖਾਂ ਦੀ ਸਾਰ ? ਕਿਵੇਂ ਭੁਲਾਈਏ ਜਿੰਦਗੀ ਦਾ ਅੱਧਾ ਅਰਸਾ ਜੋ ਨਾਲ ਰਹਿ ਕੇ ਬਿਤਾਇਆ, ਹਰ ਗੱਲ ਸਾਂਝੀ ਸੀ, ਸਾਡੇ ਭੈਣ, ਭਰਾ ਸਾਡੀਆਂ ਬਾਹਾਂ ਹੁੰਦੀਆਂ ਨੇ, ਬਾਹਾਂ ਟੁੱਟ ਜਾਣ, ਬੰਦਾ ਕਿੰਨਾ ਲਾਚਾਰ ਹੋ ਜਾਂਦੈ। ਮਾਪਿਆਂ ਦਾ ਸਿਰ ਤੋਂ ਸਾਇਆ ਉਠ ਜਾਵੇ, ਸਿਰ ਨੰਗਾ ਹੋ ਜਾਂਦੈ, ਚੜ੍ਹਦੀ ਉਮਰੇ ਔਰਤ ਦਾ ਪਤੀ ਦੁਨੀਆ ਤੋਂ ਕੂਚ ਕਰ ਜਾਵੇ, ਕੀ ਕੁਝ ਸਹਿਣਾ ਪੈਂਦੈ, ਕੋਈ ਬੁੱਝ ਨਹੀਂ ਸਕਦਾ, ਜਿਵੇਂ ਕਹਾਵਤ ਹੈ, "ਅੰਦਰ ਬੈਠੀ ਨੂੰ ਚੂਹੇ ਖਾਂਦੇ ਨੇ, ਬਾਹਰ ਨਿਕਲਦੀਆਂ ਤਾਂ ਕਾਂ ਪੈਂਦੇ ਨੇ।"

ਇਨ੍ਹਾਂ ਵਕਤ ਦੇ ਮਾਰਿਆਂ ਵਿਚੋਂ ਇਕ ਬਦਕਿਸਮਤ ਮੈਂ ਵੀ ਹਾਂ ਜੋ ਕੁਦਰਤੀ ਕਰੋਪੀ ਦਾ ਸ਼ਿਕਾਰ ਵਾਰ-ਵਾਰ ਹੁੰਦੀ ਰਹੀ। ਪਤਾ ਨਹੀਂ ਕਿਹੜੇ ਮਾੜੇ ਕਰਮਾਂ ਦਾ ਚੱਕਰ ਹੈ ਕਿ ਜੋ ਵਾਹਿਗੁਰੂ ਨੂੰ ਹਰ ਵਕਤ ਹਾਜ਼ਰ ਨਾਜ਼ਰ ਜਾਣਦੀ 'ਤੇ ਵੀ ਮੌਤ ਦਾ ਦੈਂਤ ਕੁਝ ਅਰਸੇ ਬਾਅਦ ਮੇਰੇ ਪਰਿਵਾਰ ਦੇ ਜੀਆਂ ਨੂੰ ਅਚਾਨਕ ਆ ਕੇ ਨਿਗਲ ਲੈਂਦੈ। ਇਹ ਦਿਲ ਦਾ ਦਰਦ ਨਾਸੂਰ ਬਣ ਕੇ ਹਰ ਵੇਲੇ ਚੁਭਦੈ। ਜਿੰਦਗੀ ਵਿਚ ਜਿਨ੍ਹਾਂ ਪਿਆਰਿਆਂ ਨਾਲ ਖ਼ੂਨ ਦਾ ਰਿਸ਼ਤਾ ਬਹੁਤ ਗੂੜ੍ਹਾ ਸੀ, ਇਕ ਨਹੀਂ, ਦੋ ਨਹੀਂ, ਸੱਤ ਰੂਹਾਂ ਮੇਰੇ ਪਰਿਵਾਰ ਦੀਆਂ ਵਿਛੜ ਗਈਆਂ। ਜਿਨ੍ਹਾਂ ਜੀਆਂ ਨੂੰ ਮੈਂ ਪਰਦੇਸਾਂ ਦੇ ਚੱਕਰ ਵਿਚ ਆਖਰੀ ਵਿਦਾਇਗੀ ਵੀ ਨਾ ਦੇ ਸਕੀ।

ਕਰੋਪੀ ਸ਼ੁਰੂ ਹੋਈ ਚਾਰ ਦਹਾਕੇ ਪਹਿਲਾਂ ਜਦੋਂ ਮੇਰੀ ਪੰਦਰਾਂ ਸਾਲਾਂ ਦੀ ਨੌਵੀਂ ਵਿਚ ਪੜ੍ਹਦੀ ਛੋਟੀ ਭੈਣ ਬਾਰੇ ਪਤਾ ਚੱਲਿਆ ਕਿ ਬਲੱਡ ਕੈਂਸਰ ਦੀ ਆਖਰੀ ਸਟੇਜ 'ਤੇ ਹੈ। ਕੁਝ ਹੀ ਦਿਨਾ ਵਿਚ ਉਹ ਰੱਬ ਨੂੰ ਪਿਆਰੀ ਹੋ ਗਈ। ਮੇਰੀ ਮਾਂ ਲਈ ਇਹ ਬਹੁਤ ਵੱਡਾ ਸਦਮਾ ਸੀ, ਵਿਚਾਰੀ ਮਾਂ ਦੀ ਲਾਡਾਂ ਨਾਲ ਪਾਲੀ ਸੁਘੜ, ਸਿਆਣੀ ਧੀ ਦਾ ਵਿਛੋੜਾ ਗੂੜ੍ਹੀ ਛਾਪ ਮਾਂ ਦੇ ਦਿਲ 'ਤੇ ਛੱਡ ਗਿਆ। ਇਸ ਤੋਂ ਬਾਅਦ ਇਹ ਕਹਿਰ ਵਾਰ-ਵਾਰ ਵਾਪਰਦਾ ਰਿਹਾ। ਕੋਈ ਵੀ ਜੀਅ ਮੰਜੇ 'ਤੇ ਨਹੀਂ ਪਿਆ। ਸਭ ਤੁਰਦੇ-ਫਿਰਦੇ, ਤੁਰ ਗਏ। ਕੁਝ ਸਾਲ ਲੰਘੇ ਮੇਰੇ



ਬਾਪੂ ਜੀ 51 ਸਾਲ ਦੀ ਉਮਰ ਵਿਚ ਅਚਾਨਕ ਹੀ ਰੇੜ੍ਹੀ ਤੋਂ ਪੰਡਾਂ ਚੁਕਾਉਂਦੇ ਚੱਲ ਵਸੇ। ਮੈਂ ਅਭਾਗਣ ਨੂੰ ਮਹੀਨੇ ਬਾਅਦ ਪਤਾ ਲੱਗਾ। ਫਿਰ ਕੁਝ ਸਮਾਂ ਬੀਤਿਆ, ਮੇਰੇ ਵਡੇਰੇ ਨਾਨਾ ਜੀ, ਦਾਦੀ ਜੀ, ਜਿਨ੍ਹਾਂ ਦੀ ਮੈਂ ਬਹੁਤ ਲਾਡਲੀ ਧੀ ਸਾਂ, ਉਨ੍ਹਾਂ ਦਾ ਆਖਰੀ ਵਕਤ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ। ਵਿਆਹ ਹੋ ਕੇ ਬੇਗਾਨਿਆਂ ਦੇ ਵਸ ਸੀ। ਬਸ ਉਨ੍ਹਾਂ ਦੇ ਕਹੇ ਆਖਰੀ ਬੋਲ ਕੰਨਾਂ ਵਿਚ ਗੂੰਜਦੇ ਰਹੇ। ਕੁਝ ਹੀ ਮਹੀਨੇ ਬੀਤੇ ਸਨ, ਮਨਹੂਸ ਖ਼ਬਰ ਪਿੰਡ ਬੈਠੀ ਨੂੰ ਬੰਗਾਲ ਤੋਂ ਆ ਗਈ, ਕਿ ਮੇਰੇ ਪਤੀ (38 ਸਾਲ) ਅਚਾਨਕ ਦੁਨੀਆ ਤੋਂ ਚਲੇ ਗਏ। ਸੰਨ 85 ਵਿਚ, ਉਸ ਸਦਮੇ ਨਾਲ ਅੱਧੀ ਪਾਗਲ ਜਿਹੀ ਹੋ ਗਈ, ਵਸਦੀ ਦੁਨੀਆ ਖਾਲੀ ਲੱਗਣ ਲੱਗੀ।

ਕਿਸੇ ਤਰ੍ਹਾਂ ਧੱਕੇ ਧੌਲੇ ਖਾਂਦੀ ਅਮਰੀਕਾ ਪਹੁੰਚੀ। ਐਥੇ ਆ ਕੇ ਬਹੁਤ ਦੁਖ ਝੱਲੇ, ਇਕੱਲੀ ਨੇ। ਤਿੰਨ ਕੁ ਸਾਲ ਹੋਏ ਸਨ ਕਿ ਅਚਾਨਕ ਮਨਹੂਸ ਖ਼ਬਰ ਫੋਨ 'ਤੇ ਮਿਲੀ ਕਿ ਮੇਰੀ ਦੂਜੀ ਭੈਣ 38 ਸਾਲ ਦੀ ਉਮਰੇ ਐਕਸੀਡੈਂਟ ਨਾਲ ਪੂਰੀ ਹੋ ਗਈ ਜੋ ਸਿੱਖੀ ਵਿਚ ਪਰਪੱਕ ਸੀ। ਕੀ ਬੀਤੀ ਮੇਰੇ 'ਤੇ ਮੈਂ ਹੀ ਜਾਣਦੀ ਆਂ। ਜਿਨ੍ਹਾਂ ਰਾਹਾਂ ਤੋਂ ਉਸ ਰਾਤ ਧਾਹਾਂ ਮਾਰਦੀ ਫਰੀਮੋਂਟ ਗੁਰੂਘਰ ਪਹੁੰਚੀ ਸੀ, ਉਹ ਰਾਹ ਹੁਣ ਵੀ ਉਸੇ ਤਰ੍ਹਾਂ ਯਾਦ ਆ ਜਾਂਦੇ ਨੇ। ਕੋਈ ਜਾਣ ਨਾ ਪਹਿਚਾਣ, ਰਿਸ਼ਤੇਦਾਰ ਦੂਜੀਆਂ ਸਟੇਟਾਂ ਵਿਚ ਸੀ, ਸਿਰਫ਼ ਇਕੱਲੀ। ਮੌਤਾਂ ਦੀਆਂ ਮਨਹੂਸ ਖ਼ਬਰਾਂ ਜਦੋਂ ਚੇਤੇ ਵਿਚ ਉਭਰਦੀਆਂ ਹਨ ਤਾਂ ਮੈਂ ਹੀ ਜਾਣਦੀ ਆਂ ਸੀਨੇ 'ਤੇ ਕੀ ਬੀਤਦੀ ਹੈ। ਛੇਵੇਂ ਸਾਲ ਜਦੋਂ ਅਮਰੀਕਾ ਤੋਂ ਇੰਡੀਆ ਗਈ ਤਾਂ ਮੇਰੀ ਸੁਚੱਜੀ ਮਾਂ ਦਾ ਹਾਲ ਦੇਖਿਆ ਨਹੀਂ ਸੀ ਜਾਂਦਾ। ਮੌਤਾਂ ਨੇ ਮਾਂ ਦਾ ਅਜਿਹਾ ਲੱਕ ਤੋੜਿਆ ਕਿ ਡੰਗੋਰੀ ਦੇ ਆਸਰੇ ਉਠਦੀ ਬੈਠਦੀ ਪਰ ਜਿਉਂਦੀ ਸੀ, ਆਪਣੇ ਛੋਟੇ ਪੁੱਤ ਨੂੰ ਦੇਖ ਕੇ। ਵੱਡਾ ਭਰਾ ਆਪਣੇ ਪਰਿਵਾਰ ਵਿਚ ਖੁਸ਼ ਸੀ।

ਛੋਟਾ ਅਜਿਹਾ ਪੁੱਤ ਜਿਹੜਾ ਮਾਂ ਦੇ ਸਾਹ ਵਿਚ ਸਾਹ ਲੈਂਦਾ ਹੋਵੇ, ਹਰ ਪਲ ਮਾਂ ਦੀ ਤਕਲੀਫ਼ ਨੂੰ ਸਮਝਦਾ ਹੋਵੇ, ਮਾਂ ਦਾ ਸਰਵਣ ਪੁੱਤ ਰੋਮ-ਰੋਮ ਵਿਚ ਰਚਿਆ ਪਿਆ ਹੋਵੇ। ਜੋ ਪੁੱਤ ਮਾਂ ਨੂੰ ਇਸ ਕਲਯੁੱਗ ਵਿਚ ਵੀ ਵਹਿੰਗੀ ਵਿਚ ਬਿਠਾਉਣ ਲਈ ਤਤਪਰ ਰਹਿੰਦਾ ਹੋਵੇ, ਅੱਧੇ ਘੰਟੇ ਦਾ ਟਾਈਮ ਦੇ ਕੇ ਜਾਂਦਾ, ਅੱਧੇ ਵਿਚ ਹੀ ਆ ਕੇ ਮਾਂ ਕੋਲ ਹਾਜ਼ਰ ਹੁੰਦਾ। ਜਿਹਨੇ ਪ੍ਰਣ ਕਰ ਲਿਆ ਸੀ ਕਿ ਮੇਰੀ ਦੁਖੀ ਅਤੇ ਬੁਢੜੀ ਮਾਂ ਨੂੰ ਕੋਈ ਤਕਲੀਫ਼ ਨਾ ਹੋਵੇ, ਕਿਤੇ ਦੂਰ ਜਾਂਦਾ ਤਾਂ ਪੈਸੇ ਦੇ ਕੇ ਕਿਸੇ ਨੂੰ ਰਾਖੀ ਲਈ ਹਾਜ਼ਰ ਕਰਦਾ। ਮਾਂ ਘੜੀਆਂ ਗਿਣਗਿਣ ਰਾਹ ਦੇਖਦੀ, ਬਾਹਰ ਕੰਨ ਲਾਈ ਰੱਖਦੀ, ਪੁੱਤ ਨੂੰ ਆਉਂਦਾ ਦੇਖ ਕੇ ਸਾਹ 'ਚ ਸਾਹ ਪੈਂਦਾ। ਪੁੱਤ ਨੇ ਤਿਆਰੀ ਕੀਤੀ ਜਾਣ ਦੀ, "ਬੀਬੀ ਮੈਂ ਵੱਡੀ ਗੱਡੀ ਲੈਣ ਜਾਣੈ ਭਾਣਜੇ (ਗਗਨ) ਨੂੰ ਨਾਲ ਲੈ, ਉਹ ਆਉਂਦੈ।" ਲੰਬੇ-ਲੰਬੇ ਕੇਸ ਮਾਂ ਦੇ ਸਾਹਮਣੇ ਬੈਠ ਕੇ ਵਾਹੇ, ਘੁੱਟ ਕੇ ਜੂੜਾ ਕੀਤਾ, ਦਾੜ੍ਹੀ ਵਾਹੀ। ਇਹ ਦੇਖ ਕੇ ਖੁਸ਼ ਹੋ ਰਹੀ ਮਾਂ ਨੂੰ ਪੁੱਤ ਨੇ ਕਿਹਾ, ਕਿ "ਬੀਬੀ ਆ ਜਾ ਬਹਿ ਜਾ, ਤੂੰ ਪਰ੍ਹਾਂ ਹੀ ਫਿਰੀ ਜਾਂਦੀ ਐਂ।" ਇਹ ਆਖਰੀ ਬੋਲੀ ਮਾਂ ਦੇ ਕੰਨਾਂ ਵਿਚ ਪਏ, "ਹਾਂ ਮੱਲ ਮੈਂ ਤਾਂ ਕੁਝ ਨਹੀਂ ਕਰਦੀ ਆਉਨੀ ਆਂ", ਕਹਿ ਕੇ ਪਿੱਛੇ ਮੁੜ ਕੇ ਦੇਖਿਆ। ਬੈਠ ਕੇ ਟੇਢੇ ਪਏ ਪੁੱਤ ਦੀ ਬਾਂਹ ਫੜ ਕੇ ਟਬਜ਼ ਟੋਲੀ ਤਾਂ ਸਵਾਸ ਉਡ ਚੁੱਕੇ ਸਨ। ਜਿਸ ਪੁੱਤ ਨੇ ਦੋ ਪਲ ਪਹਿਲਾਂ ਕਿਹਾ ਸੀ, "ਆ ਬੀਬੀ ਮੇਰੇ ਕੋਲ ਬਹਿ ਜਾਹ", ਉਧਰ ਦਸ ਮਿੰਟ ਦੀ ਵਿੱਥ ਤੇ ਖੜ੍ਹਾ ਭਾਣਜਾ ਫੋਨ ਤੇ ਕਹਿ ਰਿਹਾ ਸੀ, "ਬਸ ਮਾਮਾ ਜੀ ਮੈਂ ਪਹੁੰਚਣ ਵਾਲਾ ਹਾਂ", ਦਸ ਮਿੰਟ ਪਹਿਲਾਂ ਗੱਲ ਕਰਨ ਵਾਲੇ ਮਾਮੇ ਨੂੰ ਮਿਲ ਨਹੀਂ ਸਕਿਆ। ਕੀ ਬੀਤੀ ਉਸ ਬੱਚੇ 'ਤੇ ਜਿਸ ਦੀ ਕੁਝ ਸਾਲ ਪਹਿਲਾਂ ਮਾਂ ਰੱਬ ਨੇ ਖੋਹ ਲਈ ਸੀ। ਕਿਵੇਂ ਨਿਕਲੀ ਨਾਨੀ, ਦੋਹਤੇ ਦੀ ਉਹ ਕਹਿਰ ਦੀ ਕਾਲੀ ਬੋਲੀ ਰਾਤ, ਇਕੱਲਿਆਂ ਦੀ। ਹੁਣ ਵੀ ਸੋਚ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ। ਮੈਂ ਅਭਾਗਣ ਐਥੇ ਬੈਠੀ ਸਾਂ। ਮੈਂ ਪਰਦੇਸ ਬੈਠੀ ਅਭਾਗਣ ਨੇ ਪੰਦਰਾਂ ਮਿੰਟ ਪਹਿਲਾਂ ਭਰਾ ਨਾਲ ਗੱਲ ਕੀਤੀ ਸੀ। ਫੋਨ ਆ ਗਿਆ, ਮੇਰਾ ਸੋਹਣਾ ਡੂੰਘੀਆਂ ਅਕਲਾਂ ਵਾਲਾ ਵੀਰ, ਜਿਸ ਨੂੰ ਰੱਬ ਨੇ ਸ਼ਾਇਦ ਵਿਹਲਾ ਬਹਿ ਕੇ ਘੜਿਆ ਸੀ, ਰਾਹੀ ਵੀ ਰੁਕ ਕੇ ਦੇਖਣ ਲੱਗ ਜਾਂਦੇ ਸੀ, ਤੁਰ ਗਿਆ। ਜਿਸ ਵੀਰ ਨਾਲ ਮੈਂ ਸਵੇਰੇ-ਸ਼ਾਮ, ਪੰਜ ਸੱਤ ਵਾਰ ਫੋਨ ਕਰ ਕੇ, ਗੱਲਾਂ ਨਾ ਕਰ ਲੈਂਦੀ, ਸੌਣ ਤੋਂ ਪਹਿਲਾਂ, ਉਠਣ ਤੋਂ ਬਾਅਦ, ਸਬਰ ਨਾ ਆਉਂਦਾ। ਮੇਰਾ ਵੀਰ ਰੋਟੀ ਖਾਂਦਾ ਹੁੰਦਾ, ਮੈਂ ਫੋਨ ਕੱਟ ਦੇਂਦੀ, ਰੋਟੀ ਠੰਢੀ ਨਾ ਹੋ ਜਾਵੇ, ਫਿਰ ਕਰ ਦੇਣਾ। ਹਰ ਸਾਲ ਜਾ ਕੇ ਮਾਂ ਅਤੇ ਭਰਾ ਦੀ ਸਾਰ ਲੈਂਦੀ ਰਹੀ, ਪਰ ਉਸ ਸਾਲ ਭਾਰਤ ਦੀ ਜ਼ਾਲਮ ਸਰਕਾਰ ਨੇ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਅਪਲਾਈ ਕੀਤਿਆਂ ਪੰਜ ਮਹੀਨੇ ਹੋ ਚੁੱਕੇ ਸੀ, ਵਾਰ-ਵਾਰ ਚੱਕਰ ਲਾਉਣ 'ਤੇ ਵੀ ਕੁਝ ਨਾ ਬਣਿਆ। ਭਰਾ ਦੇ ਤੁਰ ਜਾਣ ਤੋਂ ਬਾਅਦ ਤੀਸਰੇ ਦਿਨ ਹਾਂ ਕਰ ਦਿੱਤੀ। ਵਕਤ ਨਿਕਲ ਚੁੱਕਾ ਸੀ, ਵੀਰ ਜਾਂਦੇ ਨੂੰ ਵਿਦਾਇਗੀ ਵੀ ਨਾ ਦੇ ਸਕੀ। 39 ਸਾਲ ਦੀ ਉਮਰੇ ਚਲਾ ਗਿਆ।

ਗਰੀਬਾਂ ਦਾ ਮਸੀਹਾ, ਡੂੰਘੀਆਂ ਅਕਲਾਂ ਵਾਲਾ, ਰੱਬ ਤੋਂ ਡਰਨ ਵਾਲਾ, ਧੀ ਭੈਣ ਦੀ ਇੱਜ਼ਤ ਦਾ ਰਖਵਾਲਾ, ਕਿਸੇ ਕੁੜੀ ਜਾਂ ਕਿਸੇ ਦੀ ਬਹੂ ਨੇ ਘਰ ਝਾੜੂ-ਪੋਚਾ ਕਰਨ ਆਉਣਾ, ਕੱਪੜੇ, ਚਾਦਰ ਵਗੈਰਾ ਨਾਲ ਆਪਣਾ ਹੀ ਮੂੰਹ ਢਕ ਲੈਣਾ। ਦੋ ਦੋ ਹਜ਼ਾਰ ਅੰਨ੍ਹਿਆਂ, ਬੋਲਿਆਂ ਨੂੰ ਲੁਧਿਆਣੇ ਜਾ ਕੇ ਚੁੱਪ ਚਾਪ ਦੇ ਆਉਂਦਾ, ਕਿਸੇ ਨੂੰ ਦੱਸਦਾ ਤੱਕ ਨਾ। ਪਿਛੋਂ ਪਤਾ ਲੱਗਾ, ਜਦੋਂ ਡਾਇਰੀਆਂ ਵਿਚੋਂ ਲਿਖਿਆ ਮਿਲਿਆ, ਵੀਰ ਪੱਚੀ ਡਾਇਰੀਆਂ ਲਿਖੀ ਬੈਠਾ ਸੀ, ਵਾਰ-ਵਾਰ ਪੜ੍ਹੀ ਜਾਂਦੀ ਆਂ। ਤ੍ਰਿਪ-ਤ੍ਰਿਪ ਆਪ ਮੁਹਾਰੇ ਅੱਖਾਂ ਵਿਚੋਂ ਪਾਣੀ ਵਗੀ ਜਾਂਦੈ। ਮਾਂ ਤੇ ਭੈਣ ਦੀ ਜਿੰਦਗੀ ਦਾ ਸਹਾਰਾ ਸੀ ਪਰ ਵਾਹਿਗੁਰੂ ਨੂੰ ਵੀ ਪਿਆਰਾ ਹੋ ਗਿਆ। ਬਹੁਤ ਥਾਂ ਲਿਖਿਆ ਮਿਲਦੈ, ਜੇ ਮੈਨੂੰ ਕੁਝ ਹੋ ਜਾਵੇ, ਮੈਂ ਦੁਨੀਆ 'ਤੇ ਨਾ ਰਹਾਂ, ਐਨੇ ਐਨੇ ਪੈਸੇ ਫਲਾਣੇ ਤੋਂ ਲੈਣੇ ਨੇ। ਮੇਰੀ ਮਾਂ ਤੇ ਭੈਣ ਨੂੰ ਮੇਰਾ ਲਿਖਿਆ ਹੈ, ਦਿੱਤੇ ਜਾਣ। ਮੇਰੀਆਂ ਲਿਖਤਾਂ ਫਲਾਣੇ ਪਿੰਡ ਵਾਲੇ ਮੁੰਡੇ ਦਾ ਨਾਂ ਲਿਖ ਕੇ ਦੱਸਿਐ, ਨੂੰ ਦਿੱਤੀਆਂ ਜਾਣ। ਪਰ ਕੁਝ ਕਰ ਨਹੀਂ ਸਕੀ, ਆਪਣੇ ਸੀਨੇ ਨਾਲ ਲਾ ਕੇ ਰੱਖੀ ਬੈਠੀ ਆਂ, ਹੱਥੀਂ ਪਾਲੇ ਵੀਰ ਨੂੰ ਕਿਵੇਂ ਭੁੱਲ ਸਕਦੀ ਹਾਂ। ਕਿਵੇਂ ਭੁੱਲ ਸਕਦੀ ਆਂ ਮਾਂ ਪੁੱਤ ਦਾ ਵਿਛੋੜਾ, ਘਰ ਦੀ ਹਰ ਵਸਤੂ ਵਿਚੋਂ, ਹਰ ਪਲ ਪੁੱਤ ਨੂੰ ਲੱਭ ਰਹੀ ਐ ਮਾਂ, ਮੇਰੀਆਂ ਨਜ਼ਰਾਂ ਘਰ ਦੀ ਹਰ ਸ਼ੈਅ ਵਿਚੋਂ ਭਰਾ ਨੂੰ ਲੱਭ ਰਹੀਆਂ ਹਨ। ਸੱਤ ਸਾਲ ਹੋ ਗਏ ਨੇ, ਹੁਣ ਸਤਵੇਂ ਸਾਲ ਮਾਂ ਵੀ ਪੁੱਤ ਦਾ ਵਿਛੋੜਾ ਹੱਡਾਂ ਦੇ ਨਾਲ ਲੈ ਕੇ ਉਸੇ ਮਹੀਨੇ ਉਨ੍ਹਾਂ ਹੀ ਦਿਨਾਂ ਵਿਚ ਚੱਲ ਵਸੀ। ਕਿਵੇਂ ਤੜਫ਼ ਤੜਫ਼ ਕੇ ਐਨੇ ਸਾਲ ਕੱਟੇ, ਹਰ ਪਲ ਰੱਬ ਤੋਂ ਮੌਤ ਮੰਗਦੀ, ਸਾਰੇ ਧੀਆਂ, ਪੁੱਤਾਂ ਦੇ ਗੁਣ ਯਾਦ ਕਰਦੀ, ਪੁੱਤ ਦੀ ਤਸਵੀਰ ਬਣਾਉਣ ਲੱਗ ਜਾਂਦੀ। ਕਦੇ ਕਹਿੰਦੀ, "ਮੇਰਾ ਪੁੱਤ ਹਸਦੈ, ਪਰ੍ਹਾਂ ਹੋ ਜਾਹ ਮੇਰੇ ਪੁੱਤ ਦੇ ਮੂੰਹ ਨੂੰ ਓਹਲਾ ਹੋ ਗਿਆ।" ਕਦੇ ਲਕੀਰਾਂ ਕੱਢ ਕੇ ਕੁਝ ਕਰਦੀ, ਪੁੱਤ ਦੀ ਆਖੀ ਹੋਈ ਹਰ ਗੱਲ ਯਾਦ ਕਰਦੀ ਰਹਿੰਦੀ। ਕਦੇ ਸਾਰੇ ਧੀਆਂ ਤੇ ਪੁੱਤ ਜੋ ਚਲੇ ਗਏ, ਕਿਵੇਂ ਪਾਲ ਕੇ ਵੱਡੇ ਕੀਤੇ, ਪੜ੍ਹਾਏ, ਉਨ੍ਹਾਂ ਦੇ ਗੁਣ ਗਾਉਂਦੀ। ਜਵਾਨ ਧੀਆਂ-ਪੁੱਤ-ਜਵਾਈ ਐਨਿਆਂ ਦਾ ਦੁੱਖ ਦਰਦ ਕਿੰਨੇ ਸਾਲ ਆਪਣੇ ਸੀਨੇ 'ਤੇ ਝੱਲਦੀ ਰਹੀ। ਕਦੇ ਛੋਟੀ ਧੀ ਦੇ ਬੱਚਿਆਂ ਵੱਲ ਦੇਖ-ਦੇਖ ਤੜਪਦੀ, ਮਾਂ ਬਾਹਰੇ ਨੇ। ਜੋ ਕੁਝ ਮੇਰੀ ਮਾਂ ਨੇ ਝੱਲਿਆ, ਲਿਖਿਆ ਨਹੀਂ ਜਾਂਦਾ। ਭਰਾ ਦੇ ਜਾਣ ਤੋਂ ਬਾਅਦ ਆਪਣੀ ਮਾਂ ਨੂੰ ਜਾ ਕੇ ਹਰ ਸਾਲ ਦੇਖਦੀ, ਜੋ ਠੀਕ ਹੁੰਦਾ ਖਾਣ ਨੂੰ ਉਹੀ ਮੈਂ ਦੇਂਦੀ, ਮਾਂ ਦੀ ਸਿਹਤ ਦਾ ਖਿਆਲ ਰੱਖਦੀ, ਸਿੱਧੀ ਛੋਟੇ ਭਰਾ ਦੇ ਘਰ ਜਾ ਕੇ ਰੂਮ ਵਿਚ ਹੀ ਜਾਣਾ। ਮਾਂ ਦੀ ਹਾਲਤ ਦੇਖਦੀ, ਭਾਵੇਂ ਸਾਰਾ ਆਲਾ ਦੁਆਲਾ ਸਾਫ਼ ਹੁੰਦਾ, ਫੇਰ ਵੀ ਕਈ ਜ਼ਰੂਰਤਾਂ, ਕਈ ਕੁਝ ਮੈਂ ਮਾਂ ਦੇ ਕੰਮ ਆਪ ਕਰਦੀ। ਕੁਝ ਨਾ ਕੁਝ ਐਥੋਂ ਬਣਾ ਕੇ ਲੈ ਜਾਂਦੀ। ਹਰ ਸਾਲ ਦੋ ਡੇਢ ਮਹੀਨਾ ਪਹਿਲਾਂ ਹੀ ਕਹਿਣ ਲਗ ਜਾਣਾ, ਮੇਰਾ ਨਾਂ ਲੈ ਕੇ ਘਰਦਿਆਂ ਨੂੰ, "ਕੁੜੇ ਆਉਂਦੀ ਆ ਮੇਰੀ ਧੀ।" ਜਾਂ ਪੁੱਛਣਾ, "ਕਦ ਉਤਰਨੈ ਕੁੜੇ, ਕਿੰਨੇ ਦਿਨ ਰਹਿ ਗਏ ?" ਐਸ ਵਾਰੀ ਵੀ ਇਹੀ ਆਖੀ ਜਾ ਰਹੀ ਸੀ। ਮੇਰੇ ਦਿਲ ਵਿਚ ਵੀ ਇਹੋ ਹੁੰਦਾ ਕਿ ਮੈਂ ਆਪਣੀ ਮਾਂ ਨੂੰ ਚੰਗਾ ਜਿਹਾ ਪਾ ਕੇ ਉਠਣ ਜੋਗੀ ਪਹਿਲਾਂ ਦੀ ਤਰ੍ਹਾਂ ਕਰ ਹੀ ਲਵਾਂਗੀ। ਫੋਨ ਕਰਕੇ ਹਾਲ ਪੁੱਛਣਾ, "ਬਸ ਠੀਕ ਆਂ ਜਾਂ ਹੱਡੀਆਂ ਦੁਖਦੀਆਂ ਨੇ, ਮੈਥੋਂ ਕਿਹੜਾ ਕੁਝ ਹੁੰਦੈ, ਬਸ ਕੱਲੀਓ ਬੈਠੀ ਆਂ," ਜਾਂ ਕਹਿਣਾ, "ਐਧਰ ਬੱਚਿਆਂ ਕੋਠ ਬੈਠੀ ਆਂ, ਉਥੇ ਬੈਠੀ ਦੇ ਮੇਰੇ ਹੌਲ ਪੈਂਦਾ ਸੀ।" ਮੈਨੂੰ ਐਥੇ ਜਦੋਂ ਘਰੋਂ ਦੱਸਿਆ, ਕਿ ਅੱਜ ਬੀਬੀ ਜੀ ਢਿੱਲੇ ਜ਼ਿਆਦਾ ਨੇ, ਮੈਂ ਹਮੇਸ਼ਾ ਰੋਜ਼-ਰੋਜ਼ ਅਰਦਾਸ ਵਿਚ ਵਾਹਿਗੁਰੂ ਤੋਂ ਇਹੀ ਮੰਗ ਕਰਦੀ, "ਸੱਚੇ ਸਾਹਿਬਾ! ਜਦੋਂ ਮੇਰੀ ਮਾਂ ਜਾਵੇ, ਮੈਨੂੰ ਕੋਲ ਹਾਜ਼ਰ ਰੱਖੀਂ, ਪਹਿਲਾਂ ਦੀ ਤਰ੍ਹਾਂ ਨਾ ਕਰੀਂ, ਰੱਬਾ, ਮੈਂ ਕਿਸੇ ਭੈਣ, ਭਾਈ, ਬਾਪ, ਘਰਵਾਲਾ ਤੇ ਹੋਰ ਵਡੇਰੇ ਕਿਸੇ ਜਾਂਦੇ ਨੂੰ ਨਹੀਂ ਦੇਖਿਆ।" ਇਸ ਵਾਰ ਪ੍ਰਮਾਤਮਾ ਨੇ ਮੇਰੀ ਅਰਜ਼ੋਈ ਸੁਣ ਲਈ, ਸਿੱਧੀ ਮਾਂ ਦੇ ਕਮਰੇ ਵਿਚ ਗਈ, ਪਹਿਲਾਂ ਦੀ ਤਰ੍ਹਾਂ ਕਹਿੰਦੀ ਮੇਰੇ ਉਪਰ ਪੈ ਜਾਹ, ਭਾਵ ਮਿਲ ਲੈ। ਮੇਰੇ ਜਾਣ ਤੋਂ 15 ਕੁ ਦਿਨ ਬਾਅਦ ਦੋਰਾਹੇ ਉਨ੍ਹਾਂ ਦੇ ਉਸੇ ਡਾਕਟਰ ਕੋਲ ਲੈ ਗਏ, ਤਿੰਨ ਵਾਰ ਗਏ, ਵਾਪਿਸ ਆਏ, "ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਤਾਂ ਹੈ ਨਹੀਂ, ਬਸ ਮੈਨੂੰ ਸਾਹ ਔਖਾ ਆਉਂਦੈ।" ਸਿਆਣਿਆਂ ਦੀ ਤਰ੍ਹਾਂ ਮੇਰੀ ਮਾਂ ਨੂੰ ਕਦੇ ਖੰਘ ਅਜਿਹੀ ਨਹੀਂ ਸੀ ਹੋਈ, ਸਾਫ਼ ਸੁਥਰੀ ਹਰ ਵਕਤ। ਅਖੀਰ ਤੱਕ ਮੇਰੀ ਸੁਚੱਜੀ ਮਾਂ ਆਪਣੇ-ਆਪ ਨਹਾ ਕੇ ਆਪ ਹੀ ਕਛਹਿਰਾ, ਰੁਮਾਲ ਰੋਜ਼ ਦੀ ਰੋਜ਼ ਧੋਣੇ, ਨਾਲ ਚੱਪਲਾਂ ਤੱਕ ਵੀ। ਫੇਰ ਵਾਰ-ਵਾਰ ਸਾਹ ਔਖਾ ਕਹਿਣ ਉਤੇ ਲੁਧਿਆਣੇ ਸ਼ਪੈਸ਼ਲਿਸਟ ਡਾਕਟਰ ਕੋਲ ਲੈ ਗਏ, ਦੋ ਦਿਨ ਵਿਚ ਸਭ ਠੀਕ-ਠਾਕ। ਡਾ. ਵੀਜ਼ਿਟ ਕਰਨ ਆਉਂਦਾ, ਮਾਂ ਨੂੰ ਠੀਕ ਦੇਖ ਕੇ ਕੋਲੋਂ ਲੰਘ ਜਾਂਦਾ। ਪੰਜਵੇਂ ਦਿਨ ਘਰ ਵਾਪਸੀ 'ਤੇ ਚੰਗੀ ਭਲੀ ਗੱਲ ਕੀਤੀ, ਬੱਚੇ ਮਿਲੇ, ਭਰਾ ਤੇ ਭਤੀਜਾ ਚੰਗੀ ਤਰ੍ਹਾਂ ਪਾ ਕੇ ਉਧਰ ਖਾਣਾ ਖਾਣ ਚਲੇ ਗਏ। ਮੈਂ ਕਿਹਾ ਕਿ "ਬੀਬੀ ਮੈਂ ਵੀ ਇਕ ਅੱਧਾ ਫੁਲਕਾ ਉਧਰ ਹੀ ਖਾ ਆਉਨੀ ਆਂ।" ਵਿਹੜੇ ਅੰਦਰ ਹੀ ਦੋਵੇਂ ਘਰ ਨੇ। ਮੈਨੂੰ "ਪਾਣੀ ਰੱਖ ਜਾਹ" ਆਖ ਦਿੱਤਾ। ਕਹਿ ਕੇ ਗਈ ਕਿ "ਬਸ ਹੁਣੇ ਹੀ ਆਈ।" ਇਕ ਮਿੰਟ ਵਿਚ ਬਿਨਾਂ ਰੋਟੀ ਖਾਧੇ ਮੁੜ ਆਈ। ਜਦੋਂ ਦੇਖਿਆ ਕਿ ਮਾਂ ਦੀਆਂ ਅੱਖਾਂ ਉਪਰ ਕਿਧਰ-ਕਿਧਰ ਘੁੰਮ ਰਹੀਆਂ ਨੇ। ਹੱਥ ਪੈਰ ਨੀਲੇ, ਰੌਲਾ ਪਏ ਤੋਂ ਸਭ ਭੱਜੇ ਆਏ, ਕਿ ਅਟੈਕ ਹੋ ਗਿਆ। ਡਾ. ਨਾਲ ਗੱਲ ਕੀਤੀ, ਦੂਜੀ ਸਵੇਰ ਫੇਰ ਲੈ ਗਏ। ਹੁਣ ਕੀ ਹੋਣਾ ਸੀ, ਬ੍ਰੇਨ ਅਟੈਕ ਹੋ ਗਿਆ ਸੀ। ਬਸ ਸੇਵਾ ਕਰ ਲਓ ਕਿਹਾ, ਵਿਚਾਰੀ ਮਾਂ ਦੇਖੀ ਨਹੀਂ ਸੀ ਜਾਂਦੀ। ਵਾਰ-ਵਾਰ ਸਾਰੇ ਬੁਲਾਉਂਦੇ, ਪਿਆਰ ਕਰਦੇ, ਪਹਿਚਾਣ ਕਰਾਉਂਦੀ ਬੀਬੀ ਜੀ, ਇਹ ਕੌਣ, ਕਿਸੇ-ਕਿਸੇ ਦੀ ਪਹਿਚਾਣ ਆਉਂਦੀ। ਸਾਰੀਆਂ ਸਹੂਲਤਾਂ, ਵੀਲ੍ਹ ਬੈਡ ਬਣਾ ਕੇ, ਹੋਰ ਸਭ ਭਰਾ ਤੇ ਲੜਕੇ ਨੇ ਸਾਰਾ ਪ੍ਰਬੰਧ, ਨਰਸ ਵਗੈਰਾ ਹੋਰ ਜ਼ਰੂਰਤ ਸਭ ਲੈ ਆਂਦੀ। ਕੀ ਪਤੈ ਕਦ ਤੱਕ ਵਿਚਾਰੀ ਇਸ ਹਾਲਤ ਵਿਚ ਰਹੇ, ਕੋਈ ਚੀਜ਼ ਦੀ ਕਮੀ ਨਹੀਂ ਸੀ। ਜੋ ਮੈਨੂੰ ਠੀਕ ਲੱਗਿਆ ਪਾਊਡਰ, ਪਰਫਿਊਮ, ਵਗੈਰਾ, ਐਧਰੋਂ ਬਾਹਰ ਦੀ ਸਫ਼ਾਈ ਲਈ ਮੰਗਾਇਆ। ਆਲਾ ਦੁਆਲਾ ਸਭ ਆਪਣੀ ਤੇ ਮਾਂ ਦੀ ਆਦਤ ਅਨੁਸਾਰ ਸਾਫ਼ ਰੱਖਣਾ। ਕਦੇ ਇਕ ਮੱਖੀ ਤੱਕ ਕਮਰੇ ਵਿਚ ਨਹੀਂ ਆਉਣ ਦਿੱਤੀ ਸੀ। ਠੀਕ ਸੀ, ਕਦੇ ਵੜਦੇ ਨਿਕਲਦੇ ਇਕ ਮੱਖੀ ਆ ਜਾਣੀ, ਮੇਰੀ ਸੁਥਰੀ ਮਾਂ ਨੇ ਰੌਲਾ ਪਾ ਦੇਣਾ, ਹੁਣ ਤਾਂ ਬੇ-ਵਸੀ ਪਤਾ ਨਹੀਂ ਕੀ ਸੋਚਦੀ ਸੀ। ਸੁਰਤ ਵਿਚ ਤਾਂ ਆਪਣੇ ਧੀਆਂ ਪੁੱਤਾਂ ਨੂੰ ਲੱਭਦੀ ਚਲੀ ਗਈ, ਪੁੱਤ ਨੂੰ ਤਾਂ ਲੱਭਦੀ ਹੀ ਸੀ। ਮੇਰੀ ਸੇਵਾ ਪੂਰੀ ਹੋ ਗਈ, ਹੋਰ ਸਭ ਦੀ ਵੀ। ਇਕ ਮਹੀਨਾ ਪੰਜ ਦਿਨ ਸਿਰਫ਼ ਸੇਵਾ ਕਰਵਾਈ। ਸਿਰਫ਼ ਪਾਣੀ ਪਾਣੀ ਦਿਨ ਰਾਤ ਮੰਗਦੀ ਰਹੀ, ਮੈਂ ਚੋਰੀ ਤੇ ਜੂਸ ਦਾ ਚਮਚਾ ਪਾਉਂਦੀ, "ਨਹੀਂ ਪਾਣੀ ਦੇਹ, ਇਹ ਤਾਂ ਮਿਠੈ।"

ਸੋ, "ਵੀਰ ਵਿਛੋੜਾ-ਕਹਿਰ ਵਿਛੋੜਾ !

ਆਂਦਰਾਂ ਕਲਵਲ ਹੋ ਹੋ ਟੁੱਟਣ, ਦੂਰ ਗਏ ਨੀ ਵੀਰ ਜਿਨ੍ਹਾਂ ਦੇ-
ਵੀਰ ਵਿਛੋੜਾ, ਧੀਆਂ ਹਾਵੇ ਭਰ ਭਰ ਮੁੱਕੀਆਂ,
ਵੀਰਾ-ਵੀਰਾ! ਵੀਰਾ-ਵੀਰਾ!! ਆਖਾਂ, ਆ ਜਾਹ ਵੀਰਾ!!!
ਮਾਵਾਂ ਬਾਝੋਂ ਜੀਵਨ ਔਖਾ ਦੂਰ ਗਈਆਂ ਮਾਵਾਂ,
ਭੈਣ-ਧੀਆਂ ਦੇ ਦਿਲ ਨੀ ਮਾਏ, ਦੂਰ ਗਈਆਂ ਨਾ ਪਰਤੀਆਂ ਹਾਏ,
ਦੂਰ ਗਈਆਂ ਮਾਵਾਂ, ਵੀਰਾ-ਵੀਰਾ ਗਾਵਾਂ, ਆ ਵੀਰ ਗਲ ਲਾਵਾਂ, ਔਖਾ ਬਾਝ ਭਰਾਵਾਂ,
ਵੀਰ ਵਿਛੁਨੀ ਵੇ ਆਜਾ, ਵੇ ਆਜਾ ਵੀਰਾ! ਵੀਰ ਵਿਛੋੜਾ-ਕਹਿਰ ਵਿਛੋੜਾ!!"

ਸ਼ਾਲਾ ! ਬਣੀਆਂ ਰਹਿਣ ਇਹ ਸਾਂਝਾਂ

# ਮਿੱਟੀ ਦੇ ਕਣ-ਕਣ ਵਿਚ ਸਮੋਈ ਸਾਂਝੀ ਵਿਰਾਸਤ

**ਸ਼ਵਿੰਦਰ ਕੌਰ**

ਸਾਡਾ ਦੋਹਤਾ ਲਾਭ ਤੀਹ ਕੁ ਸਾਲ ਤੋਂ ਨਾਰਵੇ ਵਿਚ ਰਹਿੰਦਾ ਹੈ। ਉਹ ਹਰ ਸਾਲ ਮਹੀਨੇ ਕੁ ਲਈ ਪੰਜਾਬ ਆਉਂਦਾ ਹੈ। ਇਸ ਵਾਰ ਉਹ ਆਪਣੇ ਦੋਸਤ ਦੇ



ਮੁੰਡੇ ਦੇ ਵਿਆਹ 'ਤੇ ਆਇਆ ਹੈ। ਉਹ ਦੱਸਦਾ ਹੈ ਕਿ ਦੋਵੇਂ ਪਰਿਵਾਰ, ਮੁੰਡੇ ਵਾਲੇ ਵੀ ਅਤੇ ਕੁੜੀ ਵਾਲੇ ਵੀ ਨਾਰਵੇ ਰਹਿੰਦੇ ਹਨ ਪਰ ਉਨ੍ਹਾਂ ਦੀ ਇੱਛਾ ਪੰਜਾਬ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਸ਼ਰੀਕੇ ਕਬੀਲੇ ਨਾਲ ਮਿਲ ਬੈਠਣ ਲਈ ਇੱਥੇ ਆ ਕੇ ਹੀ ਵਿਆਹ ਕਰਨ ਦੀ ਸੀ।

ਪਹਿਲੀ ਰਸਮ ਸ਼ਗਨ ਦੀ ਸੀ ਜੋ ਮੁੰਡੇ ਵਾਲਿਆਂ ਵਲੋਂ ਜਲੰਧਰ ਨੇੜੇ ਆਪਣੇ ਪਿੰਡ ਵਿਖੇ ਰੱਖੀ ਸੀ। ਅਸੀਂ ਉੱਥੇ ਜਾਣ ਲਈ ਲਾਭ ਨੂੰ ਟੈਕਸੀ ਕਰਾ ਦਿੱਤੀ। ਉਹ ਆਪ ਗੱਡੀ ਚਲਾਉਣ ਤੋਂ ਝਕਦਾ ਹੈ ਕਿਉਂਕਿ ਨਾਰਵੇ ਵਿੱਚ ਗੱਡੀ ਸੱਜੇ ਹੱਥ ਚਲਾਉਂਦੇ ਹਨ। ਸ਼ਗਨ ਤੋਂ ਉਹ ਸ਼ਾਮ ਨੂੰ ਵਾਪਸ ਮੁੜ ਆਇਆ। ਮੈਂ ਉਤਸੁਕਤਾ ਵੱਸ ਉਸ ਨੂੰ ਪੁੱਛ ਲਿਆ, "ਬੇਟੇ, ਸ਼ਗਨ 'ਤੇ ਕਿੰਨੀ ਕੁ ਰੌਣਕ ਸੀ ?"

"ਰੌਣਕ ਦੀ ਤਾਂ ਮਾਮੀ ਜੀ ਪੁੱਛੋ ਹੀ ਨਾ...", ਉਹਨੇ ਹੱਸਦਿਆਂ ਹੋਇਆਂ ਜਵਾਬ ਦਿੱਤਾ, "ਸਾਡੇ ਦੋਸਤਾਂ ਦੇ ਕਈ ਦੋਸਤ ਪਰਿਵਾਰ ਤਾਂ ਨਾਰਵੇ ਦੇ ਰਹਿਣ ਵਾਲੇ ਗੋਰੇ ਗੋਰੀਆਂ ਦੇ ਹਨ। ਦੋ, ਤਿੰਨ ਦੋਸਤ ਪਾਕਿਸਤਾਨ ਵਾਲੇ ਪੰਜਾਬ ਤੋਂ ਹਨ। ਇਹ ਸਾਰੇ ਵਿਆਹ ਦੀਆਂ ਰੌਣਕਾਂ ਵਿੱਚ ਖਿੱਚ ਦਾ ਕੇਂਦਰ ਬਣੇ ਹੋਏ ਹਨ ...।"

ਪਾਕਿਸਤਾਨ ਦਾ ਨਾਂ ਸੁਣ ਕੇ ਮੈਨੂੰ ਹੈਰਾਨੀ ਹੋਈ ਕਿ ਇੱਥੇ ਤਾਂ ਸਰਕਾਰ ਦੀਆਂ ਨੀਤੀਆਂ ਦਾ ਮਾੜਾ ਮੋਟਾ ਵਿਰੋਧ ਕਰਨ ਵਾਲੇ ਨੂੰ ਵੀ ਪਾਕਿਸਤਾਨ ਜਾਣ ਦੀਆਂ ਧਮਕੀਆਂ ਮਿਲਦੀਆਂ ਹਨ। ਹਰ ਐਰਾ-ਗੈਰਾ ਨੱਥੂ ਖੈਰਾ ਦੇਸ਼ ਪ੍ਰੇਮੀ ਬਣਿਆ ਹੋਇਆ ਹੈ, ਜਿਹੜਾ ਗੱਲ ਗੱਲ ਤੇ ਦੂਜਿਆਂ ਨੂੰ ਪਾਕਿਸਤਾਨ ਜਾਣ ਦੀ ਨਸੀਹਤ ਦੇਣਾ ਆਪਣਾ ਫਰਜ਼ ਸਮਝਦਾ ਹੈ। ਇੱਥੋਂ ਤੱਕ ਵਿਰੋਧੀ ਧਿਰ ਵੀ ਜੇ ਕਿਸੇ ਮੁੱਦੇ ਦੀ ਸਚਾਈ ਜਾਣਨਾ ਚਾਹੁੰਦੀ ਹੈ ਤਾਂ ਉਸ ਨੂੰ ਵੀ ਪਾਕਿਸਤਾਨ ਦੇ ਪੱਖ ਵਿੱਚ ਬੋਲਣ ਵਾਲੀ ਕਿਹਾ ਜਾਂਦਾ ਹੈ। ਇਹ ਵਿਆਹ ਦੇਖਣ ਆਏ ਹਨ, ਇਹਨਾਂ ਨੂੰ ਡਰ ਨਹੀਂ ਲੱਗਦਾ।

"ਮੇਰਾ ਤਾਂ ਬੇਟੇ ਉਹਨਾਂ ਨਾਲ ਗੱਲਾਂ ਕਰਨ ਨੂੰ ਦਿਲ ਕਰਦਾ ਹੈ।" ਮੈਂ ਲਾਭ ਨੂੰ ਕਿਹਾ। ਅਸਲ ਵਿਚ ਮੈਂ ਉਨ੍ਹਾਂ ਦੀ ਇੱਥੇ ਆ ਕੇ ਮਾਨਸਿਕ ਹਾਲਤ ਕਿਹੋ ਜਿਹੀ ਹੈ, ਦੇਖਣਾ ਚਾਹੁੰਦੀ ਸੀ।

"ਇਹ ਕਿਹੜੀ ਵੱਡੀ ਗੱਲ ਹੈ, ਪਰਸੋਂ ਲੁਧਿਆਣੇ ਬਰਾਤ ਆਉਣੀ ਹੈ। ਮੈਂ ਜਾਣਾ ਹੀ ਹੈ, ਤੁਸੀਂ ਮੇਰੇ ਨਾਲ ਚੱਲਣਾ।" ਲਾਭ ਨੇ ਮੈਨੂੰ ਨਾਲ ਚੱਲਣ ਲਈ ਕਿਹਾ।

"ਨਾ ਭਾਈ, ਤੇਰੇ ਨਾਲ ਤਾਂ ਨਹੀਂ ਮੇਰੇ ਕੋਲੋਂ ਜਾਇਆ ਜਾਣਾ, ਤੂੰ ਮੇਰੀ ਉਹਨਾਂ ਵਿੱਚੋਂ ਇੱਕ ਨਾਲ ਫੋਨ ਤੇ ਗੱਲ ਕਰਵਾ ਦੇਵੀਂ।"

"ਠੀਕ ਹੈ, ਮੈਂ ਤੁਹਾਡੀ ਫੋਨ 'ਤੇ ਗੱਲ ਕਰਵਾ ਦੇਵਾਂਗਾ।"

ਵਿਆਹ ਵਾਲੇ ਦਿਨ ਬਾਰਾਂ ਕੁ ਵਜੇ ਮੇਰੇ ਫੋਨ ਦੀ ਘੰਟੀ ਵੱਜੀ। ਮੇਰੇ ਹੈਲੋ ਕਹਿਣ 'ਤੇ ਅੱਗੋਂ ਬੜੀ ਹੀ ਪਿਆਰੀ ਜਿਹੀ ਪੰਜਾਬੀ ਵਿੱਚ ਆਵਾਜ਼ ਆਉਂਦੀ ਹੈ, "ਸਤਿ ਸ੍ਰੀ ਅਕਾਲ ਮਾਮੀ ਜੀ। ਮੈਂ ਲੁਧਿਆਣੇ ਤੋਂ ਕਾਦਿਮ ਗਦਾਫੀ ਬੋਲਦਾਂ, ਲਾਭ ਦਾ ਦੋਸਤ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਸੀ।"

ਸੁੱਖ ਸਾਂਦ ਪੁੱਛਣ ਤੋਂ ਬਾਅਦ ਮੈਂ ਅਸਲ ਗੱਲ ਵੱਲ ਆਈ, "ਬੇਟੇ, ਮੈਂ ਤਾਂ ਬਸ ਇਹੀ ਜਾਣਨਾ ਚਾਹੁੰਦੀ ਸੀ ਕਿ ਤੁਹਾਨੂੰ ਇਹ ਪੰਜਾਬ ਕਿਹੋ ਜਿਹਾ ਲੱਗਾ ?"

"ਅਸੀਂ ਕਿਸੇ ਓਪਰੇ ਦੇਸ ਥੋੜ੍ਹੇ ਆਏ ਹਾਂ, ਆਪਣੇ ਬਜ਼ੁਰਗਾਂ ਦੇ ਦੇਸ ਆਏ ਹਾਂ। ਸਾਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਆਪਣੇ ਘਰ ਹੀ ਆਏ ਹਾਂ।" ਉਹਨੇ ਹੱਸਦਿਆਂ ਹੋਇਆਂ ਕਿਹਾ। ਉਹੀ ਬੋਲੀ, ਉਹੀ ਪਹਿਰਾਵਾ, ਉਹੀ ਖਾਣ ਪੀਣ ਦੇ ਸ਼ੌਕ ਸਲੀਕੇ, ਉਹੀ ਫਸਲਾਂ, ਉਹੀ ਝੂਮਦੇ ਦਰੱਖਤ, ਉਹੀ ਮੋਹ ਪਿਆਰ ਦੀਆਂ ਗੱਲਾਂ ਕਰਦਾ, ਜਿਹੜਾ ਵੀ ਵਿਅਕਤੀ ਮਿਲਦਾ ਹੈ, ਗਲਵਕੜੀ ਪਾ ਕੇ ਮਿਲਦਾ ਹੈ। ਕੋਈ ਕਹਿੰਦਾ ਹੈ - "ਯਾਰ ਮੇਰਾ ਦਾਦਾ ਲਾਇਲਪੁਰ ਤੋਂ ਆਇਆ ਸੀ, ਵੰਡ ਵੇਲੇ ਕਈ ਮੁਰੱਬੇ ਜ਼ਮੀਨ ਛੱਡ ਕੇ। ਜਿੰਨੀ ਦੇਰ ਜਿਉਂਦਾ ਰਿਹਾ ਆਪਣੇ ਖੇਤਾਂ ਦੀ ਮਿੱਟੀ ਨੂੰ ਯਾਦ ਕਰਕੇ ਝੂਰਦਾ ਰਿਹਾ।" ਦੂਜਾ ਕਹਿੰਦਾ ਹੈ ਕਿ ਉਹਨਾਂ ਦਾ ਲਾਹੌਰ ਬੜਾ ਤਕੜਾ ਬਿਜਨਿਸ ਸੀ। ਹਰ ਮਿਲਣ ਵਾਲੇ ਦੀ ਆਪਣੀ ਆਪਣੀ ਕਹਾਣੀ ਹੈ।

ਮਿੱਟੀ ਦੇ ਕਣ-ਕਣ ਵਿੱਚ ਸਮੋਈ ਸਾਂਝੀ ਵਿਰਾਸਤ ਜਿਵੇਂ ਕਹਿ ਰਹੀ ਹੈ "ਸਾਡੇ ਆਸ਼ਕ ਸਾਂਝੇ, ਸਾਦਕ ਸਾਂਝੇ, ਪੀਰ-ਫਕੀਰ ਸਾਂਝੇ, ਨਾਇਕ ਸਾਂਝੇ, ਇਨਕਲਾਬੀ ਸਾਂਝੇ, ਸਮੇਂ ਦੀਆਂ ਹਕੂਮਤਾਂ ਨਾਲ ਆਢਾ ਲਾਉਣ ਵਾਲੇ ਦੁੱਲਾ ਭੱਟੀ ਅਤੇ ਜੱਗੇ ਸਾਂਝੇ। ਦੇਸ਼ ਨੂੰ ਫ਼ਿਰੰਗੀਆਂ ਤੋਂ ਆਜ਼ਾਦ ਕਰਾਉਣ



ਲਈ ਫਾਂਸੀਆਂ ਦੇ ਰੱਸੇ ਆਪਣੇ ਗਲਾਂ ਵਿੱਚ ਪਾਉਣ ਵਾਲੇ ਸਾਡੇ ਬਜ਼ੁਰਗ ਸਾਂਝੇ। ਇੱਧਰ ਵੀ ਉੱਧਰ ਵੀ ਇਹ ਦੋਨਾਂ ਪੰਜਾਬਾਂ ਦੇ ਆਪਣੇ ਹਨ। ਫਿਰ ਮੈਨੂੰ ਇੱਥੇ ਉਪਰਾ ਕੀ ਲੱਗਣਾ ਸੀ।"

"ਕੱਲ੍ਹ ਮੇਰੀ ਅੰਮੀ ਦਾ ਵੀ ਨਾਰਵੇ ਤੋਂ ਫੋਨ ਆਇਆ ਸੀ, ਉਹ ਵੀ ਤੁਹਾਡੇ ਵਾਂਗ ਪੁੱਛ ਰਹੀ ਸੀ ਕਿ ਤੁਹਾਨੂੰ ਦੋਨੋ ਪੰਜਾਬਾਂ ਵਿੱਚ ਕੀ ਫਰਕ ਲੱਗਿਆ ? ਕੋਈ ਫਰਕ ਨਹੀਂ ਅੰਮੀਂ। ਤੁਹਾਡੇ ਵਾਂਗ ਹੀ ਇੱਥੇ ਵਸਦੀਆਂ ਮਾਵਾਂ ਦੀ ਵੀ ਸਰਹੱਦੀ ਤਲਖੀ ਸਾਹ ਸੂਤ ਲੈਂਦੀ ਹੈ। ਉਹ ਵੀ ਉੱਧਰਲੀਆਂ ਮਾਵਾਂ ਵਾਂਗ ਆਪੋ-ਆਪਣੇ ਅਕੀਦਿਆਂ ਮੁਤਾਬਕ ਰੱਬ ਅੱਗੇ ਜੰਗ ਨਾ ਹੋਣ ਦੇਣ ਲਈ ਦੁਆ ਕਰਦੀਆਂ ਹਨ। ਦੋਹਾਂ ਪਾਸਿਆਂ ਦੀ ਖੈਰ ਸੁੱਖ ਮੰਗਦੀਆਂ ਮਾਪਿਆਂ ਨੂੰ ਪੁੱਤਾਂ ਵਲੋਂ ਠੰਢੀ 'ਵਾ ਆਉਣ, ਬੱਚਿਆਂ ਦੇ ਸਿਰ 'ਤੇ ਬਾਪ ਦਾ ਸਾਇਆ ਸਦਾ ਬਣੇ ਰਹਿਣ ਅਤੇ ਨੂੰਹਾਂ-ਧੀਆਂ ਦੇ ਸਦਾ ਸੁਹਾਗਣ ਰਹਿਣ ਦੀਆਂ ਸੁੱਖਾਂ ਸੁੱਖਦੀਆਂ ਹਨ। ਸਾਰੀਆਂ ਮਾਵਾਂ ਇਹੋ ਚਾਹੁੰਦੀਆਂ ਹਨ, ਜੰਗ ਦੀ ਬਰਬਾਦੀ ਦੀ ਥਾਂ ਪਰਿਵਾਰਾਂ ਦੀਆਂ ਰੌਣਕਾਂ ਬਣੀਆਂ ਰਹਿਣ ਅਤੇ ਸਰਹੱਦ ਦੇ ਆਰ-ਪਾਰ ਸਾਝਾਂ ਬਣੀਆਂ ਰਹਿਣ।"

"ਹਾਂ ਕਾਦਿਰ," ਮੈਂ ਕਿਹਾ, "ਜੇ ਕਿਸੇ ਕਾਰਨ ਇੱਕ ਪਰਿਵਾਰ ਵਿੱਚ ਵਸਦੇ-ਰਸਦੇ ਭਰਾਵਾਂ ਦੇ ਘਰ ਵਿਚਕਾਰ ਕੰਧ ਕੱਢੀ ਜਾਵੇ, ਉਹ ਦੁਬਾਰਾ ਢਾਹੀ ਤਾਂ ਨਹੀਂ ਜਾਂਦੀ ਪਰ ਸਮਾਂ ਪਾ ਕੇ ਉਹ ਮਿਲ ਵਰਤਣ ਤਾਂ ਲੱਗ ਹੀ ਜਾਂਦੇ ਹਨ। ਜੇ ਜ਼ਹਿਰਾਂ ਦੇ ਵਣਜਾਰਿਆਂ ਦੇ ਚੰਦਰੇ ਮਨਸੂਬੇ ਨੇਪਰੇ ਨਾ ਚੜ੍ਹਨ ਤਾਂ ...।"

ਕਾਦਿਮ ਦੇ ਦੋਸਤ ਮਿੱਤਰ ਕਾਦਿਮ ਨੂੰ ਢੋਲ ਦੇ ਡੱਗੇ 'ਤੇ ਨੱਚਣ ਲਈ ਆਵਾਜ਼ਾਂ ਦੇ ਰਹੇ ਸਨ। ਉਹ ਨੇ ਆਦਾਬ ਕਹਿ ਕੇ ਫੋਨ ਬੰਦ ਦਿੱਤਾ।

ਮੇਰੇ ਮਨ ਵਿੱਚ ਆਇਆ ਕਿ ਪਰਵਾਜ਼ ਭਰਦੇ ਪੰਛੀਆਂ ਅਤੇ ਰੁਮਕਦੀ ਹਵਾ ਨੂੰ ਕੋਈ ਹੱਦਾਂ ਸਰਹੱਦਾਂ ਦਾ ਬੰਧਨ ਨਹੀਂ। ਕਾਸ਼ ਮਨੁੱਖ ਵੀ ਇਹਨਾਂ ਤੋਂ ਕੁਝ ਸਿੱਖ ਸਕਦੇ।

# ਤੂੰ ਮੇਰੀ ਅਵਾਜ਼ ਏਂ, ਮੇਰੀ ਮਾਂ ਬੋਲੀ ਪੰਜਾਬੀ

**ਡਾ. ਪਰਮਜੀਤ ਸਿੰਘ ਢੀਂਗਰਾ**



ਵਿਗਿਆਨੀਆਂ ਨੇ ਖੋਜ ਕਰਕੇ ਦੱਸ ਦਿੱਤਾ ਹੈ ਕਿ ਮਾਂ ਦੇ ਗਰਭ ਵਿੱਚ ਬੱਚਾ ਜਿਵੇਂ ਜਿਵੇਂ ਵੱਡਾ ਹੁੰਦਾ ਹੈ, ਉਹਦਾ ਦਿਮਾਗ ਵਿਕਸਤ ਹੁੰਦਾ ਹੈ ਤਾਂ ਉਹ ਗਰਭ ਵਿੱਚ ਅਵਾਜ਼ਾਂ ਸੁਣਨ ਲੱਗ ਜਾਂਦਾ ਹੈ। ਕਿਤੇ ਨਾੜਾਂ ਵਿੱਚ ਵਹਿੰਦੇ ਲਹੂ, ਕਿਤੇ ਧੜਕਦੇ ਦਿਲ, ਕਿਤੇ ਪੇਟ ਵਿੱਚ ਹੁੰਦੀ ਹਲਚਲ ਸਾਰੀਆਂ ਅਵਾਜ਼ਾਂ ਨੂੰ ਸੁਣਦਾ ਉਹ ਪਛਾਣਨ ਲੱਗ ਜਾਂਦਾ ਹੈ। ਜਦੋਂ ਮਾਂ ਬਾਹਰ ਗੱਲਾਂ ਕਰ ਰਹੀ ਹੁੰਦੀ ਹੈ ਤਾਂ ਉਹਨੂੰ ਲੱਗਦਾ ਹੈ ਜਿਵੇਂ ਬੜੀ ਦੂਰੋਂ ਅਵਾਜ਼ ਸੁਣਾਈ ਦੇ ਰਹੀ ਹੋਵੇ। ਬੱਚਾ ਲਗਾਤਾਰ ਇਨ੍ਹਾਂ ਧੁਨੀਆਂ ਨੂੰ ਸੁਣਦਾ ਰਹਿੰਦਾ ਹੈ। ਇਸ ਪ੍ਰਕਾਰ ਉਹ ਜਨਮ ਤੋਂ ਪਹਿਲਾਂ ਹੀ ਭਾਸ਼ਾ ਦਾ ਜਾਣਕਾਰ ਬਣ ਜਾਂਦਾ ਹੈ। ਭਾਸ਼ਾ ਦੇ ਇਹ ਪਹਿਲੇ ਲੱਛਣ ਹਨ ਜੋ ਉਹ ਗਰਭ ਵਿੱਚੋਂ ਸਿੱਖ ਕੇ ਆਉਂਦਾ ਹੈ।

ਮਨੁੱਖ ਸਾਰੀ ਉਮਰ ਇਸ ਦੂਜੀ ਮਾਂ ਦੇ ਅੰਗ ਸੰਗ ਰਹਿੰਦਾ ਹੈ। ਉਹਦੇ ਤੋਂ ਬਿਨਾ ਉਹਦਾ ਇੱਕ ਮਿੰਟ ਵੀ ਗੁਜ਼ਾਰਾ ਨਹੀਂ। ਜੇ ਮਨੁੱਖ ਬੇਹੋਸ਼ ਹੋ ਜਾਵੇ ਤਾਂ ਸਾਰੇ ਉਹਦੇ ਹੋਸ਼ ਵਿੱਚ ਆਉਣ ਦੀ ਦੁਆ ਕਰਦੇ ਹਨ। ਉਹਦੇ ਬੁੱਲ੍ਹ ਫਰਕਦਿਆਂ ਹਰ ਕੋਈ ਉਹਦੀ ਅਵਾਜ਼ ਸੁਣਨ ਲਈ ਕਾਹਲਾ ਹੁੰਦਾ ਹੈ। ਮਰਨ ਕਿਨਾਰੇ ਪਿਆ ਮਨੁੱਖ ਅੰਤਲੀ ਵਾਰ ਕੁਝ ਕਹਿਣਾ ਚਾਹੁੰਦਾ ਹੈ। ਉਹਦੇ ਬੁੱਲ੍ਹ ਕੁਝ ਕਹਿਣ ਲਈ ਫਰਕ ਰਹੇ ਹੁੰਦੇ ਨੇ। ਕੋਲ ਖੜ੍ਹਿਆਂ ਨੂੰ ਆਸ ਹੁੰਦੀ ਹੈ ਕਿ ਉਹ ਦੁਨੀਆ ਤੋਂ ਰੁਖਸਤ ਹੋਣ ਵੇਲੇ ਕੁਝ ਤਾਂ ਕਹੇ। ਕਹੇ ਹੋਏ ਆਖਰੀ ਬੋਲ ਚੇਤਿਆਂ ਵਿੱਚ ਖੁਣੇ ਜਾਂਦੇ ਨੇ। ਸੀਜ਼ਰ ਦੇ ਕਹੇ ਅੰਤਲੇ ਸ਼ਬਦ - ਬਰੂਟਸ ਤੂੰ ਵੀ, ਅੱਜ ਇਤਿਹਾਸ ਦੇ ਪੰਨਿਆਂ 'ਤੇ ਅਮਰ ਹਨ।

ਜੇ ਕਿਸੇ ਨੂੰ ਸਭ ਤੋਂ ਭੈੜੀ ਤੇ ਚੰਦਰੀ ਬਦ ਦੁਆ ਦੇਣੀ ਹੋਵੇ ਤਾਂ ਉਹਨੂੰ ਕਿਹਾ ਜਾਂਦਾ ਹੈ - ਜਾ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ। ਇਹ ਸ਼ਾਇਦ ਮੌਤ ਤੋਂ ਵੀ ਭੈੜੀ ਬਦ ਦੁਆ ਹੈ। ਪਰ ਉਹਨਾਂ ਬੋਲੇ ਕੰਨਾਂ ਤੇ ਅੰਨ੍ਹੀਆਂ ਅੱਖਾਂ ਦਾ ਕੀ ਕਰੀਏ, ਜਿਨ੍ਹਾਂ ਨੂੰ ਸੁਣਦਾ ਵੀ ਬੜਾ ਸਾਫ ਹੈ, ਜਿਨ੍ਹਾਂ ਨੂੰ ਦਿਸਦਾ ਵੀ ਚੰਗਾ ਭਲਾ ਹੈ ਪਰ ਲੋਕਾਂ ਕੋਲੋਂ ਲੋਕਾਂ ਦੀ ਭਾਸ਼ਾ ਵਿੱਚ ਵੋਟਾਂ ਖੋਹ ਕੇ ਉਹ ਗੱਦੀਆਂ ਸਾਂਭ ਲੈਂਦੇ ਨੇ ਤੇ ਫਿਰ ਮਾਂ ਬੋਲੀ ਤੋਂ ਮੁੱਕਰ ਜਾਂਦੇ ਨੇ। ਫਿਰ ਭੋਲੇ ਭਾਲੇ ਵੋਟਰਾਂ ਕੋਲੋਂ ਉਨ੍ਹਾਂ ਦੀ ਮਾਂ ਬੋਲੀ ਖੋਹਣ ਲਈ ਸਾਜਿਸ਼ਾਂ ਰਚਦੇ ਨੇ। ਉਨ੍ਹਾਂ ਨੂੰ ਕੁਰਸੀ ਤੇ ਵੋਟਾਂ ਤੋਂ ਬਿਨਾ ਕੁਝ ਨਜ਼ਰ ਹੀ ਨਹੀਂ ਆਉਂਦਾ ਜਿਵੇਂ ਖੰਡ ਦੀ ਬੋਰੀ ਨੂੰ ਚੰਬੜੀਆਂ ਕੀੜੀਆਂ ਨੂੰ ਸਿਰਫ ਖੰਡ ਹੀ ਨਜ਼ਰ ਆਉਂਦੀ ਹੈ, ਬੋਰੀ ਨਹੀਂ। ਸੱਤ ਸਮੁੰਦਰ ਪਾਰ ਦੀ ਬੋਲੀ ਨੂੰ ਉਹ ਸਕੀ ਮਾਂ ਸਮਝਦੇ ਨੇ। ਇਹ ਮਾਂ ਦੇ ਦੁੱਧ ਦਾ ਸਭ ਤੋਂ ਵੱਡਾ ਨਿਰਾਦਰ ਹੈ। ਗੁਲਾਮ ਮਾਨਸਿਕਤਾ ਨਾਂ ਦੀ ਬਿਮਾਰੀ ਦਾ ਸ਼ਿਕਾਰ ਇਹ ਸਾਡੇ ਰਹਿਬਰ ਸਾਰੇ ਅਵਾਮ ਨੂੰ ਛੂਤ ਦੀ ਇਹ ਬਿਮਾਰੀ ਲਾਉਣੀ ਚਾਹੁੰਦੇ ਨੇ। ਚੰਗੇ ਭਲੇ ਲੋਕ ਬਾਬੇ ਨਾਨਕ ਦੀ ਜੈ ਜੈ ਕਾਰ ਤਾਂ ਕਰਦੇ ਨੇ ਪਰ ਬਾਬੇ ਨਾਨਕ ਦੀ ਸੁਣਦੇ ਨਹੀਂ - ਜਦੋਂ ਉਨ੍ਹਾਂ ਕਿਹਾ ਸੀ - 'ਬੋਲੀ ਅਵਰ ਤੁਮਾਰੀ'। ਬਾਬਾ ਫਰੀਦ ਨੇ ਮਾਂ ਦੇ ਦੁੱਧ ਦਾ ਕਰਜ਼ ਚੁਕਾਇਆ ਜਦੋਂ ਉਨ੍ਹਾਂ ਅਰਬੀ ਫਾਰਸੀ ਛੱਡ ਕੇ ਮਾਂ ਬੋਲੀ ਵਿੱਚ ਆਪਣਾ ਸੁਨੇਹਾ ਦਿੱਤਾ। ਇਹ ਗੱਲ ਉਨ੍ਹਾਂ ਨੂੰ ਅੱਜ ਤੋਂ ਅੱਠ ਸਦੀਆਂ ਪਹਿਲਾਂ ਸਮਝ ਆ ਗਈ ਸੀ। ਪਰ ਅਸਾਂ ਅਕਲ ਦੇ ਅੰਨ੍ਹਿਆਂ ਨੂੰ ਅੱਜ ਤੱਕ ਸਮਝ ਨਹੀਂ ਆਈ ਕਿ ਮਾਂ ਬੋਲੀ ਤੋਂ ਮੁਖ ਮੋੜਨਾ ਆਤਮਘਾਤ ਕਰਨ ਦੇ ਤੁੱਲ ਹੈ।

ਬਹੁਤ ਪਹਿਲਾਂ ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਲਿਖਿਆ ਸੀ - 'ਹਰ ਬੋਲੀ ਦੀ ਆਪਣੀ ਆਤਮਾ ਹੁੰਦੀ ਹੈ, ਆਪੋ ਆਪਣੀ ਤਬੀਅਤ ਹੁੰਦੀ ਹੈ। ਇਸ ਆਤਮਾ ਦੇ ਅਨੁਕੂਲ ਆਲੇ ਦੁਆਲੇ ਵਿੱਚੋਂ ਉਹਦਾ ਸਰੀਰ ਉੱਸਰਦਾ ਹੈ। ਉਹ ਆਤਮਾ ਅਤੇ ਤਬੀਅਤ ਉਸ ਕੌਮ ਦੇ ਆਚਰਣ ਦੇ ਅਨੁਕੂਲ ਹੁੰਦੀ ਹੈ। ਪੰਜਾਬੀ ਨੂੰ ਭਾਵੇਂ ਰਾਜ ਦਰਬਾਰ ਦਾ ਮਾਣ ਨਹੀਂ ਮਿਲਿਆ, ਇਹ ਲੋਕਾਂ ਦੇ ਵਿਹੜਿਆਂ ਵਿਚ, ਪੈਲੀਆਂ ਤੇ ਖੇਤਾਂ ਵਿਚ, ਪਹਾੜਾਂ ਤੇ ਮੈਦਾਨਾਂ ਵਿੱਚ ਖੇਡੀ ਤੇ ਪਲੀ। ਇਸ ਲਈ ਇਸ ਨੇ ਦਰਬਾਰੀ ਲੋਕਾਂ ਦੀ ਅੜਕ ਮੜਕ ਨਹੀਂ ਸਿੱਖੀ। ਇਹ ਆਮ ਪੰਜਾਬੀ ਲੋਕਾਂ ਵਾਂਗੂੰ ਸਾਦ ਮੁਰਾਦੀ ਹੀ ਰਹੀ। ਇਸ ਵਿੱਚ ਨਾ ਪੰਡਤਾਂ ਵਾਲੀ ਪੰਡਤਾਈ ਤੇ ਨਾ ਸ਼ੁਕੀਨ ਬੇਮੁਹਾਰੇ ਲੋਕਾਂ ਵਾਲੇ ਹਾਵ ਭਾਵ ਆਏ।' ਇਸ ਸਾਦ ਮੁਰਾਦੇ ਸਲੀਕੇ ਤੋਂ ਕਵੀ ਕਹਿੰਦਾ ਹੈ -

ਜ਼ਬਾਨ ਮੇਰੀ ਤੋਂ ਹਰਫ ਪੰਜਾਬੀ ਜਾਂ ਨਿਕਲੇ
ਮੂੰਹ ਵਿੱਚ ਜੀਭਾ ਮੇਰੀ, ਕੌਸਰ ਜਲ ਬਣ ਜਾਵੇ।

ਮਾਂ ਬੋਲੀ ਰੱਬੀ ਅਤੇ ਕੁਦਰਤੀ ਦਾਤ ਹੁੰਦੀ ਏ। ਇਹ ਸਦੀਆਂ ਪਹਿਲਾਂ ਕਿਸੇ ਖਿੱਤੇ ਦੇ ਨਿਵਾਸੀਆਂ ਦੀ ਜੀਵਨ ਯਾਤਰਾਂ ਵਿੱਚੋਂ ਵਿਗਸਦੀ, ਉਨ੍ਹਾਂ ਦੀਆਂ ਰੂਹਾਂ ਦਾ ਦੀਦਾਰ ਹੁੰਦੀ ਏ। ਇਸੇ ਦੇ ਸ਼ੀਸ਼ੇ ਵਿੱਚੋਂ ਵਿਰਸੇ ਦੀਆਂ ਝਲਕਾਂ ਮਿਲਦੀਆਂ ਨੇ। ਇਹਦੇ ਅੰਦਰ ਸਾਂਭੇ ਖਜ਼ਾਨੇ ਮਨੁੱਖ ਦੀ ਭਵਿਖੀ ਜ਼ਿੰਦਗੀ ਦੇ ਜਾਮਨ ਹੁੰਦੇ ਨੇ। ਇਹ ਇੱਕ ਅਜਿਹੀ ਚਾਬੀ ਹੈ ਜਿਹੜੀ ਸਭਿਆਚਾਰਾਂ ਦੇ ਜੰਦਰੇ ਖੋਲ੍ਹਣ ਦੀ ਤਾਕਤ ਬਖਸ਼ਦੀ ਹੈ। ਸਾਨੂੰ ਕਦੋਂ ਸਮਝ ਆਏਗੀ ਕਿ -

ਮਾਂ ਬੋਲੀ ਜੇ ਭੁੱਲ ਜਾਓਗੇ। ਕੱਖਾਂ ਵਾਂਗੂੰ ਰੁਲ ਜਾਓਗੇ।

ਇਕ ਵਿਦਵਾਨ ਨੇ ਠੀਕ ਕਿਹਾ ਹੈ - ਕਿਸੇ ਵੀ ਨਾਰੀ ਪੁਰਸ਼ ਨੂੰ ਉਹਦੀ ਮਾਂ ਬੋਲੀ ਤੋਂ ਜੁਦਾ ਕਰਨਾ ਇੱਕ ਘੋਰ ਅੱਤਿਆਚਾਰ ਅਤੇ ਬੇਇਨਸਾਫੀ ਹੈ, ਇੱਕ ਤਸ਼ੱਦਦ ਹੈ। ਮਾਂ ਬੋਲੀ ਮਨੁੱਖ ਦੀ ਬੁਨਿਆਦੀ ਪਛਾਣ ਜਾਂ ਸ਼ਨਾਖਤ ਹੈ। ਅਫਰੀਕੀ ਅਤੇ ਏਸ਼ੀਆਈ ਮੁਲਕਾਂ ਵਿੱਚ ਜਿੱਥੇ ਮਾਂ ਬੋਲੀ ਤੋਂ ਪਾਸਾ ਵੱਟ ਕੇ ਉਸਦੀ ਥਾਂ ਅੰਗਰੇਜ਼ੀ ਜਾਂ ਕਿਸੇ ਹੋਰ ਗ਼ੈਰ- ਬੋਲੀ ਨੂੰ ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਅਪਣਾਇਆ ਗਿਆ ਤਾਂ ਉਨ੍ਹਾਂ ਸਮਾਜਾਂ ਵਿੱਚ ਆਮ ਲੋਕਾਂ ਅਤੇ ਵਿਸ਼ੇਸ਼ ਵਰਗ ਦੇ ਲੋਕਾਂ ਵਿੱਚ ਪਾੜਾ ਵਧਦਾ ਗਿਆ ਤੇ ਇਹ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਤੋਂ ਬਿਨਾ ਇਹ ਵੀ ਦੇਖਿਆ ਗਿਆ ਕਿ ਉਨ੍ਹਾਂ ਬੱਚਿਆਂ ਵਿੱਚ ਸਿਰਜਣਾਤਮਕਤਾ ਤੇ ਚੱਜ ਅਚਾਰਾਂ ਦੀ ਵੀ ਘਾਟ ਨਜ਼ਰ ਆਉਂਦੀ ਹੈ।' ਕੀ ਅਸੀਂ ਆਪਣੇ ਬੱਚਿਆਂ ਨੂੰ ਭਵਿੱਖ ਦੇ ਗੈਂਗਸਟਰ ਬਣਾਉਣਾ ਚਾਹੁੰਦੇ ਹਾਂ ਜਾਂ ਚੰਗੇ ਨਾਗਰਿਕ ? ਚੰਗੇ ਨਾਗਰਿਕ ਅਤੇ ਸਲੀਕੇ ਵਾਲੇ ਬੌਧਿਕ ਵਿਅਕਤੀ ਕੇਵਲ ਮਾਂ ਬੋਲੀ ਵਿੱਚ ਹੀ ਬਣ ਸਕਦੇ ਹਨ। ਅਸੀਂ ਜਿੰਨੀਆਂ ਮਰਜ਼ੀ ਜ਼ਬਾਨਾਂ ਸਿੱਖ ਲਈਏ ਪਰ ਮਾਂ ਦੇ ਖੂਨ ਅਤੇ ਦੁੱਧ ਵਿੱਚੋਂ ਸਿੱਖੀ ਜ਼ਬਾਨ ਵਿੱਚ ਹੀ ਸੋਚ ਸਕਦੇ ਹਾਂ। ਸੋਚਹੀਣ ਪ੍ਰਾਣੀ ਹਮੇਸ਼ਾ ਬੁੱਧੂ ਹੀ ਹੁੰਦੇ ਹਨ। ਸੱਚ ਹੀ ਤਾਂ ਕਿਹਾ ਹੈ - ਜਿਹੜਾ ਮਾਂ ਦਾ ਨਹੀਂ, ਉਹ ਕਿਸੇ ਥਾਂ ਦਾ ਨਹੀਂ, ਜਿਸ ਕੋਲ ਮਾਂ ਬੋਲੀ ਨਹੀਂ, ਉਹਦੇ ਕੋਲ ਕੱਖ ਵੀ ਨਹੀਂ।

ਅਵਾਰ ਮਾਂ ਬੋਲੀ ਦਾ ਸੱਚਾ ਸਪੂਤ ਰਸੂਲ ਹਮਜ਼ਾਤੋਵ ਲਿਖਦਾ ਹੈ - ਦੂਜਿਆਂ ਨੂੰ ਇਹ ਕਹਿਣ ਦਿਓ ਕਿ ਸਾਡੀ ਨਿੱਕੀ ਜਿਹੀ ਕੌਮ ਦੀ ਬੋਲੀ ਗਰੀਬ ਹੈ। ਮੈਂ ਆਪਣੀ ਮਾਂ ਬੋਲੀ ਵਿੱਚ ਜੋ ਚਾਹਾਂ ਪ੍ਰਗਟ ਕਰ ਸਕਦਾ ਹਾਂ ਤੇ ਮੈਨੂੰ ਆਪਣੇ ਵਿਚਾਰ ਤੇ ਭਾਵ ਪ੍ਰਗਟ ਕਰਨ ਲਈ ਕਿਸੇ ਦੂਜੀ ਬੋਲੀ ਦੀ ਲੋੜ ਨਹੀਂ। ਮੇਰੇ ਲਈ ਕੌਮਾਂ ਦੀਆਂ ਬੋਲੀਆਂ ਅਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ ਇੱਕ ਵੱਡੇ ਸਾਰੇ ਸਿਤਾਰੇ ਵਿੱਚ ਮਿਲ ਕੇ ਇੱਕ ਹੋ ਜਾਣ, ਜਿਸ ਅੱਧਾ ਅਸਮਾਨ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਪਰ ਅਸਮਾਨ ਵਿੱਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦਿਓ।'

ਮੇਰੀ ਮਾਂ ਬੋਲੀ ਵੀ ਤਾਂ ਬੋਲੀਆਂ ਦੇ ਅਕਾਸ਼ ਵਿੱਚ ਇੱਕ ਸਿਤਾਰੇ ਵਾਂਗ ਹੈ। ਇਹਦੀ ਚਮਕ ਅੱਜ ਡੇਢ ਸੌ ਮੁਲਕਾਂ ਵਿੱਚ ਨਜ਼ਰ ਆਉਂਦੀ ਹੈ। ਇਹਦੀ ਲਿਸ਼ਕ ਚੌਦਾਂ ਕਰੋੜ ਬੋਲਣ ਹਾਰਿਆਂ ਦੀਆਂ ਅੱਖਾਂ ਵਿੱਚ ਚਾਨਣ ਕਰਦੀ ਹੈ। ਫਿਰ ਉਹ ਕਿਹੜੇ ਲੁਟੇਰੇ ਹਨ ਜਿਹੜੇ ਮੇਰੀ ਮਾਂ ਬੋਲੀ ਦੀ ਚਮਕ ਨੂੰ ਧੁੰਦਲਾ ਕਰਨਾ ਚਾਹੁੰਦੇ ਨੇ, ਜਿਨ੍ਹਾਂ ਕੋਲੋਂ ਇਹਦੀ ਲਿਸ਼ਕ ਜਰੀ ਨਹੀਂ ਜਾਂਦੀ।

ਸਾਡੇ ਦਰਿਆ ਸਦੀਆਂ ਤੋਂ ਨਿਰਮਲ ਜਲ ਨਾਲ ਵਗਦੇ ਸਨ ਅੱਜ ਇਨ੍ਹਾਂ ਦੀ ਨਿਰਮਲਤਾ ਮੁਨਾਫੇਖੋਰਾਂ ਨੇ ਮਲੀਨ ਕਰ ਦਿੱਤੀ ਹੈ। ਇਵੇਂ ਹੀ ਕੁਝ ਨਾਵਾਕਫ ਅਤੇ ਅਕਲੋਂ ਕੋਰੇ ਸਾਡੀ ਮਾਂ ਬੋਲੀ ਨੂੰ ਵੀ ਮਲੀਨ ਕਰਨ 'ਤੇ ਤੁਲੇ ਹੋਏ ਨੇ। ਜਦੋਂ ਅਸੀਂ ਆਪਣੀ ਜ਼ਬਾਨ ਛੱਡ ਕੇ ਕਿਸੇ ਦੂਜੀ ਬੋਲੀ ਵਿੱਚ ਗੱਲ ਕਰਦੇ ਹਾਂ ਤਾਂ ਉਹਦੇ ਵਿੱਚ ਸ਼ਬਦਾਂ ਦੀ ਭਾਲ ਲਈ ਦਿਮਾਗ 'ਤੇ ਜ਼ੋਰ ਪਾਉਣਾ ਪੈਂਦਾ ਹੈ ਅਤੇ ਬੰਦਾ ਖਾਹਮਖਾਹ ਹੀ ਮੁਸੀਬਤ ਵਿੱਚ ਫਸ ਜਾਂਦਾ ਹੈ। ਇਹੋ ਜਿਹੀ ਭਾਸ਼ਾ ਅੱਜ ਕੱਲ੍ਹ ਸਾਡੇ ਪਿੰਡਾਂ ਵਿੱਚ ਵੇਖੀ ਜਾ ਸਕਦੀ ਹੈ ਜਦੋਂ ਦੂਜੇ ਸੂਬਿਆਂ ਤੋਂ ਆਏ ਭਈਆਂ ਨਾਲ ਲੋਕ ਗੱਲਾਂ ਕਰਦੇ ਨੇ। ਉਨ੍ਹਾਂ ਦੀ ਜ਼ਬਾਨ ਸੁਣ ਕੇ ਹਾਸਾ ਵੀ ਆਉਂਦਾ ਹੈ ਤੇ ਤਰਸ ਵੀ।

ਇੱਥੇ ਮੈਨੂੰ ਰਸੂਲ ਹਮਜ਼ਾਤੋਵ ਦੀ ਸੁਣਾਈ ਇੱਕ ਕਥਾ ਯਾਦ ਆ ਗਈ। ਉਹ ਲਿਖਦਾ ਹੈ - ਇਕ ਵਾਰ ਉਹ ਪੈਰਿਸ ਵਿੱਚ ਆਪਣੇ ਇੱਕ ਹਮਵਤਨੀ ਨੂੰ ਮਿਲਿਆ ਜੋ ਕਈ ਚਿਰ ਪਹਿਲਾਂ ਉੱਥੇ ਜਾ ਕੇ ਵਸ ਗਿਆ ਸੀ। ਜਦੋਂ ਵਾਪਸ ਆ ਕੇ ਹਮਜ਼ਾਤੋਵ ਨੇ ਉਹਦੇ ਬਾਰੇ ਪਤਾ ਕੀਤਾ ਤਾਂ ਪਤਾ ਲੱਗਾ ਕਿ ਉਹਦੀ ਮਾਂ ਜਿਊਂਦੀ ਹੈ। ਉਹਦੇ ਭਾਈਚਾਰੇ ਨੂੰ ਵੀ ਇਹ ਜਾਣ ਕੇ ਖੁਸ਼ੀ ਹੋਈ ਕਿ ਉਨ੍ਹਾਂ ਦਾ ਇੱਕ ਭਾਈਬੰਦ ਵਿਦੇਸ਼ਾਂ ਵਿੱਚ ਵਸਿਆ ਅਜੇ ਜਿਊਂਦਾ ਹੈ। 'ਤੁਸੀਂ ਗੱਲਾਂ ਅਵਾਰ ਬੋਲੀ ਵਿੱਚ ਕੀਤੀਆਂ ?' ਅਚਾਨਕ ਉਹਦੀ ਮਾਂ ਨੇ ਪੁੱਛਿਆ।

'ਨਹੀਂ, ਅਸੀਂ ਦੁਭਾਸ਼ੀਏ ਰਾਹੀਂ ਗੱਲਾਂ ਕੀਤੀਆਂ। ਮੈਂ ਰੂਸੀ ਬੋਲਦਾ ਸਾਂ ਤੇ ਤੁਹਾਡਾ ਪੁੱਤ ਫਰਾਂਸੀਸੀ।'

ਮਾਂ ਨੇ ਆਪਣਾ ਮੂੰਹ ਕਾਲੇ ਘੁੰਡ ਹੇਠ ਢਕ ਲਿਆ, ਜਿਵੇਂ ਸਾਡੀਆਂ ਔਰਤਾਂ ਪੁੱਤਰ ਦੀ ਮੌਤ ਬਾਰੇ ਪਤਾ ਲੱਗਣ 'ਤੇ ਢਕ ਲੈਂਦੀਆਂ ਹਨ।

'ਤੈਨੂੰ ਗਲਤੀ ਲੱਗੀ ਹੈ, ਰਸੂਲ।' ਬਹੁਤ ਦੇਰ ਬਾਅਦ ਚੁੱਪ ਰਹਿਣ ਪਿਛੋਂ ਮਾਂ ਬੋਲੀ। 'ਮੇਰਾ ਪੁੱਤ ਤਾਂ ਕਦੋਂ ਦਾ ਮਰ ਚੁੱਕਾ ਹੈ। ਉਹ ਮੇਰਾ ਪੁੱਤ ਨਹੀਂ ਹੋ ਸਕਦਾ। ਮੇਰਾ ਕੋਈ ਵੀ ਪੁੱਤਰ ਉਹ ਬੋਲੀ ਨਹੀਂ ਸੀ ਭੁੱਲ ਸਕਦਾ ਜਿਹੜੀ ਉਸ ਨੂੰ ਮੈਂ, ਇੱਕ ਅਵਾਰ ਮਾਂ ਨੇ ਸਿਖਾਈ ਸੀ।' ਫਿਰ ਅਸੀਂ ਕਿਉਂ ਮਾਂ ਦੀ ਸਿਖਾਈ ਬੋਲੀ ਭੁੱਲਦੇ ਜਾ ਰਹੇ ਹਾਂ। ਜਿੰਨੀ ਰਵਾਨੀ ਨਾਲ ਅਸੀਂ ਆਪਣੀ ਮਾਂ ਬੋਲੀ ਵਿੱਚ ਗੱਲਬਾਤ ਕਰ ਸਕਦੇ ਹਾਂ ਪਰਾਈ ਵਿੱਚ ਨਹੀਂ। ਫਿਰ ਕਿਉਂ ਖੁੱਲ੍ਹੇ ਵਹਿਣਾਂ ਵਰਗੀ ਬੋਲੀ ਲਈ ਬੰਨ੍ਹ ਮਾਰਨ 'ਤੇ ਲੱਗੇ ਹੋਏ ਹਾਂ।

ਸਾਡੇ ਦੋਗਲੇਪਨ ਦੀ ਸਮਝ ਵਿਦੇਸ਼ੀਆਂ ਨੂੰ ਤਾਂ ਆ ਜਾਂਦੀ ਹੈ ਪਰ ਸਾਨੂੰ ਨਹੀਂ। ਪ੍ਰਸਿੱਧ ਵਿਦਵਾਨ ਪ੍ਰੋ. ਤੋਮੀਓ ਮੀਜ਼ੋਕਾਮੀ, ਜਿਸ ਨੇ ਕਈ ਸਾਲ ਓਸਾਕਾ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਕੋਰਸ ਪੜ੍ਹਾਏ ਹਨ, ਨੇ ਲੰਡਨ ਵਿੱਚ ਦਿੱਤੀ ਇੱਕ ਇੰਟਰਵਿਊ ਵਿੱਚ ਕਿਹਾ ਸੀ - ਇਸ ਦਾ ਕਾਰਨ ਹੀਣਤਾ ਭਾਵ ਹੈ, ਭਾਰਤ ਦੇ ਪੜ੍ਹੇ ਲਿਖੇ ਪੰਜਾਬੀ ਵੀ ਪੰਜਾਬੀ ਨਹੀਂ ਬੋਲਦੇ ਸਗੋਂ ਅੰਗਰੇਜ਼ੀ ਬੋਲਦੇ ਹਨ। ਪੰਜਾਬੀ ਲੋਕ ਕਹਿੰਦੇ ਕੁਝ ਹਨ ਅਤੇ ਕਰਦੇ ਕੁਝ ਹਨ।' ਕੀ ਅਸੀਂ ਕਦੇ ਇਸ ਹੀਣਤਾ ਦਾ ਭਾਵ ਤਿਆਗ ਸਕਾਂਗੇ ? ਕੀ ਕਦੇ ਆਪਣੀ ਮਾਂ ਬੋਲੀ ਦੇ ਸੱਚੇ ਕਦਰਦਾਨ ਬਣ ਕੇ ਇਹਦੀ ਰੂਹ ਨੂੰ ਆਪਣੇ ਅੰਦਰ ਵਸਾ ਸਕਾਂਗੇ ? ਕੀ ਕਦੇ ਅਸੀਂ ਅਵਾਰ ਮਾਂ ਬੋਲੀ ਵਾਂਗ ਕਹਿ ਸਕਾਂਗੇ ਕਿ - ਮੇਰੀ ਮਾਂ ਬੋਲੀ ਪੰਜਾਬੀ ਤੂੰ ਮੇਰਾ ਧਨ ਹੈਂ; ਮੇਰਾ ਖਜ਼ਾਨਾ ਹੈਂ ਜਿਸਨੂੰ ਮੈਂ ਔਕੜ ਵਾਲੇ ਦਿਨਾਂ ਲਈ ਸੰਭਾਲ ਰੱਖਿਆ ਹੈ, ਤੂੰ ਮੇਰੇ ਸਭ ਰੋਗਾਂ ਦੀ ਦਵਾ ਏਂ, ਤੂੰ ਮੇਰੀ ਅਵਾਜ਼ ਏਂ, ਮੇਰੀ ਮਾਂ ਬੋਲੀ ਪੰਜਾਬੀ।


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਕੁੱਕ ਦੀ ਜ਼ਰੂਰਤ

ਫਰੀਮੌਂਟ (ਕੈਲੀਫੋਰਨੀਆ) ਏਰੀਏ ਵਿਚ ਇੰਡੀਅਨ ਰੈਸਟੋਰੈਂਟ ਲਈ ਇਕ ਤਜ਼ਰਬੇਕਾਰ ਕੁੱਕ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰ 'ਤੇ ਸੰਪਰਕ ਕਰ ਸਕਦੇ ਹੋ ਜੀ।

ਫੋਨ ਨੰਬਰ:
+1(682)-521-3263

## ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

Live-in housekeeper/ nanny needed

ਕਾਲ ਕਰੋ

510-938-7195

### ਖ਼ਾਲਿਸਤਾਨ ਐਲਾਨਨਾਮੇ ਦੇ 33 ਵਰ੍ਹੇ ਬਾਅਦ ਸਿੱਖਾਂ ਦਾ ਵਰਤਮਾਨ

ਨਹੀਂ ਹੋ ਸਕਦਾ। ਅੱਜ ਕੌਮ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਕੌਮੀ ਵਿਹੜੇ 'ਚ ਗੁਰਮਤਿ ਵਿਚਾਰਧਾਰਾ ਦਾ ਖਲਾਅ ਪੈਦਾ ਹੋ ਗਿਆ ਹੈ। ਕੌਮ ਆਪਣੇ ਕੌਮੀ ਨਿਸ਼ਾਨੇ ਤੋਂ ਤਾਂ ਥਿੜਕੀ ਹੀ ਸੀ, ਉਹ ਆਪਣੀ ਬੁਨਿਆਦ ਤੋਂ ਵੀ ਦੂਰ ਹੁੰਦੀ ਜਾ ਰਹੀ ਹੈ। ਬਿਨਾ ਬੁਨਿਆਦ ਕੌਮੀ ਘਰਾਂ ਦੀ ਉਸਾਰੀ ਦੇ ਸੁਪਨੇ ਵੇਖਣਾ, ਦਿਨੇ ਸੁਪਨੇ ਲੈਣ ਵਰਗਾ ਹੀ ਹੋਵੇਗਾ। ਖ਼ਾਲਿਸਤਾਨ ਦੀ ਪ੍ਰਾਪਤੀ ਲਈ ਜੱਦੋਜਹਿਦ ਦੇ ਨਾਲ-ਨਾਲ ਸਿੱਖੀ ਵਿਚਾਰਧਾਰਾ ਨੂੰ ਬਚਾਉਣ ਅਤੇ ਮੁੜ ਤੋਂ ਪ੍ਰਪੱਕ ਕਰਨ ਦੀ ਲੋੜ ਵੀ ਬਰਾਬਰ ਬਣੀ ਹੋਈ ਹੈ। ਪਦਾਰਥਵਾਦ ਨੇ ਕੌਮ ਦੇ ਆਗੂਆਂ ਨੂੰ ਸੁਆਰਥੀ ਬਣਾ ਦਿੱਤਾ ਹੈ। ਕੌਮ ਨੂੰ ਬਿਪਰਵਾਦ ਨੇ ਪਖੰਡ ਦੀ ਦਲਦਲ 'ਚ ਸੁੱਟ ਦਿੱਤਾ ਹੈ, ਜਿਸ ਕਾਰਨ ਪਤਿਤਪੁਣੇ, ਨਸ਼ਿਆਂ, ਲੋਭ-ਲਾਲਚ, ਨਿੱਜੀ ਹਊਮੈ ਤੇ ਈਰਖਾ ਨੇ ਕੌਮ 'ਤੇ ਆਪਣਾ ਗ਼ਲਬਾ ਜਮਾ ਲਿਆ ਹੈ। ਜਿਵੇਂ ਸਿੱਖੀ ਦੀ ਰੂਹ ਉਡਾਰੀ ਮਾਰ ਗਈ ਹੋਵੇ ਤੇ ਬਾਕੀ ਕਲਬੂਤ ਬਚਿਆ ਹੋਵੇ, ਅਜਿਹੀ ਹਾਲਤ ਹੈ। ਸਾਨੂੰ ਆਖ਼ਰ ਇਹ ਤਾਂ ਸੋਚਣਾ ਹੀ ਪਵੇਗਾ ਕਿ ਜਿਸ ਖਾਲਸੇ ਨੇ ਆਪਣੇ ਜਨਮ ਦੇ ਪਹਿਲੇ ਦਹਾਕੇ 'ਚ ਹੀ ਸਦੀਆਂ ਤੋਂ ਜੰਮੀ ਮੁਗਲ ਰਾਜ ਦੀ ਜੜ੍ਹ ਪੁੱਟ ਕੇ ਆਪਣਾ ਰਾਜ ਸਥਾਪਿਤ ਕਰ ਲਿਆ ਸੀ ਅਤੇ ਜਿਹੜੇ ਘੋੜਿਆਂ ਦੀਆਂ ਕਾਠੀਆਂ 'ਤੇ ਰਹਿੰਦੇ ਹੋਏ ਵੀ ਮੁਗਲ ਰਾਜ ਨੂੰ ਕੰਬਾਈ ਰੱਖਦੇ ਸਨ, ਉਹ ਖਾਲਸਾ ਪੰਥ ਹੁਣ ਆਪਣੇ ਨਾਲ ਹੁੰਦੀ ਧੱਕੇਸ਼ਾਹੀ ਦਾ ਇਨਸਾਫ਼ ਲੈਣ ਤੋਂ ਵੀ ਕਿਉਂ ਅਸਮਰੱਥ ਹੋ ਗਿਆ ਹੈ? ਉਹ ਸਿਵਾਏ ਆਪਣੇ ਭਰਾਵਾਂ ਦੀਆਂ ਪੱਗਾਂ ਲਾਹੁਣ ਤੋਂ ਇਲਾਵਾ ਹੋਰ ਕੁਝ ਕਰਨ ਜੋਗਾ ਹੀ ਨਹੀਂ ਰਿਹਾ? ਸਾਨੂੰ ਆਪਣੇ ਮਨਾਂ 'ਚ ਝਾਤੀ ਮਾਰਨੀ ਹੋਵੇਗੀ। ਪੁਰਾਤਨ ਖਾਲਸੇ ਦੇ ਚਰਿੱਤਰ ਅਤੇ ਆਪਣੇ ਵਰਤਮਾਨ ਚਰਿੱਤਰ ਦਾ ਫ਼ਰਕ ਲੱਭਣਾ ਤੇ ਸਮਝਣਾ ਹੋਵੇਗਾ।

#### ਪੰਥਕ ਲੀਡਰਸ਼ਿਪ ਦੇ ਖਲਾਅ ਨੂੰ ਪੂਰਨ ਦੀ ਲੋੜ

ਪਦਾਰਥਕ ਆਧੁਨਿਕਤਾ ਦੀ ਹਨੇਰੀ ਨੇ ਸਾਡੀ ਕੌਮ ਤੋਂ ਭਗਤੀ ਤੇ ਸ਼ਕਤੀ ਦੀ ਸਾਂਝ ਖੋਹ ਲਈ ਜਾਪਦੀ ਹੈ। ਅਸੀਂ ਗੁਰਮਿਤ ਵਿਚਾਰਧਾਰਾ ਨੂੰ ਮਾਤਰ ਗਿਆਨ ਹਾਸਲ ਕਰਨ ਦਾ ਸਾਧਨ ਹੀ ਸਮਝ ਲਿਆ ਹੈ, ਸਾਡੇ ਅਮਲੀ ਜੀਵਨ 'ਚੋਂ ਸਿੱਖੀ ਜੀਵਨ ਦੀ ਪਹਿਲ-ਤਾਜ਼ਗੀ ਆਲੋਪ ਹੋ ਗਈ ਹੈ। ਗੁਰੂ ਸਾਹਿਬ ਨੇ ਸ਼ੁਰੂ 'ਚ ਹੀ ਸਾਫ਼ ਕਰ ਦਿੱਤਾ ਸੀ ਕਿ 'ਬਿਪਰਨ ਦੀ ਰੀਤ' ਤੁਰਨ ਵਾਲੇ ਦੀ ਮੈਂ ਕਦੇ ਪ੍ਰਤੀਤ ਨਹੀਂ ਕਰੂੰਗਾ। ਜਦੋਂ ਅਸੀਂ ਗੁਰੂ ਦਾ ਭਰੋਸਾ ਹੀ ਗੁਆ ਲਿਆ ਹੈ, ਉਸ ਦੇ ਅਸ਼ੀਰਵਾਦ ਤੋਂ ਹੀ ਵਾਂਝੇ ਹੋ ਗਏ ਹਾਂ, ਫਿਰ ਸ਼ਕਤੀ ਕਿੱਥੋਂ ਭਾਲਦੇ ਹਾਂ? ਕੌਮ ਦੇ ਵਿਹੜੇ 'ਚ ਗੁਰਮਤਿ ਦਾ ਵੱਡਾ ਖਲਾਅ ਪੈਦਾ ਹੋ ਗਿਆ ਹੈ। ਪੰਥਕ ਸੋਚ ਉੱਡ-ਪੁੱਡ ਗਈ ਹੈ, ਕੋਠੀਆਂ, ਕਾਰਾਂ, ਨੋਟਾਂ ਤੇ ਐਸ਼ਪ੍ਰਸਤੀ ਦੀ ਭੁੱਖ ਨੇ ਸਿੱਖੀ ਸਿਦਕ ਨੂੰ ਢਾਹ ਲਾਈ ਹੈ। ਗੁਰਮਤਿ ਦੀ ਪੌੜੀ ਦਾ ਪਹਿਲਾ ਡੰਡਾ ਨਿਸ਼ਕਾਮ ਸੇਵਾ ਤੇ ਕੁਰਬਾਨੀ ਦਾ ਜਜ਼ਬਾ ਹੈ। ਜਦੋਂ ਅਸੀਂ ਹਰ ਮੈਦਾਨ ਫ਼ਤਹਿ ਦੇ ਪਹਿਲੇ ਡੰਡੇ ਉਤੇ ਪੈਰ ਧਰਨ ਜੋਗੇ ਹੀ ਨਹੀਂ ਰਹੇ, ਫਿਰ ਪ੍ਰਾਪਤੀਆਂ ਦੇ ਸਿਖ਼ਰ 'ਤੇ ਕਿਵੇਂ ਪੁੱਜਾਂਗੇ? ਆਓ! ਪੰਥਕ ਲੀਡਰਸ਼ਿਪ ਦੇ ਖਲਾਅ ਨੂੰ ਪੂਰ ਕੇ, ਪੰਥਕ ਕਾਫ਼ਲੇ ਨੂੰ ਮੁੜ ਤੋਂ ਗੁਰਮਤਿ ਵਿਚਾਰਧਾਰਾ ਦੀ ਅਗਵਾਈ 'ਚ ਤੋਰ ਕੇ, ਨਵੇਂ ਸਮੇਂ ਦੇ ਹਾਣੀ ਹੋ ਕੇ, ਖਾਲਸਾ ਪੰਥ ਦੀਆਂ ਗੂੰਜਾਂ ਸਮੁੱਚੇ ਵਿਸ਼ਵ 'ਚ ਪਾਉਣ ਦਾ ਮਾਰਗ ਚੁਣੀਏ। ਇਹ ਤਦ ਹੀ ਸੰਭਵ ਹੋਵੇਗਾ ਜਦੋਂ ਸਮੁੱਚੀ ਕੌਮ ਸਿੱਖ ਫਲਸਫ਼ੇ ਨੂੰ ਸਮਰਪਿਤ ਅਤੇ ਸਿੱਖ ਨਿਸ਼ਾਨੇ ਪ੍ਰਤੀ ਵਚਨਬੱਧ ਹੋਵੇਗੀ। ਉਸ ਲਈ ਅਜਿਹੀ ਲਹਿਰ ਚਲਾਉਣ ਦੀ ਲੋੜ ਹੈ, ਜਿਹੜੀ ਸਿੱਖ ਮਨਾਂ ਨੂੰ ਲੱਗੇ ਜੰਗਾਲ ਨੂੰ ਲਾਹ ਕੇ ਉਨ੍ਹਾਂ ਨੂੰ ਗੁਰਮਤਿ ਮਾਰਗ ਦੇ ਰਾਹੀ ਬਣਾ ਸਕੇ।

### ਅਦਾਲਤ ਵੱਲੋਂ ਝੂਠੇ ਪੁਲਿਸ ਮੁਕਾਬਲੇ ਦੀ ਜਾਂਚ ਲਈ ਸਿੱਟ ਬਣਾਉਣ ਦਾ ਹੁਕਮ

ਵਾਸੀ ਸੁਖਪਾਲ ਦੀ ਪਤਨੀ ਤੇ ਪਿਤਾ ਨੇ ਇਸ ਮਾਮਲੇ ਵਿਚ ਦਾਖ਼ਲ ਕੀਤੀ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਪੁਲਿਸ ਨੇ ਮੁਕਾਬਲੇ ਵਿਚ ਸੁਖਪਾਲ ਨੂੰ ਮਾਰ ਦਿੱਤਾ ਤੇ ਦਿਖਾਇਆ ਇਹ ਕਿ ਗੁਰਨਾਮ ਸਿੰਘ ਬੰਡਾਲਾ ਮਾਰਿਆ ਗਿਆ ਹੈ। ਮਰਿਆ ਦਿਖਾਇਆ ਗਿਆ ਬੰਡਾਲਾ ਮਗਰੋਂ ਜਿਊਂਦਾ ਫੜਿਆ ਗਿਆ ਸੀ। ਇਸ ਪੁਲਿਸ ਮੁਕਾਬਲੇ ਵੇਲੇ ਪਰਮਰਾਜ ਸਿੰਘ ਉਮਰਾਨੰਗਲ ਡੀਐੱਸਪੀ ਰੋਪੜ ਵਜੋਂ ਤਾਇਨਾਤ ਸਨ।

ਕਰਨਲ ਜੀ. ਐਸ. ਸੰਧੂ ਨੇ ਅਦਾਲਤ ਦੀ ਕਾਰਵਾਈ ਦਾ ਸਵਾਗਤ ਕਰਦਿਆਂ ਦੱਸਿਆ ਕਿ 1994 ਵਿਚ ਪੁਲਿਸ ਨੂੰ ਲੋੜੀਂਦੇ ਖਾਲਿਸਤਾਨੀ ਗੁਰਨਾਮ ਸਿੰਘ ਬੰਡਾਲਾ 'ਤੇ 25 ਲੱਖ ਦਾ ਇਨਾਮ ਸੀ। ਉਸ ਵੇਲੇ ਪਰਮਰਾਜ ਰੋਪੜ ਦੇ ਡੀਐਸਪੀ. ਸਨ ਤੇ ਉਨ੍ਹਾਂ ਮੋਟਾ ਇਨਾਮ ਪ੍ਰਾਪਤ ਕਰਨ ਲਈ ਉਸ ਵੇਲੇ ਪੁਲਿਸ ਵਲੋਂ ਚੁੱਕੇ ਗਏ ਸੁਖਪਾਲ ਸਿੰਘ ਨੂੰ ਹੀ ਕਥਿਤ ਤੌਰ 'ਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਕੇ ਬੰਡਾਲਾ ਵਜੋਂ ਪੇਸ਼ ਕੀਤਾ ਸੀ। ਸੁਖਪਾਲ ਸਿੰਘ ਦੇ ਪਿਤਾ ਜਗੀਰ ਸਿੰਘ ਨੇ ਦੱਸਿਆ ਕਿ 1994 ਤੋਂ ਬਾਅਦ ਉਨ੍ਹਾਂ ਦੇ ਪੁੱਤਰ ਦਾ ਕੋਈ ਥਹੁ ਪਤਾ ਨਹੀਂ ਲੱਗ ਰਿਹਾ ਸੀ ਕਿ ਅਚਾਨਕ 1998 'ਚ ਬਟਾਲਾ ਦੇ ਤਤਕਾਲੀਨ ਐਸਐਸਪੀ ਲੋਕ ਨਾਥ ਆਂਗਰਾ ਨੇ ਬੰਡਾਲਾ ਨੂੰ ਜਿੰਦਾ ਗ੍ਰਿਫਤਾਰ ਕਰ ਲਿਆ।

ਇਸ ਦੌਰਾਨ ਸੁਖਪਾਲ ਦੇ ਮਾਪੇ ਉਸ ਨੂੰ ਫਿਰੋਜ਼ਪੁਰ ਜੇਲ੍ਹ ਵਿਚ ਜਾ ਕੇ ਮਿਲੇ ਜਿਸ ਨੇ ਦੱਸਿਆ ਕਿ ਉਨ੍ਹਾਂ ਦੇ ਸਪੁੱਤਰ ਦਾ ਝੂਠਾ ਪੁਲਿਸ ਮੁਕਾਬਲਾ ਕਰ ਦਿੱਤਾ ਗਿਆ ਹੈ। ਕਰਨਲ ਸੰਧੂ ਨੇ ਦੱਸਿਆ ਕਿ ਬੰਡਾਲਾ ਇਸ ਬਾਬਤ ਆਪਣੀ ਸਜ਼ਾ ਭੁਗਤ ਕੇ 2007 ਵਿਚ ਰਿਹਾਅ ਹੋ ਕੇ ਆਮ ਜ਼ਿੰਦਗੀ ਬਤੀਤ ਕਰ ਰਿਹਾ ਸੀ। ਸੰਧੂ ਨੇ ਕਿਹਾ ਕਿ ਮਾਮਲੇ ਦੀ ਏਡੀਜੀਪੀ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਚ ਇਕ ਜਾਂਚ ਕਮੇਟੀ ਵੀ ਗਠਿਤ ਕੀਤੀ ਗਈ ਸੀ ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਇਸ ਵੇਲੇ ਸੁਖਪਾਲ ਦੇ ਪਰਿਵਾਰ ਵਲੋਂ ਹਾਈਕੋਰਟ ਵਿਚ ਉਮਰਾਨੰਗਲ ਖ਼ਿਲਾਫ਼ ਇਕ ਰਿੱਟ ਪਾਈ ਗਈ ਸੀ, ਜਿਸ ਦਾ ਨਤੀਜਾ ਇਹ ਮਿਲਿਆ ਕਿ ਇਸ ਦੀ ਜਾਂਚ ਹੁਣ ਸਿੱਟ ਕਰੇਗੀ। ਉਹਨਾਂ ਕਿਹਾ ਕਿ ਅਦਾਲਤ ਦਾ ਫੈਸਲਾ ਸ਼ਲਾਘਾਯੋਗ ਹੈ।

## ਵੋਟਰ ਸੂਚੀ ਪੰਜਾਬੀ ਜ਼ੁਬਾਨ ਵਿਚ ਕਰਾਉਣ ਲਈ ਮਤਾ ਪੇਸ਼

**ਸੈਕਰਾਮੈਂਟੋ/ਏਟੀ ਨਿਊਜ਼ :** ਸੈਕਰਾਮੈਂਟੋ ਕਾਊਂਟੀ ਦੀ ਵੋਟਰ ਚੁਆਇਸ ਐਕਟ ਕਮਿਊਨਿਟੀ ਐਡਵਾਇਜ਼ਰੀ ਕਮੇਟੀ ਦੀ ਇਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਕੈਲੀਫੋਰਨੀਆ ਸੈਕਟਰੀ ਆਫ ਸਟੇਟ ਦੇ ਐਡਵਾਇਜ਼ਰੀ ਕਮੇਟੀ ਮੈਂਬਰ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ। ਇਸ ਦੌਰਾਨ ਵੋਟਰਾਂ ਨੂੰ ਆਉਂਦੀਆਂ ਵੱਖ-ਵੱਖ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸ. ਰੰਧਾਵਾ ਵੱਲੋਂ ਪੰਜਾਬੀ ਭਾਈਚਾਰੇ ਵੱਲੋਂ ਇਕ ਮਤਾ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਉਨ੍ਹਾਂ ਸੁਝਾਅ ਦਿੱਤਾ ਕਿ ਕੈਲੀਫੋਰਨੀਆ ਦੀ ਵੋਟਰ ਸੂਚੀ ਪੰਜਾਬੀ ਜ਼ੁਬਾਨ ਵਿਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੈਲੀਫੋਰਨੀਆ ਵਿਚ ਪੰਜਾਬੀਆਂ ਦੀ ਆਬਾਦੀ ਕਾਫੀ ਵਧ ਗਈ ਹੈ ਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਹਾਲੇ ਅੰਗਰੇਜ਼ੀ ਵਿਚ ਬਹੁਤੀ ਮੁਹਾਰਤ ਨਹੀਂ ਹੈ। ਇਸ ਕਰਕੇ ਸ. ਰੰਧਾਵਾ ਨੇ ਮੰਗ ਕੀਤੀ ਕਿ ਵੋਟਰ ਬੈਲਟ ਪੇਪਰ ਪੰਜਾਬੀ ਜ਼ੁਬਾਨ ਵਿਚ ਵੀ ਹੋਣਾ ਚਾਹੀਦਾ ਹੈ। ਕਮੇਟੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਆਉਣ ਵਾਲੀਆਂ ਮੀਟਿੰਗਾਂ ਵਿਚ ਇਸ ਬਾਰੇ ਠੋਸ ਕਦਮ ਚੁੱਕੇ ਜਾਣ ਦੀ ਸੰਭਾਵਨਾ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਅਮਰੀਕਾ ਵਿਚ ਪੰਜਾਬੀ ਜ਼ੁਬਾਨ ਦੀ ਇਹ ਇਕ ਵੱਡੀ ਪ੍ਰਾਪਤੀ ਹੋਵੇਗੀ।



### ਲੋਕਾਂ ਦੀ ਭਰਵੀਂ ਹਾਜ਼ਰੀ ਵਿਚ ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ

ਵੱਖ ਵੱਖ ਸਮਾਜਿਕ, ਸਭਿਆਚਾਰਕ, ਸਾਹਿਤਕ ਜਥੇਬੰਦੀਆਂ ਖ਼ਾਸ ਕਰ ਨਵੀਂ ਪੀੜ੍ਹੀ ਦੇ ਲਗਾਤਾਰ ਸਹਿਯੋਗ ਅਤੇ ਵਿਚਾਰ ਵਟਾਂਦਰੇ ਨਾਲ ਇਸ ਨੂੰ ਸਫ਼ਲਤਾ ਪੂਰਬਕ ਚਲਾਇਆ ਜਾਵੇਗਾ।

ਉੱਘੇ ਵਿਦਵਾਨ ਅਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਨੇ ਸੈਂਟਰ ਦੇ ਪ੍ਰਬੰਧਕਾਂ ਨੂੰ ਸ਼ਾਬਾਸ਼ ਦਿੰਦਿਆਂ ਫਰਿਜ਼ਨੋਂ ਵਾਸੀਆਂ ਨੂੰ ਆਪਣੇ ਪਰਿਵਾਰਕ, ਸਮਾਜਿਕ ਅਤੇ ਸਭਿਆਚਰਕ ਪ੍ਰੋਗਰਾਮ ਇੱਥੇ ਕਰਵਾਉਣ ਨੂੰ ਪਹਿਲ ਦੇਣ ਲਈ ਪ੍ਰੇਰਿਆ। ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਦੱਸਿਆ ਕਿ ਫਰਿਜ਼ਨੋਂ ਇਲਾਕੇ ਵਿੱਚ ਪੰਜਾਬੀਆਂ ਲਈ ਅਜਿਹਾ ਸੈਂਟਰ ਬਣਾਉਣ ਲਈ ਪਿਛਲੇ ਵਰ੍ਹਿਆਂ ਦੌਰਾਨ ਬੜੇ ਯਤਨ ਹੋਏ ਪਰ ਗੱਲ ਸਿਰੇ ਨਹੀਂ ਲੱਗੀ। ਚਿਰਾਂ ਤੋਂ ਚਲੀ ਆ ਰਹੀ ਲੋੜ ਨੂੰ ਪੂਰਾ ਕੀਤੇ ਜਾਣ ਲਈ ਉਨ੍ਹਾਂ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਸਮੁੱਚੇ ਭਾਈਚਾਰੇ ਦੀ ਤਰਫੋਂ ਧੰਨਵਾਦ ਕੀਤਾ।

ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦੇ ਉਦਘਾਟਨੀ ਸਮਾਰੋਹ ਦੇ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਪੰਜਾਬੀ ਭਾਈਚਾਰੇ ਦੇ ਨੌਜਵਾਨ ਆਗੂ, ਸੈਂਟਰਲ ਯੂਨੀਫਾਈਡ ਸਕੂਲ ਡਿਸਟਰਿਕ ਦੇ ਟਰੱਸਟੀ ਤੇ ਜੈਕਾਰਾ ਸੰਸਥਾ ਦੇ ਮੋਢੀਆਂ ਦੀ ਟੀਮ ਦੇ ਮੈਂਬਰ ਸ. ਨੈਨਦੀਪ ਸਿੰਘ ਚੰਨ ਦੇ ਉੱਦਮ ਸਦਕਾ ਅਮਰੀਕੀ ਲੋਕ ਨੁਮਾਇੰਦੇ ਮਾਈਕੁਇਲ ਏਰੀਅਸ ਫਰਿਜ਼ਨੋਂ ਸਿਟੀ ਕੌਂਸਲ ਮੈਂਬਰ ਡਿਸਟਰਿਕ 3, ਨੈਲਸਨ ਐਸਪਾਰਜ਼ਾ ਫਰਿਜ਼ਨੋਂ ਸਿਟੀ ਕੌਂਸਲ ਮੈਂਬਰ ਡਿਸਟਰਿਕ 7 ਅਤੇ ਟਾਈਲਰ ਮੈਕਸਵੈੱਲ ਕੈਂਡੀਡੇਟ ਫਰਿਜ਼ਨੋਂ ਸਿਟੀ ਕੌਂਸਲ ਡਿਸਟਰਿਕ 4 ਨੇ ਉਚੇਚਾ ਪੁੱਜ ਕੇ ਹਰਜੋਤ ਸਿੰਘ ਖਾਲਸਾ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ 'ਚ ਜੈਕਾਰਾ ਦੀ ਕਮਲਜੀਤ ਕੌਰ ਦਾ ਖ਼ਾਸ ਯੋਗਦਾਨ ਰਿਹਾ।

ਇਸ ਦੌਰਾਨ ਹਰਜੋਤ ਸਿੰਘ ਖਾਲਸਾ ਨੇ ਰੇਡੀਓ ਸਟੇਸ਼ਨ ਸਟੂਡੀਓ ਦੀ ਮੁੱਖ ਇਮਾਰਤ ਵਿੱਚ ਬਣਾਏ ਇਸ ਬਹੁਮੰਤਵੀ ਸੈਂਟਰ ਦੇ ਉਦਘਾਟਨ ਦੀ ਰਸਮ ਆਪਣੀ ਸਹਿਯੋਗੀ ਟੀਮ ਦੇ ਮੈਂਬਰਾਂ ਬਲਵਿੰਦਰ ਕੌਰ ਖਾਲਸਾ, ਰਾਜਕਰਨਬੀਰ ਸਿੰਘ, ਦਿਲਪ੍ਰੀਤ ਸਿੰਘ ਖਾਲਸਾ, ਸਾਹਿਲ ਸਿੰਘ ਔਲਖ, ਜੋਤ ਰਣਜੋਤ, ਰਾਣੀ ਕਾਹਲੋਂ, ਰਮਨ ਸਿੰਘ ਢਿਲੋਂ, ਜਗਮੋਹਨ ਸਿੰਘ, ਕੁਲਬੀਰ ਸਿੰਘ, ਅਮਰਿੰਦਰ ਸਿੰਘ, ਅਮਿਤ ਸੋਨੀ, ਸਿੰਮੀ ਕੌਰ, ਗੁਰਸਿਮਰਨ ਸਿੰਘ, ਸਾਹਿਬ ਸਿੰਘ ਅਤੇ ਰਮਨੀਕ ਕੌਰ ਸਮੇਤ ਰਿਬਨ ਕੱਟ ਕੇ ਕੀਤਾ।

ਲਗਭਗ ਦੋ ਘੰਟਿਆਂ ਤੱਕ ਚੱਲੇ ਇਸ ਪ੍ਰੋਗਰਾਮ ਦੌਰਾਨ ਰਾਣੀ ਕਾਹਲੋਂ, ਰੇਡੀਓ ਹੋਸਟ ਜੋਤ ਰਣਜੋਤ ਅਤੇ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਗੀਤਾਂ ਨਾਲ ਮਨੋਰੰਜਨ ਕੀਤਾ। ਰਾਜਕਿਰਨਬੀਰ ਅਤੇ ਗੁਰਦੀਪ ਸ਼ੇਰਗਿੱਲ ਦੀ ਸਾਂਝੀ ਸਟੇਜ ਸੰਚਾਲਨਾ ਦੌਰਾਨ ਕਾਲਮ ਨਵੀਸ ਜਗਤਾਰ ਗਿੱਲ ਨੇ ਸੰਗੀਤਕ ਖੇਤਰ ਸਬੰਧੀ ਨਵੇਂ ਪ੍ਰੋਗਰਾਮਾਂ ਬਾਰੇ ਦੱਸਿਆ। ਸਤਨਾਮ ਸਿੰਘ ਯੂਬਾਸਿਟੀ, ਜਿਨ੍ਹਾਂ ਦੀ ਅਲਜਜ਼ੀਰਾ ਚੈਨਲ ਵਲੋਂ ਸਿੱਖਾਂ ਦੇ ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ ਯੋਗਦਾਨ ਦੀ ਬਣਾਈ ਡਾਕੂਮੈਂਟਰੀ "ਲਾਈਫ ਐਜ ਏ ਟਰਬਨ ਵੀਅਰਿੰਗ ਸਿੱਖ ਟਰੱਕਰ" 'ਚ ਅਹਿਮ ਭੂਮਿਕਾ ਹੈ, ਨੇ ਗੁਰੂ ਨਾਨਕ ਦੇਵ ਜੀ ਬਾਰੇ ਕਵਿਤਾ ਪੇਸ਼ ਕਰਨ ਤੋਂ ਇਲਾਵਾ ਕਲਚਰਲ ਸੈਂਟਰ ਲਈ ਵਧਾਈ ਦਿੱਤੀ।

ਜੀਐੱਸਜੀ ਅਕਾਦਮੀ ਦੇ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਦੀ ਅਗਵਾਈ ਵਿਚ ਬੱਚਿਆਂ ਦੀਆਂ ਦੋ ਟੀਮਾਂ ਨੇ ਭੰਗੜੇ ਨਾਲ ਸਟੇਜ ਦੀ ਰੌਣਕ ਵਧਾਈ। ਦਿਲਪ੍ਰੀਤ ਕੌਰ ਨੇ ਗੀਤਾਂ ਉੱਤੇ ਬੜਾ ਦਿਲਕਸ਼ ਨ੍ਰਿਤ ਪੇਸ਼ ਕੀਤਾ।

ਬੇ-ਏਰੀਆ ਤੋਂ ਭਾਈਚਾਰੇ ਦੇ ਉੱਘੇ ਆਗੂ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ ਦੀ ਅਗਵਾਈ ਵਿੱਚ ਪੁੱਜੀ ਟੀਮ ਵਿਚ ਜਸਵੀਰ ਸਿੰਘ ਗੋਰਖਾ, ਗੁਰਜੀਤ ਸਿੰਘ ਬਰਾੜ, ਕੁਲਦੀਪ ਸਿੰਘ ਬਾਜਵਾ, ਨਿਰਪਾਲ ਸਿੰਘ ਮੁਛਿਆਣਾ, ਹਰਦੇਵ ਸਿੰਘ ਭਲਵਾਨ ਅਤੇ ਸਿੰਘ ਸਾਈਨਜ਼ ਦੇ ਰਾਜ ਭੱਚੂ ਸ਼ਾਮਲ ਸਨ। ਸੈਨਹੋਜ਼ੇ ਤੋਂ ਰਵਿੰਦਰ ਸਿੰਘ ਧਾਮੀ ਅਤੇ ਪ੍ਰਮਿਲ ਗੁਪਤਾ ਜੀ ਨੇ ਪਰਿਵਾਰਾਂ ਸਮੇਤ ਪ੍ਰੋਗਰਾਮ ਦੀ ਸਫ਼ਲਤਾ ਲਈ ਯੋਗਦਾਨ ਪਾਇਆ। ਫਰਿਜ਼ਨੋਂ ਦੇ ਹਰਵਿੰਦਰ ਸਿੰਘ ਕਿੱਟੀ ਨੇ ਪਰਿਵਾਰ ਸਮੇਤ ਪਹੁੰਚ ਕੇ ਸਹਿਯੋਗ ਦਿੱਤਾ।

ਸਥਾਨਕ ਉੱਘੀਆਂ ਸ਼ਖ਼ਸ਼ੀਅਤਾਂ ਵਿੱਚ ਪੰਜਾਬੀਅਤ ਦੇ ਮੁੱਦਈ ਗੁੱਡੀ ਸਿੱਧੂ, ਸ਼ਾਇਰ ਸੰਤੋਖ ਮਿਨਹਾਸ, ਅਵਤਾਰ ਸਿੰਘ ਗੋਂਦਾਰਾ, ਗਦਰੀ ਸੰਸਥਾ ਵਲੋਂ ਗੁਰਦੀਪ ਮੰਢਾਲੀ, ਸਾਬਕਾ ਕੌਂਸਲ ਮੈਂਬਰ ਦਿਲ ਨਿੱਜਰ, ਨਿੱਕ ਸਹੋਤਾ, ਕਰੱਦਰਜ਼ ਖੇਡਾਂ ਦੇ ਸੁਖਨੈਬ ਸਿੰਘ, ਗੁਰਬਚਨ ਸਿੰਘ, ਕਮਲਜੀਤ ਬੈਨੀਵਾਲ ਤੋਂ ਇਲਾਵਾ ਇਲਾਕੇ ਦੇ ਗੁਰਦੁਆਰਾ ਸਾਹਿਬਾਨ ਅਤੇ ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਫਰਿਜ਼ਨੋਂ ਤੇ ਕਰਮਨ ਨੇੜਲੇ ਇਲਾਕੇ ਦੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਯਕੀਨੀ ਬਣਾਉਣ ਵਾਲੇ ਸੀਨੀਅਰ ਪੱਤਰਕਾਰ ਸ. ਜਗਜੀਤ ਸਿੰਘ ਥਿੰਦ ਨੇ ਸਿਹਤ ਢਿੱਲੀ ਹੋਣ ਕਾਰਨ ਨਾ ਪਹੁੰਚ ਸਕਣ ਦੇ ਬਾਵਜੂਦ ਉਚੇਚਾ ਫੋਨ ਕਰਕੇ ਪ੍ਰਬੰਧਕਾਂ ਨੂੰ ਆਸ਼ੀਰਵਾਦ ਅਤੇ ਵਧਾਈ ਦਿੱਤੀ।

ਪੰਜਾਬੀ ਰੇਡੀਓ ਯੂਐੱਸਏ ਦੇ ਪ੍ਰਬੰਧਕਾਂ ਵਲੋਂ ਰੇਡੀਓ ਨੂੰ ਸਫ਼ਲਤਾ ਦੀਆਂ ਬੁਲੰਦੀਆਂ ਤੱਕ ਪਹੁੰਚਾਉਣ ਲਈ ਸਭਨਾਂ ਦਾ ਧੰਨਵਾਦ ਕਰਦਿਆਂ ਸਮੁੱਚੇ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਚੇਚਾ ਪਹੁੰਚੇ ਰੇਟਬੀਟ ਮਾਰਗੇਜ ਦੇ ਮੁਖੀ ਨਿਰਮਲ ਸਿੰਘ ਮਾਨ, ਨਿਊ ਇੰਡੀਆ ਸਵੀਟਸ ਐਂਡ ਸਪਾਈਸਜ਼ ਦੇ ਜਸਵਿੰਦਰ ਸਿੰਘ, ਇੰਡੀਅਨ ਮਾਰਕੀਟ ਦੇ ਸੋਹਨ ਸਿੰਘ, ਸ਼ਿਕਾਗੋ ਪੀਜ਼ਾ ਵਿਦ ਏ ਟਵਿਸਟ ਦੇ ਤੇਜੀ ਪੱਡਾ ਅਤੇ ਰਾਜੂ ਤੋਂ ਇਲਾਵਾ ਇਲੈਕਟ੍ਰੀਕਲ ਇੰਜੀਨੀਅਰ ਨਿੰਦਰ ਤੇ ਬਿਲਡਿੰਗ ਕੰਟਰੈਕਟਰ ਅਲੈਕਸ ਫਲੋਰਸ ਦਾ ਪਲੇਕਾਂ ਨਾਲ ਸਨਮਾਨ ਕੀਤਾ ਗਿਆ।

ਮੈਕਸ ਪ੍ਰਿੰਟਿੰਗ ਦੇ ਰਮਨ ਢਿਲੋਂ ਅਤੇ ਹਰਸ਼ ਬਰਾੜ ਵਲੋਂ ਬਣਾਇਆ ਮੁੱਖ ਬੋਰਡ ਸਭਨਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ।

ਮਿਰਾਜ਼ ਕੇਟਰਿੰਗ ਸੈਕਰਾਮੈਂਟੋ ਵਲੋਂ ਬਣਾਏ ਸਵਾਦੀ ਖਾਣੇ ਦਾ ਸਭਨਾਂ ਨੇ ਭਰਪੂਰ ਆਨੰਦ ਮਾਣਿਆ।

ਪੰਜਾਬੀ ਭਾਈਚਾਰੇ ਦੇ ਸਮਾਜਿਕ ਤੇ ਸਭਿਆਚਾਰਕ ਸਮਾਰੋਹਾਂ ਨੂੰ ਆਪਣੀ ਵੀਡੀਓ ਸੇਵਾਵਾਂ ਰਾਹੀਂ ਚਾਰ ਚੰਨ ਲਾਉਣ ਵਾਲੇ ਰਾਮਾ ਵੀਡੀਓ ਸਰਵਿਸ ਦੇ ਰਮਨ ਸਿੰਘ ਭੱਟੀ ਇਸ ਪ੍ਰੋਗਰਾਮ ਨੂੰ ਕੈਮਰਾਬੱਧ ਕਰਨ ਲਈ ਸੈਕਰਾਮੈਂਟੋ ਤੋਂ ਆਪਣੀ ਟੀਮ ਸਮੇਤ ਪਹੁੰਚੇ ਹੋਏ ਸਨ।

ਪੰਜਾਬੀ ਮੀਡੀਆ ਦੀ ਤਰਫੋਂ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਸੰਪਾਦਕ ਮਨਜੀਤ ਸਿੰਘ ਟਿਵਾਣਾ, ਸਾਡੇ ਲੋਕ ਦੇ ਮੁੱਖ ਸੰਪਾਦਕ ਸਤਨਾਮ ਸਿੰਘ ਖਾਲਸਾ ਅਤੇ ਸੀਨੀਅਰ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਵਿਸ਼ੇਸ ਤੌਰ ਉੱਤੇ ਪਹੁੰਚੇ। ਟਾਕਿੰਗ ਪੰਜਾਬ ਵਾਲੇ ਸੁਰਿੰਦਰ ਸਿੰਘ ਵੀ ਹਾਜ਼ਰ ਸਨ।

ਵਰਨਣਯੋਗ ਹੈ ਕਿ ਫਰਿਜ਼ਨੋਂ ਰੇਡੀਓ ਸਟੇਸ਼ਨ ਫਰਿਜ਼ਨੋਂ ਦੇ ਸਟੂਡੀਓ (2125 N Barton Ave, Fresno, CA 93704) ਦੇ ਵੇਹੜੇ ਵਿਚ ਬਣਾਏ ਇਸ ਸੈਂਟਰ ਨੂੰ ਸਥਾਪਤ ਕਰਨ ਦਾ ਮੁੱਖ ਮੰਤਵ ਹਰ ਉਮਰ ਦੇ ਪੰਜਾਬੀਆਂ ਦੇ ਵਿਹਲੇ ਸਮੇਂ 'ਚ ਉਨ੍ਹਾਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੇਟਫਾਰਮ ਪ੍ਰਦਾਨ ਕਰਨ ਦਾ ਹੈ।

ਇਸ ਸਾਰੇ ਕੰਮ ਲਈ ਪੰਜਾਬੀ ਰੇਡੀਓ ਯੂਐੱਸਏ ਦਾ ਪੂਰਾ ਸਹਿਯੋਗ ਹੋਵੇਗਾ ਤੇ ਇਹ ਸੈਂਟਰ ਰੇਡੀਓ ਦੇ ਮਿਆਰ ਨੂੰ ਹੋਰ ਉੱਚਾ ਚੁਕਣ ਵਿੱਚ ਸਹਾਈ ਵੀ ਹੋਵੇਗਾ। ਹੋਰ ਜਾਣਕਾਰੀ ਲਈ (559) 403-9290 'ਤੇ ਕਾਲ ਕਰੋ।

### ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ

ਵਿੱਚ ਉਨ੍ਹਾਂ ਦੀ ਅਗਵਾਈ ਹੇਠ ਸਿੱਖ ਕੌਮ ਨੇ ਸਰਹੰਦ ਫ਼ਤਹਿ ਕੀਤੀ ਅਤੇ ਉਥੇ ਛੋਟੇ ਸਾਹਿਬਜ਼ਾਦਿਆਂ ਅਤੇ ਜਗਤ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਮਹਾਨ ਗੁਰਦੁਆਰਾ ਫਤਹਿਗੜ੍ਹ ਦੀ ਉਸਾਰੀ ਕਰਵਾਈ। ਸੰਨ 1777-1779 ਨੂੰ ਉਨ੍ਹਾਂ ਨੇ ਨਾਦਰਸ਼ਾਹ, ਇਬਰਾਹਿਮ ਆਦਿ ਨੂੰ ਹਰਾ ਕੇ ਕਪੂਰਥਲਾ, ਜਲੰਧਰ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਨੂੰ ਆਪਣੇ ਕਬਜ਼ੇ ਹੇਠ ਕੀਤਾ। ਇਸ ਤਰ੍ਹਾਂ ਉਹ ਕਪੂਰਥਲਾ ਰਿਆਸਤ ਦੇ ਬਾਨੀ ਬਣੇ। ਸੰਨ 1783 ਨੂੰ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਕੌਮ/ਦਲ ਖ਼ਾਲਸੇ ਨੇ ਦਿੱਲੀ ਫ਼ਤਹਿ ਕੀਤੀ ਤੇ ਉਸ ਸਮੇਂ ਸਿੱਖ ਜਰਨੈਲ ਭਾਈ ਬਘੇਲ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ ਵੀ ਮੌਜੂਦ ਸਨ। ਪੁਰਾਤਨ ਇਤਿਹਾਸ ਮੁਤਾਬਕ ਭਾਈ ਬਘੇਲ ਸਿੰਘ ਨੇ ਲਾਲ ਕਿਲ੍ਹੇ 'ਤੇ ਖ਼ਾਲਸੇ ਦਾ ਕੇਸਰੀ ਝੰਡਾ ਲਹਿਰਾਇਆ ਅਤੇ ਉਸ ਸਮੇਂ ਸਿੱਖ ਪੰਥ ਨੇ ਜੈਕਾਰਿਆਂ ਦੀ ਗੂੰਜ ਨਾਲ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਸਥਿਤ ਤਖ਼ਤ ਦੀਵਾਨੇ ਆਮ ਉੱਤੇ ਬਿਠਾਇਆ ਅਤੇ ਭਾਰਤ ਦਾ ਬਾਦਸ਼ਾਹ ਐਲਾਨ ਦਿੱਤਾ ਗਿਆ।

ਪੁਰਾਤਨ ਇਤਿਹਾਸ ਮੁਤਾਬਕ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਬਹੁਤ ਨਿਰਲੇਪ ਅਤੇ ਸੰਤੋਖੀ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਵਿਦੇਸ਼ੀ ਜਾਬਰਾਂ ਤੋਂ ਆਜ਼ਾਦੀ ਦਿਵਾਉਣਾ ਸੀ। ਉਨ੍ਹਾਂ ਆਪਣੀ ਜ਼ਿੰਦਗੀ ਦੇ ਕਈ ਸਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੰਭਾਲ ਅਤੇ ਸ਼ਹਿਰ ਨੂੰ ਹੋਰ ਆਬਾਦ ਕਰਨ 'ਤੇ ਲਗਾਏ। ਬਾਬਾ ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ 1783 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਸ ਸਮੇਂ ਸਿੱਖ ਪੰਥ ਨੇ ਉਨ੍ਹਾਂ ਦੀ ਦੇਸ਼ ਕੌਮ/ਸਿੱਖ ਪੰਥ ਨੂੰ ਵੱਡੀ ਦੇਣ ਕਰਕੇ ਉਨ੍ਹਾਂ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਬਣਾਈ, ਜੋ ਕਿ ਅੱਜ ਵੀ ਉੱਥੇ ਮੌਜੂਦ ਹੈ। ਸ਼ਾਇਦ ਹੀ ਇਸ ਮਹਾਨ ਕੌਮੀ ਦੇਸ਼ ਭਗਤ, ਸੂਰਬੀਰ ਯੋਧੇ, ਜਰਨੈਲ, ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਯਾਦ ਵਿਚ ਭਾਰਤ ਦੀ ਕਿਸੇ ਸਰਕਾਰ ਨੇ ਕੋਈ ਰਾਜ ਪੱਧਰੀ ਸਮਾਗਮ ਜਾਂ ਯਾਦਗਾਰ ਆਦਿ ਬਣਾਉਣ ਸਬੰਧੀ ਕੋਈ ਪ੍ਰੋਗਰਾਮ ਉਲੀਕਿਆ ਹੋਵੇ।

# ਜਲ੍ਹਿਆਂਵਾਲ਼ਾ ਬਾਗ ਵਿਚ ਸੁਰਗਵਾਸ ਹੋਏ ਲੋਕਾਂ ਦੀ ਸੂਚੀ

| | | | | |
|---|---|---|---|---|
| ਦੇਵੀ ਦਿਆਲ | ਲਛਮਣ ਦਾਸ | 25 | ਹਿੰਦੂ | |
| ਦਵਾਰਕਾ ਦਾਸ | ਸੀਤਾ ਰਾਮ | 22 | ਖਤਰੀ | |
| ਦੌਲਤ ਰਾਮ | – | – | ਖੱਤਰੀ | |
| ਦੌਲਤ ਰਾਮ | ਬ੍ਰਿਜ ਲਾਲ | 27 | ਆਹਲੂਵਾਲੀਆ | |
| ਦੀਵਾਨ ਚੰਦ | ਧਨੀ ਰਾਮ | 35 | ਖੱਤਰੀ | |
| ਦਾਸ | ਦਮੋਦਰ | 25 | ਬ੍ਰਾਹਮਨ | |
| ਦਾਸ | ਨੰਦ ਲਾਲ | 19 | ਬ੍ਰਾਹਮਨ | |
| ਦੱਤ ਦਬਕੇ | – | 40 | ਮੁਸਲਮਾਨ | |
| ਦਾਸ ਮੱਲ | ਜਮੀਤ ਸਿੰਘ | – | ਜ਼ਰਗਰ | |
| ਧੀਰੂ | – | 40 | ਗੁੱਜਰ | |
| ਧੀਰਤ ਰਾਮ | ਬਿਲਾਸ ਮੱਲ | 29 | ਹਿੰਦੂ | |
| ਧੰਨੀ ਰਾਮ | ਲੌਰਨ ਚੰਦ | 34 | ਖੱਤਰੀ | |
| ਨਿਹਾਲ ਚੰਦ | ਟੇਕ ਚੰਦ | 30 | ਖੱਤਰੀ | |
| ਨਿੱਕਾ | ਕੂਹੀ | 26 | ਮੈਹਰਾ | |
| ਨੱਥੂ | ਜਵਾਹਰ | 80 | ਧੋਬੀ | |
| ਨੱਥੂ | ਗੋਬਿੰਦ ਰਾਮ | – | – | |
| ਨੱਥੂ | ਗੁਲਾਬ | 8 | ਕੰਬੋ | |
| ਨੱਥੂ | – | 30 | ਅਰੋੜਾ | |
| ਨੱਥੂ | ਜੀਤ ਸਿੰਘ | 22 | ਜੱਟ | |
| ਨੱਥੂ ਰਾਮ | ਮੂਲ਼ਾ ਮੱਲ | 30 | ਬ੍ਰਾਹਮਨ | |
| ਨੱਥਾ ਸਿੰਘ | ਚੇਤ ਸਿੰਘ | 20 | ਜੱਟ | |
| ਨੱਥਾ ਸਿੰਘ | ਜਵਾਲਾ ਸਿੰਘ | 30 | ਜੱਟ | |
| ਨੂਰ ਮੁਹੰਮੱਦ | ਜੰਡੂ | 30 | ਤੇਲੀ | |
| ਨੂਰ ਮੁਹੰਮੱਦ | – | 22 | ਜੁਲਾਹਾ | |
| ਨੂਰ ਮੁਹੰਮੱਦ | ਬੂਟਾ | 60 | ਰੈਣ | |
| ਨੂਰ ਮੁਹੰਮੱਦ | – | 22 | ਜੁਲਾਹਾ | |
| ਨੰਦ ਲਾਲ | ਸ਼ਿਵ ਦਿਆਲ | 12 | ਬ੍ਰਾਹਮਨ | |
| ਨੰਦ ਲਾਲ | ਕਰਮ ਚੰਦ | – | ਬ੍ਰਾਹਮਨ | |
| ਨੰਦ ਲਾਲ | ਮੇਲਾ ਰਾਮ | 16 | ਬ੍ਰਾਹਮਨ | |
| ਨਰੈਣ ਸਿੰਘ | ਦਿਆਲ ਸਿੰਘ | 21 | ਅਰੋੜਾ | |
| ਨਰੈਣ ਸਿੰਘ | ਹਰਦਿਆਲ ਸਿੰਘ | – | ਅਰੋੜਾ | |
| ਨਿਕੂ ਮੱਲ | ਗਿਰਧਾਰੀ | 14 | ਖੱਤਰੀ | |
| ਨੈਣਾ | ਕੰਨੂ | – | ਮੈਹਰਾ | |
| ਨਿਹਾਲ ਸਿੰਗ | ਸਤਨਾਮ ਸਿੰਘ | 36 | ਜੱਟ | |
| ਨਾਨਕ ਚੰਦ | ਛੌਟਾਮੱਲ | – | ਖਤਰੀ | |
| ਨਾਨਕ ਚੰਦ | ਰਾਜਾ ਸਿੰਘ | – | ਜੱਟ | |
| ਪਰਮਾ ਨੰਦ | ਮਾਘੀ ਮੱਲ | 50 | ਖੱਤਰੀ | |
| ਪਰਮਾ ਨੰਦ | ਦੇਵ ਰਾਜ | 24 | ਹਿੰਦੂ | |
| ਪ੍ਰਤਾਪਾ | – | 80 | ਖੱਤਰੀ | |
| ਪ੍ਰਭਦਿਆਲ | ਰਾਮ ਰਤਨ | 35 | ਖੱਤਰੀ | |
| ਪਾਰਸ ਰਾਮ | – | – | ਰਾਪੂਤ | |
| ਪ੍ਰਤਾਪ ਸਿੰਘ | ਟੈਹਲ ਸਿੰਘ | – | ਜੱਟ | |
| ਪ੍ਰੇਮ ਸਿੰਘ | ਨੱਥਾ ਸਿੰਘ | – | ਜੱਟ | |
| ਪਾਲਾ ਸਿੰਘ | ਨਾਨਕ ਚੰਦ | – | – | |
| ਪਾਲਾ | ਮੇਘ ਨਾਥ | 20 | ਖੱਤਰੀ | |
| ਪਾਲਾ | ਗੁਰਦਿੱਤਾ | 40 | ਭੰਗੀ | |
| ਪੂਰਨ ਚੰਦ | ਨੱਥਾ ਸਿੰਘ | – | – | |
| ਪ੍ਰਭ ਦਿਆਲ | ਤੀਰਥ ਰਾਮ | – | – | |
| ਪ੍ਰਭ ਦਿਆਲ | ਸੀਤਾ ਰਾਮ | 19 | ਅਰੋੜਾ | |
| ਪੰਨਾ ਲਾਲ | ਰਾਮ ਰੱਖਾ | 18 | ਖੱਤਰੀ | |
| ਫਿਰੋਜ਼ ਦੀਨ | ਸ਼ੇਰ ਮੁਹੰਮਦ | 25 | ਜਰਗਰ | |
| ਫਕੀਰ ਚੰਦ | ਹਾਕਿਮ ਰਾਏ | 30 | ਖੱਤਰੀ | |
| ਫਕੀਰ ਚੰਦ | ਨਾਨਕ ਚੰਦ | 45 | ਅਰੋੜਾ | |
| ਬਿਸ਼ਨ ਸਿੰਘ | ਧੰਨਪਤ ਰਾਮ | 32 | ਖੱਤਰੀ | |
| ਬਰਕੱਤ ਅਲੀ | ਅਲਾਹੀ ਬਖਸ਼ | 32 | ਤਰਖਾਣ | |
| ਬਾਲ ਮੁਕੰਦ | ਮੰਗਲ ਚੰਦ ਨੌਹਰੀਆ | 25 | ਨੌਰੀਆ | |
| ਬਸੰਤਾ | ਸਰਨਾ | 25 | ਭੰਗੀ | |
| ਬਰਕੱਤ | ਬੇਹਲਾ | 20 | ਸੇਖ | |
| ਬੂਆ ਦਾਸ | – | 25 | ਖੱਤਰੀ | |
| ਬੂਆ ਦਾਸ | ਫਕੀਰ ਚੰਦ | 22 | ਖੱਤਰੀ | |
| ਬੂਰਾ | ਅਰੂੜ ਸਿੰਘ | 20 | ਤਰਖਾਣ | |
| ਬਲਬੰਤ ਸਿੰਘ | ਅਰੂੜ | 25 | ਹਿੰਦੂ | |
| ਬੀਰੂ | ਗੱਠੂ | 50 | ਖੱਤਰੀ | |
| ਬੁੱਧ ਸਿੰਘ | – | 70 | ਹਿੰਦੂ | |
| ਬਿੱਲਾ | – | 18 | ਖੱਤਰੀ | |
| ਬਾਲਮੁਕੰਦ | ਜੈ ਰਾਮ ਦਾਸ | 20 | ਅਰੋੜਾ | |
| ਬਾਲਮੁਕੰਦ | ਸੀਤਾ ਰਾਮ ਮੰਗਲ ਚੰਦ | – | ਹਿੰਦੂ | |
| ਬਾਲਮੁਕੰਦ | – | – | ਹਿੰਦੂ | |
| ਬਾਊ ਦਿੱਤਾ | ਨੱਥੂ ਮੱਲ | – | ਖੱਤਰੀ | |
| ਬਖਸ਼ੀਸ਼ ਸਿੰਘ | ਈਸ਼ਰ ਸਿੰਘ | – | ਜੱਟ | |
| ਬੁੱਧ ਸਿੰਘ | – | – | ਸਿੱਖ | |
| ਬੁੱਧ ਸਿੰਘ | ਅਮਰ ਸਿੰਘ | 45 | ਜੱਟ | ਬੀਬੀ |
| ਹਰਕੌਰ | ਹਰਦਿੱਤ ਸਿੰਘ | – | ਜੱਟ | |
| ਬੁੱਧਾ | ਜਾਨੀ | – | ਮੁਸਲਮਾਨ | |
| ਬਿਸ਼ਨ ਦਾਸ | ਗੁਰਦਿੱਤ ਮੱਲ | 30 | ਖੱਤਰੀ | |
| ਬੂੜ ਸਿੰਘ | ਝੰਡਾ ਸਿੰਘ | – | ਜੱਟ | |
| ਬਿਸ਼ਨ ਸਿੰਘ | ਮਿੱਤ ਸਿੰਘ | – | ਜੱਟ | |
| ਬਿਸ਼ਨ ਸਿੰਘ | – | – | ਅਰੋੜਾ | ਭੂਲਾ |
| ਮਥਰਾ ਦਾਸ | 20 | ਰਾਜਪੂਤ | ਭਾਗ | – |
| 19 | ਕੰਬੋ | | | |
| ਭਗਤ ਰਾਮ | ਹੀਰਾ ਲਾਲ | 60 | ਹਿੰਦੂ | |
| ਭੰਗਨ ਸ਼ਾਹ | – | 50 | ਹਿੰਦੂ | |
| ਭਗਤ ਸਾਲਮ ਰਾਮ | ਸੰਤ ਸਿੰਘ ਜਵਾਲਾ ਸਿੰਘ | 60 | ਸਾਧ | |
| ਭਾਗ | ਸ੍ਰੀ ਰਾਮ | 40 | ਭਾਟੀਆ | |
| ਭਗਵਾਨ ਦਾਸ | ਛੌਲ ਮਰਚਿੰਟ | – | ਭਾਟੀਆ | |
| ਭਗਵਾਨ ਦਾਸ | ਚਰਨ ਦਾਸ | – | ਅਰੋੜਾ | |
| ਭਗਤ ਸਿੰਘ | ਕੇਸਰ ਸਿੰਘ | 35 | ਜੱਟ | |
| ਭਾਗ ਮੱਲ | ਹੀਰਾ ਰਾਮ | – | ਅਰੋੜਾ | |
| ਭਗਤ ਰਾਮ | ਧਨੀਰਾਮ | 17 | ਖੱਤਰੀ | |
| ਭਗਤ ਰਾਮ | – | 35 | ਹਿੰਦੂ | |
| ਭਾਗ | – | – | ਘੁਮਾਰ | |
| ਭਗਵਾਨ | ਨਿਹਾਲ ਚੰਦ | 45 | ਅਰੋੜਾ | |
| ਮੋਹਨ ਲਾਲ | ਬੈਹਨਾ ਮੱਲ | 48 | ਖੱਤਰੀ | |
| ਮਦਨ ਮੋਹਨ | ਝੰਡਾ ਸਿੰਘ | – | ਖੱਤਰੀ | |
| ਮਦਨ ਮੋਹਨ | ਡਾ. ਮਨੀ ਰਾਮ | – | ਖੱਤਰੀ | |
| ਮੋਹਨ ਲਾਲ | ਦੀਆ ਰਾਮ | 42 | ਖੱਤਰੀ | |
| ਮੁਲਕ ਰਾਜ | ਜੈ ਹਰਨੰਦ | 23 | ਖੱਤਰੀ | |
| ਮੁੰਨੀ ਲਾਲ | ਕਨੱਯਾ | 40 | ਖੱਤਰੀ | |
| ਮੋਤੀ ਰਾਮ | ਮੇਲਾ ਰਾਮ | 42 | ਖੱਤਰੀ | |
| ਮਨਸਾ ਰਾਮ | ਨਰਸਿੰਘ ਦਾਸ | 25 | ਖੱਤਰੀ | |
| ਮੁਹੰਮੱਦ ਸ਼ਰੀਫ | ਮੁਹੰਮੱਦ ਮਮਜ਼ਾਨ | 12 | ਰਾਜ | |
| ਮੁਹੰਮੱਦ ਰਮਜ਼ਾਨ | ਰਹੀਮ ਬੱਟ | 24 | ਕਸ਼ਮੀਰੀ | |
| ਮੁਹੰਮੱਦ ਇਬਰਾਹੀਮ | ਸਿਕੰਦਰ ਅਲੀ | 24 | ਸ਼ੇਖ | |
| ਮੁਹੰਮੱਦ ਇਸਮਾਈਲ | ਮੀਰਾਂ ਬਖਸ਼ | 35 | ਰਾਜਪੂਤ | |
| ਮੁਹੰਮੱਦ ਸਦੀਕ | ਮੁਰਾਦ ਬਖਸ਼ | 25 | ਸ਼ੇਖ | |
| ਮੁਹੰਮੱਦ ਬਖਸ਼ | – | 36 | ਰਾਜ | |
| ਮੀਰਾਜ਼ ਦੀਨ | ਲੱਧਾ | 20 | ਖਰਾਸੀ | |
| ਮੀਰਾਂ ਬਖਸ਼ | ਨਿੱਕਾ | 30 | ਕਸ਼ਮੀਰੀ | |
| ਮਾਹੀ | ਲੈਹਨਾ | 35 | ਜੱਟ | |
| ਮੁਹੰਮੱਦ ਦੀਨ | – | 20 | ਜ਼ਰਗਰ | |
| ਮਹਿਬੂਬ ਸ਼ਾਹ | ਅਹਿਮੱਦ ਸ਼ਾਹ | 30 | ਸਯਦ | |
| ਮੋਤੀ ਰਾਮ | – | 40 | ਹਿੰਦੂ | |
| ਮੋਹਨ ਲਾਲ | ਸ਼ਿਵ ਦਿਆਲ | 12 | ਹਿੰਦੂ | |
| ਮੋਹਨ ਲਾਲ | ਮਨੀ ਖੱਤਰੀ | 12 | ਖੱਤਰੀ | |
| ਮੋਹਨ ਲਾਲ | ਸ਼ਾਮ ਦਾ | 60 | ਹਿੰਦੂ | |
| ਮੁਰਲੀ ਮੱਲ | ਲੱਖੂ ਮੱਲ | 70 | ਅਰੋੜਾ | |
| ਮੁੰਨੀ ਲਾਲ | ਦੇਵੀ ਦਾਸ | 30 | ਬ੍ਰਾਹਮਨ | |
| ਮੇਹਰ ਚੰਦ | – | – | ਹਿੰਦੂ | |
| ਮਨੀ ਲਾਲ | ਨਰਸਿੰਘ ਦਾਸ | – | ਖੱਤਰੀ | |
| ਮੱਲ ਸਿੰਘ | ਕਾਨ੍ਹ ਸਿੰਘ | – | ਰਾਮਗੜ੍ਹੀਆ | |
| ਮੰਗਲ਼ ਸਿੰਘ | ਇਸ਼ਾਨ ਸਿਘ | – | ਜੱਟ | |
| ਮੰਗਲਾ ਰਾਮ | ਗਿਆਨੀ ਮੱਲ | – | ਹਿੰਦੂ | |
| ਮੋਹਨ ਲਾਲ ਬਰੋਕਰ | – | – | ਹਿੰਦੂ | |
| ਮਰਚੰਡ | ਹੱਤ ਸਹਾਏ | – | ਹਿੰਦੂ | |
| ਮੰਗਲ ਸਿੰਘ | – | – | ਸਾਧ | |
| ਮੰਗਲ ਦਾਸ | ਦਿਆਲੂ | 25 | ਬੈਰਾਗੀ | |
| ਮਾਧੋ | ਰਾਜਾ | 22 | ਨਾਈ | |
| ਮੁਹਮੱਦ ਸ਼ਫੀ | ਰਹੀਮ ਬਖਸ਼ | 19 | ਕਸ਼ਮੀਰੀ | |
| ਮੰਗਲ਼ ਸਿੰਘ | ਕਨੱਯਾ ਮੱਲ | – | ਕਸ਼ਮੀਰੀ | |
| ਮੁਰਲੀ | – | – | – | |
| ਮਿਰਾਜ਼ ਦੀਨ | ਨਬੀ ਬਖਸ਼ | 18 | ਕਸ਼ਮੀਰੀ | |
| ਮਾਨਕ ਚੰਦ | ਅਤਰੋਮੱਲ | – | – | |
| ਮੇਲਾ ਰਾਮ | ਮਥਰਾ ਦਾਸ | – | – | |
| ਮੈਹਰੂ ਮੱਲ | ਰਾਮ ਸਹਾਏ | – | – | |
| ਮੁੱਲਾਂ | ਰਹੀਮ ਬਖਸ਼ | 20 | ਕਸ਼ਮੀਰੀ | |
| ਮੂਲ਼ ਸਿੰਘ | ਮੰਨਾ ਸਿੰਘ | 20 | ਰਾਜ | |
| ਮੇਵਾ ਸਿੰਘ | ਹਾਕਮ ਸਿੰਘ | – | – | |
| ਮਾਧੋ | – | – | ਨਾਈ | |
| ਮੁਲਕ ਰਾਜ | ਨੰਦ ਲਾਲ | – | ਸੁਨਿਆਰ | |
| ਮਾਨੰਨ | ਪੀਰ ਬਖਸ਼ | – | ਸਾਕਾ | |
| ਮੇਹਰ ਚੰਦ | – | – | – | |
| ਮੁਲਤਾਨੀ | ਦੇਵਕੀ ਨੰਦਨ | – | – | |
| ਮੁਖਲ | ਫੂਲ ਬਾਦਸ਼ਾਹ | – | – | |
| ਮੁੰਨੀ ਲਾਲ | ਰਾਮ ਰੱਖਾ ਮੱਲ | 17 | ਖੱਤਰੀ | |
| ਮੇਲਾ | – | – | – | |
| ਮੋਤਾ ਰਾਮ | – | – | ਦਲਾਲ | |
| ਮੋਹਨ ਲਾਲ | ਰਾਮ ਸਿੰਘ | 19 | ਅਰੋੜਾ | |
| ਮੂਸਾ | ਜਮਾਲ ਦੀਨ | 16 | ਮੁਸਲਮਾਨ | |
| ਮੁਰਲੀ ਮੱਲ | ਨੱਥੂ ਮੱਲ | 12 | – | |
| ਮਾਸਟਰਾਨੀ ਬੀਸੋ | – | 50 | ਜੱਟ | |
| ਰਾਮ ਦਾਸ | ਗੰਗਾ ਦਾਸ | 21 | ਕੰਬੋ | |
| ਰਾਮ ਲਭੱਆ | ਛੱਜੂ ਰਾਮ | 17 | ਖੱਤਰੀ | |
| ਰਾਮ ਚੰਦ | ਲੋਚਾ ਰਾਮ | 29 | ਅਰੋੜਾ | |
| ਰਾਮ ਦਾਸ | ਜਮੀਤ ਸਿੰਘ | 28 | ਜ਼ਰਗਰ | |
| ਰਾਮ ਰੱਖਾ | ਗੁੱਜਰ ਮੱਲ | 36 | ਖੱਤਰੀ | |
| ਰੂੜਾ | ਗੰਗਾ ਰਾਮ | 42 | ਖੱਤਰੀ | |
| ਰਾਮ ਗੋਪਾਲ | ਸੇਨ ਦਾਸ | 32 | ਖੱਤਰੀ | |
| ਰਾਮ ਨਾਥ | ਫੱਗੂ ਮੱਲ | | 35 ਖੱਤਰੀ | |
| ਰਹਿਮੱਤ | ਨਵਾਬ ਦੀਨ | 21 | ਸ਼ੇਖ | |
| ਰਾਮ ਲਾਲ | – | 24 | ਰਾਜਪੂਤ | |
| ਰਾਮ ਲਾਲ | – | 25 | ਖੱਤਰੀ | |
| ਰਾਮ ਲਾਲ | ਮੋਤੀ ਰਾਮ | 22 | ਤਰਖਾਣ | |
| ਰਾਮ ਚੰਦ | ਸਰਨ ਦਾਸ | 34 | ਕਾਰਗਰ | |
| ਰਾਮ ਸਿੰਘ | ਜਵਾਹਰ ਸਿੰਘ | 21 | ਰਾਮਗਵੀਆ | |
| ਰਾਣੂ | ਲੱਖੂ | – | ਖੱਤਰੀ | |
| ਰਾਮ ਚੰਦ | – | – | ਹਿੰਦੂ | |
| ਰੱਖਾ ਮੱਲ | – | – | ਹਿੰਦੂ | |
| ਰਾਮਨਾਥ | ਫੱਗੂ ਮੱਲ | – | ਖੱਤਰੀ | |
| ਰੁਕਨ ਦੀਨ | ਇਲਾਹੀ ਬਖਸ਼ | – | ਮੋਚੀ | |
| ਰਾਮ ਸਰਨ | ਕਾਕਾ ਰਾਮ | 28 | ਖੱਤਰੀ | |
| ਰੂੜਾ ਰਾਮ | ਕਾਕਾ ਰਾਮ | 22 | ਖੱਤਰੀ | |
| ਰਾਮ ਗੁਪਾਲ | ਸੇਨ ਦਾਸ | – | ਖੱਤਰੀ | |
| ਰਾਮਜ਼ਾਨ ਭੱਟ | ਰਹੀਮ ਭੱਟ | 40 | ਮੁਸਲਮਾਨ | |
| ਲੱਭੂ ਰਾਮ | ਸੀਤਾ ਰਾਮ | 27 | ਬਾਣੀਆਂ | |
| ਲੱਭੂ ਰਾਮ | ਛੱਜੂ ਮੱਲ | | 14 ਖੱਤਰੀ | |
| ਲੱਭੂ | – | 25 | ਮੁਸਲਮਾਨ | |
| ਲਛਮਣ ਸਿੰਘ | ਦਿਆਲ ਸਿੰਘ | 60 | ਜੱਟ | |
| ਲਛਮਣ ਸਿੰਘ | ਹਰਿਆ ਸਿੰਘ | 28 | ਬ੍ਰਾਹਮਨ | |
| ਲਛਮਣ ਕਰ | – | – | – | |
| ਲਾਲ ਸਿੰਘ | – | 35 | ਕੰਬੋ | |
| ਲਾਲੂ | ਸੀਤਾ | 35 | ਅਰੋੜਾ | |
| ਵਾਸੂ ਮੱਲ | ਨਰਸਿੰਘ ਦਾਸ | 42 | ਖੱਤਰੀ | |
| ਵਾਸੂ ਮੱਲ | ਸਿੱਧੀ ਮੱਲ | 45 | ਖੱਤਰੀ | |
| ਵਾਰਿਸ | ਚਿਰਾਗ ਦੀਨ | 30 | ਅਰੇਨ | |
| ਵੀਰੂ ਮੱਲ | – | – | ਹਿੰਦੂ | |
| ਵੀਰੂ | ਮੀਆ | – | ਜਲਾਹਾ | |
| ਵੂਰੂ | ਨੱਥੂ | – | ਭਰਾਈ | |
| ਵੀਰ ਸਿੰਘ | – | – | ਕੰਬੋ | |
| ਵਾਸੂ ਮੱਲ | ਸੀਤਾ ਰਾਮ | 32 | ਅਰੋੜਾ | |
| ਵਾਰਿਸ | ਅਲਾਹੀ ਕਾਸੀ | 40 | ਮੁਸਲਮਾਨ | |
| ਵੈਸ਼ਨੋ ਦਾਸ | ਦਮੋਦਰ ਦਾਸ | 55 | ਖੱਤਰੀ | |
| ਵੈਸ਼ਨੋ ਦਾਸ | ਚੂਨੀ ਲਾਲ | 30 | ਬ੍ਰਾਹਮਨ | |
| ਵੈਸ਼ਨੋ ਦਾਸ | ਮੋਹਰਾਜ ਮੱਲ | – | ਘੁਮਾਰ | |

**ਹਵਾਲੇ:**


A. Stanley Wolpert, 1970. Massaqcre at Jallianwala Bagh. Penguin Books Ltd. New Delhi.

B. Nigel Collett. 2006). The Butcher of Amritsar: General Reginald Dyer. A&C Black, London.

3. Datta, Vishwa Nath. 1969. Jallianwala Bagh. Lyall Book Depot.

D. Amritsar: Minutes of Evidence taken before the Hunter Committee, Vol 3, Part 1). 1920. Parliamentary Archives, DAV/123.

5. www.jallianwalabagh.ca/pages.


(ਚਲਦਾ)

## ਪਰਵਾਸੀ ਪੰਜਾਬੀਆਂ ਦਾ ਮੋਹ ਭੰਗ

ਆਪਣੇ ਪੈਰ ਨਹੀਂ ਜਮਾ ਸਕੀ। ਕਾਂਗਰਸੀ ਨੇਤਾਵਾਂ ਖਾਸ ਕਰਕੇ ਪੰਜਾਬੀ ਕਾਂਗਰਸੀ ਨੇਤਾਵਾਂ ਨੂੰ ਵੀ ਲਗਭਗ ਇਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪਿਆ, ਜਿਸ ਦੇ ਉੱਚ ਨੇਤਾ ਸਮੇਤ ਮੁੱਖ ਮੰਤਰੀ ਅਮਰਿੰਦਰ ਸਿੰਘ ਪਰਵਾਸੀ ਪੰਜਾਬੀਆਂ ਦੇ ਕੋਲ ਨਾ ਪੁੱਜ ਸਕੇ ਅਤੇ ਨਾ ਹੀ ਉਹਨਾਂ ਦੀ ਹਮਾਇਤ ਪ੍ਰਾਪਤ ਕਰ ਸਕੇ। ਅਕਾਲੀ ਅਤੇ ਕਾਂਗਰਸ ਦੇ ਪੰਜਾਬੀ ਆਗੂਆਂ ਨਾਲੋਂ ਆਮ ਆਦਮੀ ਪਾਰਟੀ ਦੇ ਆਗੂ ਵਿਦੇਸ਼ਾਂ ਵਿੱਚ ਵਧੇਰੇ ਸਰਗਰਮ ਹਨ। ਭਾਵੇਂ ਕਿ ਉਹਨਾਂ ਵਿੱਚੋਂ ਟੁੱਟਕੇ ਬਹੁਤ ਲੋਕ ਸੁਖਪਾਲ ਸਿੰਘ ਖਹਿਰਾ ਅਤੇ ਬੈਂਸ ਭਰਾਵਾਂ ਦੀਆਂ ਪਾਰਟੀਆਂ ਨਾਲ ਜਾ ਜੁੜੇ ਹਨ। ਖੱਖੜੀ ਖੱਖੜੀ ਹੋਈਆਂ ਇਹਨਾਂ ਧਿਰਾਂ ਨਾਲ ਵੀ ਪਰਵਾਸੀ ਪੰਜਾਬੀਆਂ ਦਾ ਹੁਣ ਬਹੁਤਾ ਤੇਹ-ਪਿਆਰ ਵੇਖਣ ਨੂੰ ਨਹੀਂ ਮਿਲ ਰਿਹਾ। ਕਦੇ ਕੇਜਰੀਵਾਲ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ ਜਿਹੇ ਨੇਤਾਵਾਂ ਨੂੰ ਪਰਵਾਸੀ ਹੱਥੀਂ ਛਾਵਾਂ ਕਰਦੇ ਸਨ, ਉਹਨਾਂ ਦੇ ਇੱਕ ਇਸ਼ਾਰੇ ਉੱਤੇ ਮਰ ਮਿਟਣ ਤੱਕ ਜਾਂਦੇ ਸਨ। ਹਜ਼ਾਰਾਂ, ਲੱਖਾਂ ਡਾਲਰ ਉਹਨਾਂ ਆਮ ਆਦਮੀ ਪਰਟੀ ਲਈ ਕੁਰਬਾਨ ਕਰ ਦਿੱਤੇ ਪਰ ਅੰਤ ਵਿੱਚ ਉਹਨਾਂ ਪੱਲੇ ਨਿਰਾਸ਼ਤਾ ਪਈ। ਇਹੀ ਨਿਰਾਸ਼ਤਾ 2019 ਲੋਕ ਸਭਾ ਚੋਣਾਂ ਵਿੱਚ ਸਰਗਰਮੀ ਨਾਲ ਭਾਗ ਨਾ ਲੈਣ ਦਾ ਕਾਰਨ ਬਣੀ ਹੋਈ ਹੈ। ਹੁਣ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਤੋਂ ਵੀ ਕੁਝ ਪਰਵਾਸੀਆਂ ਨੂੰ ਆਸਾਂ ਸਨ ਕਿ ਇਹ ਸਰਕਾਰ ਉਹਨਾਂ ਦੀ ਜ਼ਮੀਨ ਜਾਇਦਾਦ ਦੀ ਰਾਖੀ ਲਈ ਵਿਸ਼ੇਸ਼ ਉਪਰਾਲੇ ਕਰੇਗੀ। ਉਹਨਾਂ ਨੂੰ ਬਣਦਾ ਸਰਦਾ ਸਤਿਕਾਰ ਦੇਵੇਗੀ ਪਰ ਕਾਂਗਰਸੀ ਸਰਕਾਰ ਵਲੋਂ ਪ੍ਰਵਾਸੀਆਂ ਦੀ ਐੱਨ.ਆਰ.ਆਈ. ਸਭਾ ਜਲੰਧਰ ਦੀ ਚੋਣ ਕਰਾਉਣ ਦਾ ਉਪਰਾਲਾ ਤਕ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਪਰਵਾਸੀ ਸੰਮੇਲਨ, ਜੋ ਹਰ ਵਰ੍ਹੇ ਕਰਾਏ ਜਾਂਦੇ ਸਨ ਅਤੇ ਜਿਸ ਦੀ ਸ਼ੁਰੂਆਤ ਕਾਂਗਰਸ ਰਾਜ ਵੇਲੇ ਕੀਤੀ ਗਈ ਸੀ, ਕਰਾਉਣ ਦਾ ਉੱਦਮ ਕੀਤਾ ਜਾ ਰਿਹਾ ਹੈ। ਜਿਹੜੇ ਕਾਨੂੰਨ ਪੰਜਾਬੀ ਪਰਵਾਸੀਆਂ ਲਈ ਬਣੇ ਹੋਏ ਹਨ, ਉਹ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੇ। ਸਿੱਟੇ ਵਜੋਂ ਪਰਵਾਸੀ ਪੰਜਾਬੀਆਂ ਦੀ ਸਿਆਸੀ ਲੋਕਾਂ, ਸਿਆਸੀ ਪਾਰਟੀਆਂ ਅਤੇ ਇੱਥੋਂ ਦੇ ਪ੍ਰਸ਼ਾਸਨਿਕ ਪ੍ਰਬੰਧ ਪ੍ਰਤੀ ਉਦਾਸੀਨਤਾ ਦਾ ਵਧਣਾ ਸੁਭਾਵਕ ਹੈ।

2019 ਦੀਆਂ ਲੋਕ ਸਭਾ ਚੋਣਾਂ ਵਿੱਚ ਧਰਮਾਂ, ਵਰਗਾਂ, ਜਾਤਾਂ, ਫਿਰਕਿਆਂ ਅਤੇ ਘੱਟ ਗਿਣਤੀ ਧੜਿਆਂ ਵਿੱਚ ਵੰਡ ਸਾਫ਼ ਦਿਖਾਈ ਦਿੰਦੀ ਹੈ। ਆਰਥਿਕ ਅਪਰਾਧੀ ਅਤੇ ਅਮੀਰ ਵੱਧ ਚੜ੍ਹਕੇ ਚੋਣਾਂ ਲੜ ਰਹੇ ਹਨ। ਕਾਲੇ ਧਨ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ। ਭ੍ਰਿਸ਼ਟ ਆਗੂਆਂ ਅਤੇ ਅਧਿਕਾਰੀਆਂ ਵਲੋਂ ਗੈਰ-ਸੰਵਿਧਾਨਿਕ ਅਤੇ ਗੈਰ-ਕਾਨੂੰਨੀ ਛੋਟਾਂ ਅਤੇ ਆਰਥਿਕ ਸਹੂਲਤਾਂ ਕਾਰਨ ਭਾਰਤ ਕਈ ਪੱਖਾਂ ਬਿਮਾਰ ਲੋਕ ਰਾਜ ਦਾ ਨਮੂਨਾ, ਝਲਕਾਰਾ ਅਤੇ ਪ੍ਰਭਾਵ ਦੇਣ ਲੱਗ ਪਿਆ ਹੈ। ਇਸੇ ਕਰਕੇ ਪਰਵਾਸੀ ਭਾਰਤੀ ਆਪਣੇ ਪਿਆਰੇ ਦੇਸ਼ ਵਿੱਚ ਕੁਝ ਸੁਧਾਰ ਲਈ ਤਤਪਰ ਦਿਸਦੇ ਸਨ। ਲਗਭਗ ਡੇਢ ਸੌ ਸਾਲਾਂ ਤੋਂ ਭਾਰਤ ਤੋਂ ਬਾਹਰ ਵਸਦੇ ਅਤੇ ਵਿਚਰਦੇ ਪਰਵਾਸੀ ਅਤੇ ਵਿਦੇਸ਼ੀ ਭਾਰਤੀਆਂ ਦਾ ਇੱਕ ਵਿਸ਼ੇਸ਼ ਵਰਗ ਹੈ, ਜਿਸ ਵਿੱਚ ਵਧੇਰੇ ਮਿਹਨਤਕਸ਼ ਅਤੇ ਕਾਬਲ ਪੰਜਾਬੀਆਂ ਅਤੇ ਧੁਰ-ਪੂਰਬ ਤੇ ਅਫ਼ਰੀਕਾ ਮਹਾਂਦੀਪ ਵਿੱਚ ਵਸਦੇ ਅਤੇ ਵਪਾਰ ਕਰਦੇ ਗੁਜਰਾਤੀਆਂ ਦਾ ਹੈ, ਜੋ ਇਸ ਵੇਲੇ ਉੱਤਰੀ ਅਮਰੀਕਾ, ਯੂਰਪ, ਅਫ਼ਰੀਕਾ ਅਤੇ ਅਸਟਰੇਲੀਆ ਮਹਾਂਦੀਪਾਂ ਦੇ 49 ਦੇਸ਼ਾਂ ਵਿੱਚ ਘੁੱਗ ਵਸਦੇ ਅਤੇ 160 ਦੇਸ਼ਾਂ ਵਿੱਚ ਡੰਗ ਟਪਾਊ ਅਤੇ ਅਸਥਾਈ ਰੁਜ਼ਗਾਰ ਤੇ ਵਪਾਰ ਪੱਖੋਂ ਵਿਚਰਦੇ ਹਨ ਅਤੇ ਜਿਹੜੇ ਆਪਣੀਆਂ ਜੜ੍ਹਾਂ ਅਤੇ ਪਿਤਾ-ਪੁਰਖਾਂ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਧਾਰਮਿਕ ਅਸਥਾਨਾਂ ਨਾਲ ਜੁੜੇ ਹੋਏ ਹਨ। ਪਰਵਾਸੀ ਪੰਜਾਬੀਆਂ ਨੇ ਪੰਜਾਬ ਦੇ ਵਿਕਾਸ ਵਿੱਚ ਹਿੱਸਾ ਪਾਉਣ ਦਾ ਯਤਨ ਕੀਤਾ। ਧਰਮ ਅਸਥਾਨ, ਹਸਪਤਾਲ, ਸੀਵਰੇਜ, ਸਟੇਡੀਅਮ ਆਦਿ ਦੀ ਉਸਾਰੀ ਕਰਾਈ। ਟੂਰਨਾਮੈਂਟ ਕਰਵਾਏ, ਖੇਡਾਂ ਨੂੰ ਉਤਸ਼ਾਹਿਤ ਕੀਤਾ ਪਰ ਉਹਨਾਂ ਦੀ ਵਿਸ਼ੇਸ਼ ਤਾਂਘ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਹੈ। ਉਹ ਆਪਣੇ ਪਿੰਡਾਂ ਸ਼ਹਿਰਾਂ ਵਿੱਚ ਉਸੇ ਕਿਸਮ ਦੀਆਂ ਸਹੂਲਤਾਂ, ਨਾਗਰਿਕ ਹੱਕ ਦਿਵਾਉਣ ਦੇ ਚਾਹਵਾਨ ਹਨ, ਜਿਹਨਾਂ ਨੂੰ ਉਹ ਆਪ ਹੰਢਾ ਰਹੇ ਹਨ। ਇਸੇ ਕਰਕੇ ਉਹ ਆਪਣੇ ਦੇਸ਼ ਵਿੱਚ ਸੁਚੱਜੀ ਸਰਕਾਰ ਦੇ ਚਾਹਵਾਨ ਰਹੇ ਹਨ। ਪਰ ਕੁਰਸੀਆਂ ਹਥਿਆਉਣ ਲਈ ਹਰ ਹੀਲਾ ਵਰਤਣ ਵਾਲੇ ਨੇਤਾਵਾਂ ਨੇ ਪਿਛਲੇ ਸਮੇਂ ਵਿੱਚ ਪਰਵਾਸੀਆਂ ਦੇ ਸੁਫਨੇ ਚੂਰ-ਚੂਰ ਕੀਤੇ ਹਨ। ਸ਼ਾਇਦ ਇਸੇ ਕਰਕੇ ਪਰਵਾਸੀ ਖਾਸ ਕਰਕੇ ਕੈਨੇਡਾ, ਅਮਰੀਕਾ ਵਸਦੇ ਪਰਵਾਸੀ ਪੰਜਾਬੀ ਗੰਧਲੀ ਭਾਰਤੀ ਸਿਆਸਤ ਤੋਂ ਮੂੰਹ ਫੇਰ ਬੈਠੇ ਹਨ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਦਿਖਾ ਰਹੇ, ਜਿਵੇਂ ਕਹਿ ਰਹੇ ਹੋਣ ; "ਬਾਅਜ਼ ਆਏ ਐਸੀ ਮੁਹੱਬਤ ਸੇ, ਉਠਾ ਲੇਂ ਪਾਨਦਾਨ ਅਪਨਾ।"


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance · FIDELITY National Insurance Company · CSE · MERCURY INSURANCE GROUP · FINANCIAL PACIFIC · Safeco Insurance · CNA · MetLife · Kemper · Philadelphia Insurance Companies · FOREMOST INSURANCE GROUP · The Hartford · CommerceWest Insurance · Midwest Insurance Agency · Kansas City Life · PROGRESSIVE · GeoVera Insurance · TRAVELERS · GMAC Insurance · TheZenith Workers' Compensation Specialists · PersonalUmbrella.com · ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM